# ਸਮਤਾ

ਅਪ੍ਰੈਲ 1982 (ਅੰਕ 23)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਸਮਤਾ

ਅਪਰੈਲ 1982

ਮੁਲ ਡੇਢ ਰੁਪਿਆ

23


ਇਸ ਅੰਕ ਵਿਚ


- **ਭਾਰਤੀ ਸਮਾਜ ਲਈ ਲੂਸ਼ੁਨ ਦੇ ਸਾਹਿਤ ਦਾ ਮਹੱਤਵ**—ਚਮਨ ਲਾਲ

  ਅਜ ਜਦੋਂ ਲੋਕ ਪੱਖੀ ਸਾਹਿਤ ਦੇ ਗੁਣਾ ਬਾਰੇ ਸਾਹਿਤਕ ਹਲਕਿਆਂ ਵਿਚ ਇਕ ਵਾਦਵਿਵਾਦ ਚਲ ਰਿਹਾ ਹੈ ਤੇ ਭਾਰਤੀ ਸਮਾਜ ਦੇ ਸੰਦਰਭ ਵਿਚ ਲੂਸ਼ੁਨ ਦੀਆਂ ਲਿਖਤਾਂ ਦੀ ਇਸ ਲੇਖ ਵਿਚ ਦਿਤੀ ਵਿਆਖਿਆ ਬਹੁਤ ਸਾਰੀਆਂ ਗੁੰਝਲਾਂ ਨੂੰ ਖੋਲ੍ਹਦੀ ਹੈ। ਲੂਸ਼ੁਨ ਦੇ ਵਿਚਾਰ ਸਾਡੇ ਲਈ ਚਾਨਣ ਮੁਨਾਰੇ ਦਾ ਕੰਮ ਦੇ ਸਕਦੇ ਹਨ.

- **...ਪਰ ਤੁਸੀਂ ਹਾਲੇ ਚੁੱਪ ਹੋ**—ਮ. ਸ਼ੁਲਿਮਸਨ ਦੀ ਅੰਗਰੇਜ਼ੀ ਵਿਚੋਂ ਲਈ ਸੰਸਾਰ ਪ੍ਰਸਿਧ ਕਹਾਣੀ ਇਨਕਲਾਬੀ ਲੇਖਣੀ ਦੀ ਇਕ ਵਿਸ਼ੇਸ਼ ਸ਼ੈਲੀ ਨੂੰ ਰੂਪਮਾਨ ਕਰਦੀ ਹੈ.

- ਦੋ ਹੋਰ ਕਹਾਣੀਆਂ **ਅੰਨ੍ਹੀ ਗੁਫਾ**—ਕੁਲਦੀਪ ਖਿਆਲਾ ਅਤੇ
  **ਦੂਜਾ ਬੰਦਾ**—ਗੁਰਨਾਮ ਸਿੰਘ

- **ਟੈਕਨੀਕਲ ਵਿਦਿਆ ਕਿਸਦੀ ਸੇਵਾ ਵਿਚ**—

  ਪ੍ਰੋ. ਭਾਰਦਵਾਜ ਦਾ ਜਾਣਕਾਰੀ ਭਰਪੂਰ ਲੇਖ.

- ਸੰਪਾਦਕੀ : **ਲੋਕ ਸਭਿਆਚਾਰ**

  **ਗੁਰਬਾਣੀ ਦਾ ਮਾਰਕਸਵਾਦੀ ਚਿੰਤਣ**

  **ਸ਼ਬਦਾਂ ਨਾਲ ਅਨਅਰਥ—ਇਕ ਸਪਸ਼ਟੀਕਰਨ.**

  **ਗਰੁਪ ਪਾਲਿਟਿਕਸ ਅਤੇ ਪਾਰਟੀ ਪਾਲੀਟਿਕਸ.**

- ਪਾਠਕ ਲੇਖਕ ਫੋਰਮ :

  **ਵਿਦਿਆ ਸਿੱਸਟਮ ਬਾਰੇ**

  **ਕਮਿਊਨਿਸਟ ਪਾਰਟੀਆਂ ਦਾ ਵਰਤਾਰਾ**

  **ਸਮਤਾ ਦੇ ਮੈਟਰ ਬਾਰੇ**

- ਕਵਿਤਾਵਾਂ : ਹਰਜਿੰਦਰਮੀਤ, ਸ਼ਿਆਮ ਸੁੰਦਰ ਦਿਪਤੀ, ਸੁਖਪਾਲ ਸਿੰਘ, ਦੀਦਾਰ ਸ਼ੇਤਰਾ, ਭੂਪਿੰਦਰੇ, ਇੰਦਰ ਸਿੰਘ ਮਾਨ.


ਕਾਫਲਾ ਤੁਰਦਾ ਹੈ

ਅਬ ਤੁਮ ਸੇ ਰੁਖਸਤ ਹੋਤਾ ਹੂੰ
ਆਓ ਸੰਭਾਲੋ ਸਾਜ਼ਿ ਗ਼ਜ਼ਲ
ਨਏ ਤਰਾਨੇਂ ਛੇੜੋ
ਮੇਰੇ ਨਗ਼ਮੋਂ ਕੋ ਨੀਂਦ ਆਤੀ ਹੈ।

(ਫ਼ਰਾਖ ਗੋਰਖਪੁਰੀ—ਮੌਤ ਤੋਂ ਪਹਿਲਾਂ)

ਸੰਪਾਦਕੀ

## 1. ਲੋਕ ਸਭਿਆਚਾਰ

ਸਾਡੀਆਂ ਲੋਕ ਨਾਟਕ ਮੰਡਲੀਆਂ ਕੁਝ ਸਾਲਾਂ ਤੋਂ ਆਪਣੇ ਆਪਣੇ ਇਲਾਕਿਆਂ ਵਿਚ ਅਤੇ ਸਮੁੱਚੇ ਪੰਜਾਬ ਵਿਚ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਹਾਕਮ ਜਮਾਤਾਂ ਵਲੋਂ ਜਾਂ ਇਹ ਕਹਿ ਲਵੋ ਰੱਜੇ ਪੁੱਜੇ ਲੋਕਾਂ ਵਲੋਂ ਸਭਿਆਚਾਰ ਵਿਚ ਜੋ ਲੁੱਚਪੁਣਾ ਜਾਂ ਲੱਚਰਪੁਣਾ ਲਿਆਇਆ ਜਾ ਰਿਹਾ ਹੈ, ਜੰਤਕ ਜਥੇਬੰਦੀਆਂ ਦੀ ਪਹਿਲ ਕੱਦਮੀ ਕਾਰਨ ਅਤੇ ਲੋਕ ਨਾਟਕ ਮੰਡਲੀਆਂ ਦਾ ਇਸ ਵਿਚ ਪੂਰਾ ਸਹਿਯੋਗ ਹੋਣ ਕਾਰਨ ਇਸ ਲਚਰਪੁਣੇ ਨੂੰ ਕੁਝ ਹੱਦ ਤਕ ਰੋਕਣ ਵਿਚ ਸਫਲਤਾ ਮਿਲੀ ਹੈ। ਪਰ ਫੌਰ ਇਹ ਵੀ ਮਹਿਸੂਸ ਕੀਤਾ ਗਿਆ ਕਿ ਜੇਕਰ ਅਸੀਂ ਆਪਣੇ ਸਾਧਾਰਨ ਲੋਕਾਂ ਨੂੰ ਇਸ ਸਭਿਆਚਾਰ ਤੋਂ ਬਚਾਣਾ ਹੈ ਤਾਂ ਸਾਨੂੰ ਆਪਣੇ ਲੋਕਾਂ ਨੂੰ ਬਦਲੇ ਵਿਚ ਸਿਹਤਮੰਦ ਸਭਿਆਚਾਰ ਦੇਣਾ ਬਹੁਤ ਜ਼ਰੂਰੀ ਹੈ। ਇਸ ਮੰਤਵ ਨੂੰ ਮੁੱਖ ਰਖਦੇ ਹੋਏ 14 ਮਾਰਚ ਨੂੰ ਨਸਰਾਲੀ ਜ਼ਿਲਾ ਲੁਧਿਆਣਾ ਵਿਚ ਪੰਜਾਬ ਪੱਧਰ ਤੇ ਇਕ ਸਭਿਆਚਾਰਕ ਮੇਲਾ ਕੀਤਾ ਗਿਆ। ਇਸ ਮੇਲੇ ਦੇ ਪ੍ਰਬੰਧ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਨਾਟਕ ਕਲਾ ਕੇਂਦਰ ਲੁਧਿਆਣਾ ਨੇ ਨਿਭਾਈ ਅਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਇਸਨੂੰ ਸਹਿਯੋਗ ਦਿਤਾ। ਇਹ ਸਭਿਆਚਾਰਕ ਮੇਲੇ ਵਿਚ ਪੰਜਾਬ ਭਰ ਦੀਆਂ ਲੋਕ ਨਾਟਕ ਮੰਡਲੀਆਂ ਅਤੇ ਉਹਨਾਂ ਦੇ ਕਲਾਕਾਰਾਂ ਨੇ ਭਾਰੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਸੁਖਪਾਲ ਵਲੋਂ ਲੋਕ ਸਭਿਆਚਾਰ ਦੇ ਦਰਪੇਸ਼ ਮਸਲਿਆਂ ਉਤੇ ਇਕ ਸੰਖੇਪ ਪਰਚਾ ਪੜ੍ਹਿਆ ਗਿਆ। ਭਰਪੂਰ ਬਹਿਸ ਬਾਅਦ ਪਰਚੇ ਵਿਚ ਉਲੀਕੇ ਹੋਏ ਫੌਰੀ ਕੰਮਾਂ ਬਾਰੇ ਸਾਰਿਆਂ ਨੇ ਸਹਿਮਤੀ ਪ੍ਰਗਟਾਈ ਅਤੇ ਇਹ ਫੈਸਲਾ ਹੋਇਆ ਕਿ ਇਕ ਤਿਆਰੀ ਕਮੇਟੀ ਬਣਾਈ ਜਾਏ, ਜੋ ਇਕ ਐਸੀ ਸੰਸਥਾ ਦੀ ਰੂਪ-ਰੇਖਾ ਬਣਾਏ ਜੋ ਜਥੇਬੰਦਕ ਤਰੀਕੇ ਨਾਲ ਲੋਕ ਸਭਿਆਚਾਰ ਦਾ ਸਿਹਤਮੰਦ ਤਰੀਕੇ ਨਾਲ ਵਿਕਾਸ ਕਰੇ ਅਤੇ ਇਸਨੂੰ ਸਹੀ ਸ਼ਬਦਾਂ ਵਿਚ ਲੋਕ ਪੱਖੀ ਭੂਮਿਕਾ ਨਿਭਾਉਣ ਲਈ ਸਾਧਨ ਮੁਹੀਯਾ ਕਰੇ। ਲੋਕ ਪੱਖੀ ਕਲਾ ਦੇ ਵਿਸ਼ੇ ਜਿਥੇ ਉਚੇ ਹੋਣ ਅਤੇ ਲੋਕਾਂ ਨੂੰ ਭੈੜੇ ਨਿਜ਼ਾਮ ਨੂੰ ਬਦਲਣ ਲਈ ਹਲੂਣਾ ਦੇਣ, ਉਥੇ ਉਹਨਾਂ ਦਾ ਕਲਾ ਪੱਧਰ ਵੀ ਏਨਾਂ ਉੱਚਾ ਹੋਵੇ ਕਿ ਬੁਰਜੂਆ ਕਲਾ ਨੂੰ ਮਾਤ ਪਾਵੇ। ਇਹ ਮਹਿਸੂਸ ਕੀਤਾ ਗਿਆ ਕਿ ਤੂੰਬੀ ਵਾਲੇ ਗ਼ਲਤ ਗੀਤਾਂ ਨੂੰ ਨਿਖੇਧਦੇ ਨਿਖੇਧਦੇ ਅਸੀਂ ਤੂੰਬੀ ਅਤੇ ਹੋਰ ਲੋਕ ਸਾਜ਼ਾਂ ਦੀ ਵਰਤੋਂ ਵੀ ਆਪਣੇ ਲੋਕ ਪੱਖੀ ਪ੍ਰੋਗਰਾਮਾਂ ਵਿਚ ਬੰਦ ਕਰ ਦਿੱਤੀ ਜੋ ਇਕ ਵਡੀ ਗਲਤੀ ਹੈ, ਇਸਨੇ ਸਾਡੇ ਪ੍ਰੋਗਰਾਮਾਂ ਨੂੰ ਕਈ ਵਾਰ ਲੋਕਾਂ ਵਿਚ ਹਰਮਨ ਪਿਆਰਾ ਹੋਣ ਦੀ ਰੁਕਾਵਟ ਪਾਈ ਹੈ। ਤੂੰਬੀ ਤੇ ਗਾਉਣ ਲਈ ਲੋਕ ਪੱਖੀ ਗੀਤ ਲਿਖੇ ਜਾਣ। ਇਸੇ ਤਰ੍ਹਾਂ ਕੱਲੀਆਂ ਵਿਚ ਉਹ ਗੀਤ ਗਾਏ ਜਾਣ ਜਿਹੜੇ ਸਾਡੀ ਰੋਜ਼ ਦੀ ਜ਼ਿੰਦਗੀ ਦੇ ਸੰਘਰਸ਼ ਨੂੰ ਪੇਸ਼ ਕਰਨ। ਚੰਗੇ ਗੀਤਾਂ ਦੇ ਟੇਪ ਤਿਆਰ ਕਰਵਾ ਕੇ ਮਾਰਕਿਟ ਵਿਚ ਲਿਆਂਦੇ ਜਾਣ। ਚੰਗੇ ਨਾਟਕ ਤਿਆਰ ਕਰਨ ਲਈ ਇਕ ਥਾਂ ਤੇ ਚੰਗੇ ਨਿਰਦੇਸ਼ਕ ਬਾਹਰੋਂ ਵੀ ਬੁਲਵਾ ਕੇ ਥੀਏਟਰ ਵਰਕਸ਼ਾਪਾਂ ਲਾਈਆਂ ਜਾਣ। ਮੇਲੇ ਵਿਚ ਹੀ 21 ਮੈਂਬਰਾਂ ਦੀ ਇਕ

---

**ਇਕ ਸੂਚਨਾ**

### ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਵਲੋਂ 3-4 ਅਪਰੈਲ ਨੂੰ ਅੰਮ੍ਰਿਤਸਰ ਵਿਖੇ ਲੋਕ ਸਾਹਿਤ ਦੀ ਸਿਰਜਣਾ' ਬਾਰੇ

ਇਕ ਗੋਸ਼ਟੀ ਹੋ ਰਹੀ ਹੈ। ਜਿਸ ਵਿਚ ਸੂਬਾ ਜਥੇਬੰਦਕ ਕਮੇਟੀ ਵਲੋਂ ਤਿਆਰ ਕੀਤਾ ਗਿਆ ਪਰਚਾ ਪੜ੍ਹਿਆ ਜਾਏਗਾ। ਇਹ ਪਰਚਾ 'ਪਰਚੰਡ' ਦੇ ਮਾਰਚ 1982 ਅੰਕ ਵਿਚ ਛੱਪਿਆ ਹੈ। ਪਰਚੇ ਵਿਚ ਉਠਾਏ ਗਏ ਲੋਕ ਸਾਹਿਤ ਸੰਬੰਧੀ ਜਮਾਤੀ ਦ੍ਰਿਸ਼ਟੀਕੋਣ, ਲੋਕ ਸਾਹਿਤ ਦੀ ਸੋਧ ਤੇ 'ਲੋਕ ਸਾਹਿਤ ਦੇ ਸੋਮੇ' ਆਦਿਕ ਵਿਸ਼ਿਆ ਉਤੇ ਗੋਸ਼ਟੀ ਵਿਚ ਵਿਚਾਰ ਵਟਾਂਦਰਾ ਕੀਤਾ ਜਾਏਗਾ। ਇਹ ਗੋਸ਼ਟੀ **ਵਾਰਿਸ ਪਬਲਿਕ ਸਕੂਲ** (ਨਜ਼ਦੀਕ ਸ਼ਿੰਗਾਵਾਲੀ ਬਿਲਡਿੰਗ—ਪੁਤਲੀ ਘਰ ਅਤੇ ਖਾਲਸਾ ਕਾਲਜ ਦੇ ਦਰਮਿਆਨ) ਵਿਚ ਹੋ ਰਹੀ ਹੈ।

**ਪਰੋਗਰਾਮ** : 3 ਅਪ੍ਰੈਲ 8 ਵਜੇ ਰਾਤ—ਬਾਹਰੋਂ ਆਏ ਸਾਹਿਤਕਾਰਾਂ ਦਾ ਸਵਾਗਤ ਅਤੇ ਰਾਤ ਦਾ ਖਾਣਾ।

**ਗੋਸ਼ਟੀ ਪਹਿਲਾ ਸੈਸ਼ਨ** : 3 ਅਪ੍ਰੈਲ ਰਾਤ 9 ਵਜੇ ਤੋਂ 2 ਵਜੇ ਤਕ।

**ਗੋਸ਼ਟੀ ਦੂਜੇ ਸੈਸ਼ਨ** : 4 ਅਪ੍ਰੈਲ ਸਵੇਰੇ 9 ਵਜੇ ਤੋਂ 1 ਵਜੇ ਦੁਪਹਿਰ ਤਕ।

ਸਾਰੇ ਸਾਹਿਤਕਾਰਾਂ ਨੂੰ ਖੁਲ੍ਹਾ ਸੱਦਾ ਹੈ।

ਬਾਰੂ ਸਤਵਰਗ
ਸਕੱਤ੍ਰ ਸੂਬਾ ਜਥੇਬੰਦਕ ਕਮੇਟੀ

ਨੋਟ : ਵਾਰਿਸ ਪਬਲਿਕ ਸਕੂਲ, ਗੁਰਸ਼ਰਨ ਸਿੰਘ ਨਾਟਕਕਾਰ ਦੇ ਘਰ ਦੇ ਨਾਲ ਹੈ।

ਤਿਆਰੀ ਕਮੇਟੀ ਬਣਾਈ ਗਈ, ਜਿਸ ਵਿਚ ਸਾਰੀਆਂ ਲੋਕ ਮੰਡਲੀਆਂ ਦੇ ਨੁਮਾਇੰਦੇ ਵੀ ਲਏ ਗਏ ਅਤੇ ਹੋਰ ਵੀ ਸਾਹਿਤਕਾਰ ਅਤੇ ਕਲਾ ਪਾਰਖੂ ਸ਼ਾਮਿਲ ਕੀਤੇ ਗਏ। ਮੇਲੇ ਦੇ ਰਾਤ ਦੇ ਸਭਿਆਚਾਰਕ ਪ੍ਰੋਗਰਾਮ ਵਿਚ ਪੰਜ ਨਾਟਕ ਕੀਤੇ ਗਏ ਅਤੇ ਸੂਕੇਡ ਗੀਤ ਗਾਏ ਗਏ। ਪੰਜਾਬ ਨਾਟਕ ਕਲਾ ਕੇਂਦਰ ਵਲੋਂ 'ਮੀਲ ਪੱਥਰ' ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ 'ਟੋਆ' ਮਾਲਵਾ ਨਾਟਕ ਕਲਾ ਕੇਂਦਰ ਵਲੋਂ 'ਪੁਲਸ ਪੰਦਰਵਾੜਾ', ਲਹਿਰਾਗਾਗਾ ਵਲੋਂ 'ਪਗੜੀ ਸੰਭਾਲ ਜੱਟਾ' ਅਤੇ ਪਟਿਆਲਾ ਵਲੋਂ 'ਇਨਕਲਾਬ ਜ਼ਿੰਦਾਬਾਦ' ਕੀਤਾ ਗਿਆ। ਮਾਲਵਾ ਨਾਟਕ ਕਲਾ ਕੇਂਦਰ ਵਲੋਂ ਪੇਸ਼ ਕੀਤਾ ਗਿਆ ਸੂਕੇਡ ਗੀਤ 'ਸ਼ਹੀਦੋ ਤੁਹਾਨੂੰ ਲਾਲ ਸਲਾਮ' ਅਤੇ ਲੁਧਿਆਣਾ ਵਲੋਂ 'ਦਿਲੀ ਸਰਕਾਰ ਨੂੰ ਚਣੌਤੀ' ਵਾਲਾ ਸੂਕੇਡ ਗੀਤ ਵੀ ਗਾਏ ਗਏ। ਸਾਡੇ ਲੋਕ ਹੁਣ ਚੰਗੇ ਸੁਭਿਆਚਾਰ ਨੂੰ ਕਿਸ ਤਰ੍ਹਾਂ ਅਪਣਾਂਦੇ ਹਨ, ਇਹਦਾ ਸਬੂਤ ਇਸ ਗੱਲ ਨਾਲ ਮਿਲਦਾ ਹੈ ਕਿ 7000 ਦੇ ਕਰੀਬ ਦਰਸ਼ਕਾਂ ਨੇ ਜਿਨਾਂ ਵਿਚ ਗੋਦੀ ਵਿਚ ਨਿਕੇ ਬੱਚੇ ਲਈ ਔਰਤਾਂ ਵੀ ਸ਼ਾਮਿਲ ਸਨ, ਸਖਤ ਸਰਦੀ ਹੁੰਦਿਆਂ ਵੀ ਰਾਤ ਦੋ ਵਜੇ ਤਕ ਸਾਰੇ ਪ੍ਰੋਗ੍ਰਾਮ ਨੂੰ ਬੜੇ ਧਿਆਨ ਨਾਲ ਵੇਖਿਆ ਅਤੇ ਭਰਪੂਰ ਹੁੰਗਾਰਾ ਦਿਤਾ।

ਇਸ ਮੇਲੇ ਨੇ ਇਹ ਸਥਾਪਤ ਕਰ ਦਿਤਾ ਹੈ ਕਿ ਪੰਜਾਬ ਵਿਚ ਨਾਟਕ ਹੁਣ ਪਿੰਡਾਂ ਵਿਚ ਪੂਰੀ ਤਰ੍ਹਾਂ ਪਹੁੰਚ ਗਿਆ ਹੈ। ਇਸਦਾ ਪ੍ਰਮਾਣ ਇਸ ਤੋਂ ਪਹਿਲਾਂ 28 ਫਰਵਰੀ, ਲਿਖਾਰੀ ਸਭਾ ਜਗਤਪੁਰ ਵਲੋਂ ਵਿਰਕ ਪਿੰਡ ਵਿਚ ਹੋਏ ਸਾਲਾਨਾ ਸਮਾਗਮ ਤੋਂ ਵੀ ਮਿਲਦਾ ਹੈ, ਜਿਥੇ ਨਾਟਕ ਉਤੇ ਵਿਸ਼ੇਸ਼ ਤੌਰ ਤੇ ਇਕ ਗੋਸ਼ਟੀ ਕੀਤੀ ਗਈ। ਉਥੇ ਇਹ ਰਾਏ ਬਣੀ ਕਿ ਪਿੰਡਾਂ ਵਿਚ ਐਸੀਆਂ ਥਾਵਾਂ ਜਿਥੇ ਕਿਸੇ ਵੇਲੇ ਛੱਪੜ ਆਦਿਕ ਹੁੰਦੇ ਸਨ, ਉਹਨਾਂ ਨੂੰ ਪੰਚਾਇੰਤਾਂ 'ਓਪਨ ਏਅਰ ਥੀਏਟਰ' ਵਿਚ ਬਦਲਨ ਦੀ ਯੋਜਨਾ ਬਨਾਉਣ ਤੇ ਲੋਕ ਪੱਖੀ ਜਥੇਬੰਦੀਆਂ ਇਸ ਕੰਮ ਨੂੰ ਆਪਣੇ ਹੱਥ ਲੈਣ।

'ਉੱਚੀ ਪੱਧਰ ਦੀ ਲੋਕ ਪੱਖੀ ਕਲਾ' ਦੀ ਲੋੜ ਨਸਰਾਲੀ ਸਭਿਆਚਾਰਕ ਮੇਲੇ ਤੋਂ ਉਭਰੀ ਹੈ। ਇਹ ਸਮੇ ਦੀ ਚਲੌਤੀ ਹੈ, ਜਿਸਨੂੰ ਲੋਕ ਪੱਖੀ ਕਲਾਕਾਰਾਂ ਨੇ ਸਵੀਕਾਰ ਕਰਨਾ ਹੈ।

## 2. ਗੁਰਬਾਣੀ ਦਾ ਮਾਰਕਸਵਾਦੀ ਚਿੰਤਨ

ਇਸ ਸਿਰਲੇਖ ਦਾ ਪਤ੍ਰ ਸੁਰਜੀਤ ਗਿਲ ਨੇ ਲਿਖਾਰੀ ਸਭਾ ਬਰਨਾਲਾ ਦੀ 8 ਫਰਵਰੀ ਦੀ ਮੀਟਿੰਗ ਵਿਚ ਪੜ੍ਹਿਆ। ਗੁਰਬਾਣੀ ਬਾਰੇ ਉਲਾਰਵਾਦ ਦੀ ਗਲ ਕਰਦਿਆਂ, ਉਹਨਾਂ ਨੇ ਨੱਕਸਲੀ ਸਾਹਿਤ ਵਿਚ ਗੁਰਬਾਣੀ ਜਾਂ ਸਿੱਖ ਇਤਿਹਾਸ ਵਿਚੋਂ ਲਏ ਗਏ ਪ੍ਰਤੀਕ ਜਾਂ ਮੇਰੇ ਨਾਟਕਾਂ ਨੂੰ ਉਲਾਰਵਾਦ ਦੀ ਮਿਸਾਲ ਦਸਿਆ। ਇਸਦੇ ਨਾਲ ਹੀ ਉਹਨਾਂ ਨੇ ਧਰਮ ਅਤੇ ਇਤਿਹਾਸ ਵਲ ਸਹੀ ਮਾਰਕਸ ਵਾਦੀ ਪਹੁੰਚ ਕੀ ਹੋ ਸਕਦੀ ਹੈ, ਉਹਦਾ ਵੀ ਹੇਠ ਲਿਖੇ ਸ਼ਬਦਾਂ ਵਿਚ ਜ਼ਿਕਰ ਕੀਤਾ :—

"ਜਿਥੋਂ ਤਕ ਧਰਮ ਦੇ ਇਤਿਹਾਸਕ ਤੇ ਵਿਵਹਾਰਕ ਪੱਖ ਦਾ ਸਵਾਲ ਹੈ, ਇਹ ਨਿਰੋਲ ਧਾਰਮਕ ਤੇ ਫਿਰਕੂ ਨਹੀਂ ਹੁੰਦਾ, ਇਹਨਾਂ ਵਿਚ ਕਾਫੀ ਕੁਝ ਕੌਮੀ ਤੇ ਸਭਿਆਚਾਰਕ ਹੁੰਦਾ ਹੈ। ਇਹਨਾਂ ਵਲ ਪਹੁੰਚ ਉਵੇਂ ਹੀ ਹੋਣੀ ਚਾਹੀਦੀ ਹੈ, ਜਿਵੇਂ ਮਾਰਕਸ-ਵਾਦੀਆਂ ਦੀ ਕੌਮੀ ਇਤਿਹਾਸ ਤੇ ਸਭਿਆਚਾਰਕ ਵਲ ਹੁੰਦੀ ਹੈ। ਇਹਨਾਂ ਵਿਚ ਫ਼ਿਰਕੂ ਪਖਾਂ ਨੂੰ ਤਿਆਗਕੇ ਸਾਂਝੇ ਕੌਮੀ ਵਿਰਸੇ ਨੂੰ ਅਪਣਾਕੇ ਸਮੇਂ ਅਨੁਸਾਰ ਵਿਕਸਤ ਕਰਨਾ ਚਾਹੀਦਾ ਹੈ। ਸਿਖ ਇਤਿਹਾਸ ਦੇ ਸਭਿਆਚਾਰ ਨੂੰ ਇਸੇ ਤਰ੍ਹਾਂ ਵੇਖਣ ਦੀ ਲੋੜ ਹੈ..."

ਸੁਰਜੀਤ ਗਿਲ ਦੀ ਇਸ ਉਪਰ ਦਿਤੀ ਧਾਰਨਾ ਨਾਲ ਸੌ ਫੀ ਸਦੀ ਸਹਿਮਤੀ ਪ੍ਰਗਟ ਕਰਦੇ ਹੋਏ ਮੈਂ ਇਹ ਕਹਿਣਾ ਚਾਹਵਾਂਗਾ ਕਿ ਸੁਰਜੀਤ ਗਿਲ ਹੋਰਾਂ ਦੀ ਨਕਸਾਲੀ ਲਹਿਰ ਬਾਰੇ ਜੇਕਰ ਘੜੀ ਘੜਾਈ ਧਾਰਨਾ ਨਾਂ ਹੋਵੇ ਤਾਂ ਉਹਨਾਂ ਨੂੰ ਇਕ ਦਮ ਦਿਸ ਪਏ ਕਿ ਨਕਸਲੀ ਲਹਿਰ ਦੇ ਲੇਖਕਾਂ ਨੇ ਜਾਂ ਮੈਂ ਆਪ ਆਪਣੇ ਨਾਟਕਾਂ ਵਿਚ ਸਿਖ ਧਰਮ ਦੇ ਵਿਰਸੇ ਨੂੰ ਵਾਸਤਵ ਵਿਚ ਇਸੇ ਤਰ੍ਹਾਂ ਹੀ ਲਿਆ ਹੈ ਜਿਸ ਤਰ੍ਹਾਂ ਸੁਰਜੀਤ ਗਿਲ ਹੋਰਾਂ ਨੇ ਕਿਹਾ ਹੈ ਲਿਆ ਜਾਣਾ ਚਾਹੀਦਾ ਹੈ। ਇਹ ਲਹੂ ਕਿਸਦਾ ਹੈ, ਕਿਵ੍ਹੇ ਕੂੜੇ ਝੂਟੇ ਪਾਲੁ, ਜਿਕੁ ਸਚਿ ਪਲ ਹੋਏ, ਚਾਂਦਨੀ ਚੌਕ ਤੋਂ ਸਰਹਿੰਦ ਤਕ, ਆਦਿਕ ਵਿਚ ਇਹੀ ਪਹੁੰਚ ਅਪਣਾਈ ਗਈ ਹੈ।

ਇਸ ਗਲ ਦਾ ਅਹਿਸਾਸ ਕਿ ਸਾਨੂੰ ਆਪਣੇ ਵਿਰਸੇ ਨੂੰ ਆਧਾਰ ਬਣਾਕੇ ਅਜ ਦੇ ਪ੍ਰਸੰਗ ਵਿਚ ਗਲ ਕਰਨੀ ਚਾਹੀਦੀ ਹੈ, ਭਾਰਤ ਵਿਚ ਹੋਰਨਾਂ ਜ਼ਬਾਨਾਂ ਦੇ ਮਾਰਕਸ ਵਾਦੀ ਲੇਖਕਾਂ ਨੂੰ ਵੀ ਹੈ। ਭੀਸ਼ਮ ਸਾਹਨੀ ਜੀ ਦਾ ਨਾਟਕ 'ਕਬੀਰਾ ਖੜਾ ਬਾਜ਼ਾਰ ਮੇਂ' ਮੈਨੂੰ ਹੁਣੇ ਹੁਣੇ ਵੇਖਣ ਦਾ ਮੌਕਾ ਮਿਲਿਆ ਹੈ। ਇਹ ਨਾਟਕ ਚੌਧਵੀਂ ਪੰਦਰਵੀਂ ਸਦੀ ਦੇ ਗੰਗਾਂ ਕਿਨਾਰੇ ਕਾਂਸ਼ੀ ਸ਼ਹਿਰ ਨੂੰ ਪੇਸ਼ ਕਰਦਾ ਹੈ। ਕਬੀਰ ਜੁਲਾਹਿਆਂ ਦਾ ਪੁੱਤਰ ਹੈ। ਪਿਤਾ ਕਪੜੇ ਦਾ ਥਾਨ ਬਾਜ਼ਾਰ ਵੇਚਣ ਲਈ ਭੇਜਦਾ ਹੈ, ਪਰ ਬਾਜ਼ਾਰ ਉਹ ਮੌਲਾਨਿਆ ਤੇ ਪੰਡਤਾਂ ਨਾਲ ਉਲਝ ਜਾਂਦਾ ਹੈ। ਇਕ ਕਵੀ ਹੋਣ ਦੇ ਨਾਤੇ ਉਹ ਉਥੇ ਹੀ ਉਹਨਾਂ ਉਤੇ ਕਟਾਖਸ਼ ਕਰਦਾ ਦੋਹੇ ਬੋਲਦਾ ਹੈ। ਮੌਲਾਨਾ ਤੇ ਪੰਡਤ ਦੋਵੇਂ ਉਹਦੇ ਕੋਲ ਤੰਗ ਨੇਂ। ਕੋਤਵਾਲ ਕੋਲ ਸ਼ਕਾਇਤ ਕਰਦੇ ਨੇਂ। ਕਾਂਸ਼ੀ ਦਾ ਰਾਜਾ ਹਿੰਦੂ ਏ, ਕੋਤਵਾਲ ਮੁਸਲਮਾਨ ਏ। ਦਿਲੀ ਦਾ ਬਾਦਸ਼ਾਹ ਮੁਸਲਮਾਨ ਏ। ਮਜ਼ਹਬਾ ਦੇ ਠੇਕੇਦਾਰ

ਆਪਸ ਵਿਚ ਲੜਦੇ ਨੇ ਪਰ ਕਬੀਰ ਉਹਨਾਂ ਦਾ ਸਾਂਝਾ ਦੁਸ਼ਮਣ ਏ, ਇਸ ਲਈ ਇਸਦੇ ਵਿਰੋਧ ਦੋਵੇਂ ਇਕੱਠੇ ਨੇਂ । ਅਤੇ ਸਟੇਟ ਉਹਨਾਂ ਦੀ ਮੱਦਦ ਤੇ ਹੈ। ਕਬੀਰ ਦੀ ਸਾਰੀ ਕਵਿਤਾ ਭਗਤੀ ਦੀ ਕਵਿਤਾ ਹੈ, ਪਰ ਉਸ ਕਵਿਤਾ ਵਿਚ ਬਗ਼ਾਵਤ ਹੈ। ਉਹਦੀ ਪ੍ਰਤਿਭਾ ਵੇਖਕੇ ਰਾਜਾ ਉਸਨੂੰ ਦਰਬਾਰੀ ਕਵੀ ਬਨਾਉਣਾ ਚਾਹੁੰਦਾ ਹੈ। ਹਰ ਕਿਸਮ ਦਾ ਲਾਲਚ ਵੀ ਦੇਂਦਾ ਹੈ ਪਰ ਕਬੀਰ ਸਮੇਂ ਦੇ ਸਿਸਟਮ ਦਾ ਬਾਗ਼ੀ ਹੈ। ਉਸ ਨਾਲ ਸ਼ਾਸ਼ਨ ਉਹੀ ਸਲੂਕ ਕਰਦਾ ਹੈ, ਜੋ ਹਰ ਬਾਗ਼ੀ ਨਾਲ ਹੁੰਦਾ ਹੈ। ਕਬੀਰ ਘੜੀ ਮੁੜੀ ਆਪਣੇ ਸ਼ਲੋਕਾਂ ਵਿਚ ਇਹੀ ਗਲ ਕਰਦਾ ਹੈ ਕਿ ਜੇਕਰ ਪ੍ਰੇਮ ਖੇਡਣ ਦਾ ਚਾਅ ਹੈ ਤਾਂ ਸਿਰ ਤੱਲੀ ਤੇ ਰੁਖਣਾ ਹੀ ਪੈਂਦਾ ਹੈ । ਕਬੀਰ ਬੁਨਿਯਾਦੀ ਤੌਰ ਤੇ ਅਧਿਆਤਮਵਾਦੀ ਹੈ। ਉਸ ਸਮੇਂ ਸ਼ਾਇਦ ਉਹ ਹੋਰ ਕੁਝ ਹੋ ਵੀ ਨਹੀਂ ਸਕਦਾ ਸੀ। ਪਰ ਉਹਦਾ ਅਧਿਆਤਮਵਾਦ ਵੀ ਸਮੇਂ ਦੇ ਸਾਸ਼ਨ ਦੀਆਂ ਧਜੀਆਂ ਉਡਾਂਦਾ ਹੈ। ਇਤਿਹਾਸ ਦੀ ਅਜ ਦੀ ਇਨਕਲਾਬੀ ਚੇਤਣਾ ਪ੍ਰਚੰਡ ਕਰਨ ਵਿਚ ਕਿਸ ਤਰ੍ਹਾਂ ਵਿਆਖਿਆ ਹੋਣੀ ਚਾਹੀਦੀ ਹੈ, ਭੀਸ਼ਮ ਸਾਹਨੀ ਦਾ ਇਹ ਨਾਟਕ ਉਹਦੀ ਇਕ ਵਧੀਆ ਮਿਸਾਲ ਹੈ। ਮਾਰਕਸਵਾਦੀ ਚਿੰਤਕਾ ਨੂੰ ਇਹਦਾ ਪੂਰਾ ਨੋਟਿਸ ਲੈਣਾ ਚਾਹੁੰਦਾ ਹੈ ਅਤੇ ਆਪਣੇ ਵਿਰਸੇ ਵਲ ਸਹੀ ਮਾਰਕਸਵਾਦੀ ਪਹੁੰਚ ਅਪਣਾਉਣੀ ਚਾਹੀਦੀ ਹੈ।

## 3. ਸ਼ਬਦਾਂ ਨਾਲ ਅਨਅੱਰਥ– ਇਕ ਸਪੱਸ਼ਟੀਕਰਨ

ਇਸ ਮਹੀਨੇ 'ਪਾਠਕ ਲੇਖਕ ਫੋਰਮ' ਵਾਸਤੇ ਆਈ ਇਕ ਚਿਠੀ ਤੇ ਇਕ ਹੋਰ ਨਿੱਜੀ ਪੱਧਰ ਤੇ ਆਈ ਚਿਠੀ ਤੋਂ ਇਹ ਲਗਿਆ ਹੈ, ਜਿਸ ਤਰ੍ਹਾਂ ਮਾਰਚ ਦੇ ਸੰਪਾਦਕੀ(3) ਵਿਚ ਸੋਧਵਾਦ ਜਾਂ ਆਦਰਸ਼ਵਾਦ ਦੇ ਨਾਂ ਨਾਲ ਜਾਣੇ ਜਾਂਦੇ ਅਮਲਾਂ ਦੀ ਹਿਮੈਤ ਕੀਤੀ ਗਈ ਹੈ। ਇਹ ਗੱਲ ਬਿਲਕੁਲ ਨਹੀਂ । ਇਤਰਾਜ਼ ਸ਼ਬਦਾਂ ਦੇ ਗ਼ਲਤ ਵਰਤੋਂ ਦੀ ਹੈ, 'ਪਦਾਰਥਵਾਦ' ਦਾ ਉਲਟ ਸ਼ਬਦ 'ਆਦਰਸ਼ਵਾਦ' ਨਹੀਂ ਹੋਣਾ ਚਾਹੀਦਾ, ਉਹ 'ਅਧਿਆਤਮਵਾਦ' ਹੋ ਸਕਦਾ ਹੈ। 'ਸੁੱਪਨਵਾਦ' ਹੋ ਸਕਦਾ ਹੈ, 'ਆਦਰਸ਼' ਸ਼ਬਦ ਦੀ ਨਿਖੇਧਾਤਮਕ ਵਰਤੋਂ ਇਕ ਚੰਗੇ ਗੁਣ ਨੂੰ ਮਨੁੱਖੀ ਵਰਤਾਰੇ ਵਿਚੋਂ ਕਢਣਾ ਹੈ। ਕਿਸੇ ਬੰਦੇ ਦਾ ਆਦਰਸ਼ਵਾਦੀ ਹੋਣਾ ਗੈਰਮਾਰਕਸੀ ਨਹੀਂ । ਇਸੇ ਤਰ੍ਹਾਂ 'ਸੋਧਵਾਦ' ਜਿਸ ਅਮਲ ਵਾਸਤੇ ਵਰਤਿਆ ਜਾਂਦਾ ਹੈ, ਉਹ 'ਭਾਂਜਵਾਦ' ਹੋ ਸਕਦਾ ਹੈ ਜਾਂ ਜੇ ਪੰਜਾਬੀ ਵਿਚ ਠੀਕ ਸ਼ਬਦ ਨਹੀਂ ਲਭਦਾ ਤਾਂ 'ਰੀਵੀਯਨਇਜ਼ਮ' ਜਾਂ 'ਰੀਵੀਯਨਵਾਦ' ਹੀ ਵਰਤਿਆ ਜਾਏ। 'ਸੋਧ' ਸ਼ਬਦ ਦੇ ਬਰਾਬਰ ਦਾ ਅੰਗਰੇਜ਼ੀ ਸ਼ਬਦ ਕੁਰੈਕਸ਼ਨ (CORRECTION) ਹੈ ਤੇ ਕਿਸੇ ਗ਼ਲਤ ਚੀਜ਼ ਨੂੰ CORRECT ਕਰਨਾ ਜਾਂ ਉਹਦੀ ਸੋਧ ਕਰਨੀ ਕਿਸੇ ਹਾਲਤ ਵਿਚ ਗ਼ਲਤ ਨਹੀਂ। 'ਸੋਧਵਾਦ' ਦੀ ਨਿਖੇਧਾਤਮਕ ਵਰਤੋਂ ਸਾਇੰਸ ਦੇ ਵਰਤਾਰੇ ਵਿਚ ਇਕ ਚੰਗੇ ਗੁਣ ਤੋਂ ਮੂੰਹ ਫੇਰਨਾ ਹੈ।

## 4. ਸਿਆਸੀ ਵਾਦਵਿਵਾਦ

ਪੱਛਮੀ ਬੰਗਾਲ ਵਿਚ ਹਕੂਮਤ ਬਣਾ ਲੈਣ ਦੇ ਕਾਰਨ ਮਾਰਕਸੀ ਪਾਰਟੀ ਪਾਰਟੀ ਦੇ ਆਗੂਆਂ ਨੂੰ ਇਕ ਗ਼ਲਤ ਫਹਿਮੀ ਹੈ ਕਿ ਖੱਬੀ ਲਹਿਰ ਵਿਚ ਉਹਨਾਂ ਦੀ ਸਿਆਸੀ ਲਾਈਨ ਦੇਸ਼ ਭਰ ਵਿਚ ਸਹੀ ਲਾਈਨ ਹੈ। ਹੁਣੇ ਹੁਣੇ ਸਾਥੀ ਰੰਧੀਵੇ ਹੋਰਾਂ ਦੀ ਇਕ ਧਾਰਨਾ ਆਈ ਹੈ (ਟਾਈਮਜ਼ ਆਫ ਇੰਡੀਆ, 23 ਮਾਰਚ) ਕਿ ਨੱਕਸਲੀ ਲਹਿਰ ਅਤੇ ਸੀ. ਪੀ. ਆਈ ਦੋਨਾਂ ਨੇ ਦੇਸ਼ ਵਿਚ ਖੱਬੀ ਲਹਿਰ ਦਾ ਬੜਾ ਨੁਕਸਾਨ ਕੀਤਾ ਹੈ। ਇਹਦੀ ਜ਼ਿਮੇਵਾਰੀ ਉਹਨਾਂ ਨੇਂ ਚੀਨ ਅਤੇ ਰੂਸ ਉਤੇ ਵੀ ਸੁੱਟੀ ਹੈ। ਚੀਨ ਉਤੇ ਇਸ ਗਲ ਦੀ ਦੀ ਕਿ ਉਸਨੇ ਨਕਸਲੀ ਲਹਿਰ ਦੀ ਪਿੱਠ ਥੱਪਕੀ ਹੈ ਤੇ ਰੂਸ ਦੀ ਇਸ ਲਈ ਕਿ ਉਸਨੇ ਸੀ. ਪੀ. ਆਈ ਦੀ ਐਮਰਜੈਂਸੀ ਦੀ ਹਿਮਾਇਤ ਵਾਲੀ ਲਾਈਨ ਨੂੰ ਠੀਕ ਕਿਹਾ। ਪਰ ਮਾਰਕਸੀ ਪਾਰਟੀ ਜੇਕਰ ਆਪਣੀ ਬੁੱਕਲ ਵਿਚ ਮੂੰਹ ਪਾਏ ਤਾਂ ਉਹ ਇਕ ਦਮ ਵੇਖ ਸਕੇਗੀ ਕਿ ਨਕਸਲਬਾੜੀ ਲਹਿਰ ਦਾ ਜੱਨਮ ਮਾਰਕਸੀ ਪਾਰਟੀ ਦੇ ਅੰਦਰੋਂ ਹੀ ਹੋਇਆ ਹੈ ਜਦੋਂ ਇਹਦੇ ਆਗੂਆਂ ਨੇ ਪਾਰਲੀ ਮੈਨੀ ਲਾਈਨ ਅਪਣਾਦਿਆਂ ਜੰਗਕ ਸੰਘਰਸ਼ਾਂ ਨੂੰ ਪਿੱਠ ਦੇ ਦਿਤੀ। ਨਕਸਲਬਾੜੀ ਕਿਸਾਨੀ ਬਗ਼ਾਵਤ ਨੂੰ ਜੇਕਰ ਮਾਰਕਸੀ ਪਾਰਟੀ ਪਿੱਠ ਨਾਂ ਦੇਂਦੀ ਤਾਂ ਹਿੰਦੋਸਤਾਨ ਦਾ ਪਿਛਲੇ ਪੰਦਰਾ ਸਾਲਾਂ ਦਾ ਇਤਿਹਾਸ ਸ਼ਾਇਦ ਇਕ ਹੋਰ ਹੀ ਮੋੜ ਕੱਟ ਗਿਆ ਹੁੰਦਾ। ਲੋੜ ਹੈ ਕਿ ਸਭ ਆਪਣੀਆਂ ਆਪਣੀਆਂ ਬੁਕਲਾਂ ਵਿਚ ਮੂੰਹ ਪਾਈਏ ਅਤੇ ਲੇਖਾ ਜੋਖਾ ਕਰਕੇ ਸਹੀ ਦਿਸ਼ਾ ਵਲ ਅਗੇ ਵਧੀਏ। ਕਟੜਵਾਦੀ ਹੋਕੇ ਆਪਣੀਆਂ ਆਪਣੀਆਂ ਪੁਜ਼ੀਸ਼ਨਾਂ ਤੇ ਡੱਟੇ ਰਹਿਣਾ ਝੂਠੇ ਵਕਾਰ ਤੋਂ ਸਿਵਾ ਹੋਰ ਕੁਝ ਨਹੀਂ।

ਇਸੇ ਸਿਲਸਲੇ ਵਿਚ ਗਰੁਪ ਸਿਆਸਤ ਅਤੇ ਪਾਰਟੀ ਸਿਆਸਤ ਬਾਰੇ ਜੋ ਵਾਦਵਿਵਾਦ ਖਬੀ ਲਹਿਰ ਵਿਚ ਚਲ ਰਿਹਾ ਹੈ, ਉਹ ਵੀ ਸਾਡਾ ਧਿਆਨ ਖਿਚਦਾ ਹੈ। ਸਾਡੇ ਸਾਰੇ ਸਿਆਸੀ ਵਰਤਾਰੇ ਵਿਚ ਸਮੇਂ ਅਤੇ ਸਥਿਤੀ ਅਨੁਸਾਰ ਬਦਲੀ ਹੁੰਦੀ ਹੈ। ਇਹ ਗਲ ਸਪੱਸ਼ਟ ਹੈ ਕਿ ਗਰੁਪ ਸਿਆਸਤ ਉਸ ਵੇਲੇ ਹੀ ਜਨਮ ਲੈਂਦੀ ਹੈ,ਜਦੋਂ ਸਥਾਪਤ ਪਾਰਟੀ ਲਈ ਵਿਸ਼ਵਾਸ਼ ਵਿਚ ਤਰੇੜ ਆਏ। ਉਹ ਲੋਕ ਜਿਹੜੇ ਸਮਾਜ ਵਿਚ ਇਕ

ਵਿਸ਼ੇਸ਼ ਤਬਦੀਲੀ ਕਰਨਾਂ ਚਾਹੁੰਦੇ ਹੋਣ, ਉਹਨਾਂ ਦਾ ਇਹ ਯਕੀਨ ਬਣ ਜਾਏ ਕਿ ਸਥਾਪਤ ਸਿਆਸੀ ਪਾਰਟੀ ਇਹ ਭੂਮਿਕਾ ਨਿਭਾਉਣ ਦੇ ਯੋਗ ਨਹੀਂ ਤਾਂ ਉਹ ਲੋਕਾਂ ਨੂੰ ਚੇਤਨ ਕਰਣ ਵਾਸਤੇ ਛੋਟੇ ਗਰੂਪ ਬਣਾਕੇ ਸਿਆਸਤ ਵਿਚ ਆਂਦੇ ਹਨ। ਇਹ ਗਰੂਪ ਸਿਆਸਤ ਕਿਸੇ ਇਕ ਇਲਾਕੇ ਵਿਚ ਕੰਮ ਕਰਕੇ ਸਿਆਸੀ ਧਾਰਾ ਨੂੰ ਇਕ ਵਿਸ਼ੇਸ਼ ਦਿਸ਼ਾ ਵਿਚ ਮੋੜਣ ਵਿਚ ਕਾਮਯਾਬ ਹੁੰਦੀ। ਨਕਸਲੀ ਗਰੂਪਾਂ ਨੇ ਹਿਹ ਭੂਮਿਕਾ ਨਿਭਾਈ ਹੈ ਤੇ ਹੁਣੇ ਵੀ ਨਿਭਾ ਰਹੇ ਹਨ ਪਰ ਸਮੇਂ ਨਾਲ ਇਹ ਸਵਾਲ ਉਠਣਾਂ ਸ਼ੁਰੂ ਹੋਇਆ ਹੈ ਕਿ ਕਿਸੇ ਮਜ਼ਬੂਤ ਪਾਰਟੀ ਦੇ ਸਿਵਾ ਇਹ ਸੋਸ਼ਲ ਤਬਦੀਲੀ ਦਾ ਕੰਮ ਸਿਰੇ ਨਹੀਂ ਚੜ੍ਹਾਇਆ ਜਾ ਸਕਦਾ ! ਸਮੇਂ ਦੀ ਇਸ ਲੋੜ ਦਾ ਪੂਰਾ ਨੋਟਿਸ ਲਿਆ ਜਾਣਾ ਚਾਹੀਦਾ ਹੈ ਅਤੇ ਗਰੂਪ ਸਿਆ-ਸਤ ਨੂੰ ਪਾਰਟੀ ਸਿਆਸਤ ਵਿਚ ਬਦਲਣ ਲਈ ਕਦਮ ਚੁੱਕਣੇ ਚਾਹੀਦੇ ਹਨ। ਗੁਰਸ਼ਰਨ ਸਿੰਘ

o

## ਪਾਠਕ ਲੇਖਕ ਫੋਰਮ (ਸਫਾ 40 ਦੀ ਬਾਕੀ)

(ਅ) ਮਾਰਚ ਦੀ ਸੰਪਾਦਕੀ ਵਿਚ ਤੁਹਾਡੇ ਵਲੋਂ ਮੌਜੂਦਾ ਸਮੇਂ ਦੀਆਂ ਹਾਲਤਾਂ ਮੁਤਾਬਿਕ ਉਭਰੇ ਸੁਆਲਾਂ ਬਾਰੇ ਕਈ ਬੜੇ ਅਹਿਮ ਨੁਕਤੇ ਉਠਾਏ ਗਏ ਹਨ। ਖਾਸ ਕਰਕੇ 'ਜੰਮਹੂਰੀ ਹੱਕਾਂ ਦੀ ਲਹਿਰ' ਬਾਰੇ ਗੱਲ ਕਰਦਿਆਂ ਕਰਦਿਆਂ ਜੋ ਕਮਿਊਨਿਸਟ ਪਾਰਟੀਆਂ ਵਲੋਂ ਆਪਣੇ ਕਾਡਰ ਦਾ ਅਤੇ ਕਮਿਊਨਿਸਟ ਸਰਕਾਰਾਂ ਵਲੋਂ ਆਪਣੇ ਲੋਕਾਂ ਦਾ ਸ਼ੋਸ਼ਣ ਕਰਨ ਦੀ ਗੱਲ ਕੀਤੀ ਗਈ ਹੈ ਉਹ ਸਚਮੁੱਚ ਹੀ ਸਾਡੇ ਵਲੋਂ ਕਾਫੀ ਧਿਆਨ ਮੰਗਦੀ ਹੈ। ਮੈਂ ਇਥੇ/ ਮੁਖ ਤੌਰ ਤੇ ਕਮਿਊਨਿਸਟ ਪਾਰਟੀਆਂ ਦੇ ਅੰਦਰਲੇ ਕੰਮਕਾਜ ਬਾਰੇ, ਪਾਰਟੀਆਂ ਤੇ ਕਾਬਜ਼ ਵਿਅਕਤੀਆਂ ਵਲੋਂ ਕਾਡਰ ਦੀ ਰਾਇ ਦਬਾਈ ਰੱਖਣ ਅਤੇ ਆਪਣੀ ਚੌਧਰ ਜਮਾਈ ਰੱਖਣ ਬਾਰੇ ਹੀ ਕੁਝ ਹੋਰ ਗੱਲਾਂ ਰੱਖਣੀਆਂ ਚਾਹਾਂਗਾ। ਕਮਿ. ਪਾਰਟੀਆਂ/ਗਰੁਪਾਂ ਦੇ ਮੌਜੂਦਾ ਕੰਮ ਢੰਗ ਜਾਂ ਪਿਛਲੇ ਇਤਿਹਾਸ ਨੂੰ ਥੋੜਾ ਜਿੰਨਾਂ ਧਿਆਨ ਨਾਲ ਵਾਚਣ ਤੇ ਕੋਈ ਵੀ ਇਸ ਸ਼ੋਸ਼ਣ ਦੀ ਹੋਂਦ ਤੋਂ, ਜਿਸਨੂੰ ਅਸੀਂ ਮਾਨਸਿਕ ਸ਼ੋਸ਼ਣ ਜਾਂ ਵਿਚਾਰਧਾਰਕ ਸ਼ੋਸ਼ਣ ਦਾ ਨਾਂ ਦੇ ਸਕਦੇ ਹਾਂ, ਮੁਨਕਰ ਨਹੀਂ ਹੋ ਸਕਦਾ ਬਸ਼ਰਤੇ ਕਿ ਉਹ ਕਮਿਊਨਿਸਟ ਫਿਲਾਸਫੀ ਅਤੇ ਕੰਮ ਢੰਗ ਬਾਰੇ ਰੂੜੀ-ਵਾਦੀ ਕਟੜਪੰਥੀ ਬਿਰਤੀ ਦਾ ਸ਼ਿਕਾਰ ਨਾ ਹੋਵੇ।

ਸਿਧਾਂਤ ਰੂਪ ਵਿਚ ਕਮਿਊਨਿਸਟ ਕਾਡਰ ਨੀਤੀਆਂ ਆਦਿ ਬਣਾਉਣ ਵਿਚ ਹਿੱਸਾ ਪਾਉਣ ਅਤੇ ਆਪਣੀ ਰਾਇ ਪ੍ਰਗਟਾਉਣ ਵਿਚ ਸੱਭ ਤੋਂ ਵੱਧ ਹੱਕਦਾਰ ਹੈ ਪ੍ਰੰਤੂ ਅਮਲ ਵਿਚ ਉਹ ਕਿਸੇ ਵੀ ਹੋਰ ਦੇ ਮੁਕਾਬਲੇ ਇਸ ਸਭ ਕਾਸੇ ਤੋਂ ਵੱਧ ਵਾਂਝਾ ਹੁੰਦਾ ਹੈ। ਇਨਕਲਾਬੀ ਅਨੁਸ਼ਾਸ਼ਨ ਦੇ ਨਿਯਮਾਂ ਅਸੂਲਾਂ ਨਾਲ ਉਸਨੂੰ ਕੁਰਲ ਕੇ ਰਖਿਆ ਜਾਂਦਾ ਹੈ ਅਤੇ ਲੀਡਰਸ਼ਿਪ ਦੇ ਨਾਲ 'ਉਤੜਾ ਬੋਤਾ' ਕਹਿਣ ਲਈ ਮਜਬੂਰ ਰਖਿਆ ਜਾਂਦਾ ਹੈ ਅਤੇ ਫਿਰ ਕ੍ਰਿਸ਼ਮਾਂ ਇਹ ਹੈ ਕਿ ਇਹ ਸਾਰਾ ਕੁਝ ਕਰਦਿਆਂ ਹੋਇਆਂ ਵੀ ਲੀਡਰਸ਼ਿਪ ਤੁਹਾਨੂੰ ਜਥੇਬੰਦੀ ਅੰਦਰ ਜਮਹੂਰੀਅਤ ਦਿਖਾ ਸਕਦੀ ਹੈ ਅਤੇ ਸਾਰਾ ਕੁਝ ਜਮਹੂਰੀ ਕੇਂਦਰੀਵਾਦ ਦੇ ਨਿਯਮਾਂ ਮੁਤਾਬਿਕ ਚੱਲ ਰਿਹਾ ਸਕਦੀ ਹੈ ਜਦਕਿ ਅਸਲ ਵਿਚ ਇਹ ਸਾਰਾ ਕੁਝ ਰਸਮੀਂ ਹੀ ਹੁੰਦਾ ਹੈ। ਜਮਹੂਰੀ ਕੇਂਦਰੀਵਾਦ ਜੋ ਕਿ ਅਸਲ ਵਿਚ ਸੱਭ ਵਧੀਆ ਰਾਇਆਂ ਨੂੰ ਇਕੱਠਾ ਕਰਨ, ਉਹਨਾਂ ਦੇ ਆਪਸੀ ਭੇੜ ਵਿਚੋਂ ਵਧੀਆ ਰਾਏ, ਨੀਤੀ ਜਾਂ ਪ੍ਰੋਗ੍ਰਾਮ ਨੂੰ ਚੁਨਣਾਂ, ਉਸਨੂੰ ਸੱਭ ਤੇ ਲਾਗੂ ਕਰਨ ਅਤੇ ਅਮਲ ਵਿਚੋਂ ਇਸਦੇ ਨਿਕਲੇ ਸਿੱਟਿਆਂ ਬਾਰੇ ਕਾਡਰ ਵਲੋਂ ਆਈਆਂ ਰਾਇਆਂ ਦੀ ਰੋਸ਼ਨੀ ਵਿਚ ਫਿਰ ਪੜਚੋਲ—ਸਵੈਪੜਚੋਲ ਰਾਹੀਂ ਇਹ ਕਰਮ ਦੁਹਰਾਉਣਾ ਅਤੇ ਇਸ ਤਰ੍ਹਾਂ ਉਸ ਨੀਤੀ/ਪ੍ਰੋਗ੍ਰਾਮ ਦਾ ਲਗਾਤਾਰ ਵਿਕਾਸ ਕਰਦਿਆਂ ਉਸਨੂੰ ਸਮੇਂ ਅਨੁਸਾਰ ਬਦਲਦੀਆਂ ਬਾਹਰਮੁਖੀ ਹਾਲਤਾਂ ਦੇ ਅਨੁਸਾਰੀ ਬਣਾਈ ਰਖਣਾਂ, ਆਦਿ ਦਾ ਸੰਦ ਸੀ। ਜਮਹੂਰੀ ਕੇਂਦਰੀਵਾਦ ਵਿਚ ਜਮਹੂਰੀਅਤ ਦੀ ਭਾਵਨਾ ਨੂੰ ਸਹੀ ਰੂਪ ਵਿਚ ਲਾਗੂ ਕਰਕੇ ਹੀ ਜਥੇਬੰਦੀ ਸਾਰੇ ਵਿਅਕਤੀਆਂ ਦੀ ਰਾਇ ਆਪਣੇ ਵਿਚ ਸਮੋ ਸਕਦੀ ਹੈ, ਬਦਲਦੀਆਂ ਹਾਲਤਾਂ ਵਿਚ ਆਪਣਾ ਸਹੀ ਰਾਹ ਲੱਭ ਸਕਦੀ ਅਤੇ ਵਿਕਾਸ ਕਰ ਸਕਦੀ ਹੈ, ਜਥੇਬੰਦੀ ਅੰਦਰਲੇ ਮੱਤ ਭੇਦਾਂ ਨੂੰ ਵਿਰੋਧ-ਵਿਕਾਸੀ ਢੰਗ ਨਾਲ ਹੱਲ ਕਰ ਸਕਦੀ ਅਤੇ ਮੱਤ ਭੇਦਾਂ ਨੂੰ ਜਥੇਬੰਦ ਨੂੰ ਖਿਲਾਰ ਦੇਣ ਵਾਲੇ ਧਮਾਕਿਆਂ ਵਿਚ ਬਦਲਣ ਤੋਂ ਰੋਕ ਸਕਦੀ ਹੈ। ਪ੍ਰੰਤੂ ਦੁਖਾਂਤ ਇਹ ਹੈ ਕਿ ਨਾਂ ਸਿਰਫ ਸਾਡੇ ਆਪਣੇ ਮੁਲਕ ਵਿਚ ਸਗੋਂ ਦੂਜੀਆਂ ਬਾਹਰਲੀਆਂ ਸਥਾਪਿਤ ਪਾਰਟੀਆਂ ਵਿਚ ਵੀ ਇਸਦੇ ਉਲਟ ਹੁੰਦਾ ਰਿਹਾ ਹੈ ਜਿਸਦੀ ਜਿਮੇਂਵਾਰੀ ਇਹਨਾਂ ਦੀ ਲੀਡਰਸ਼ਿਪ ਸਿਰ ਸਭ ਤੋਂ ਵੱਧ ਆਉਂਦੀ ਹੈ।

ਇਕ ਆਗੂ ਜਾਂ ਆਗੂ ਜੁੰਡਲੀ ਆਪਣੀ ਹੀ ਗਲਤ ਜਾਂ ਠੀਕ ਰਾਇ ਨੂੰ ਸਭ ਦੇ ਸਿਰ ਮੜ੍ਹਨ ਦੇ ਅਤੇ ਆਪਣੇ ਉਲਟ ਰਾਏਆਂ ਨੂੰ ਦਬਾਉਣ ਦੇ ਸਮਰੱਥ ਹੁੰਦੀ ਹੈ, ਕਿਉਂਕਿ 1) ਉਸਦੀ ਜਥੇਬੰਦੀ ਤੋਂ ਬਾਹਰ ਅਤੇ ਅੰਦਰ ਵਾਪਰ ਰਹੀਆਂ ਘਟਨਾਵਾਂ ਦੀ ਜਾਣਕਾਰੀ ਤੱਕ ਸਭ ਤੋਂ ਵੱਧ ਪਹੁੰਚ ਹੁੰਦੀ ਹੈ ਮਿਸਾਲ ਵਜੋਂ ਭਰਾਤਰੀ ਪਾਰਟੀਆਂ ਜਾਂ ਗਰੁੱਪਾਂ (ਮੁਲਕ ਵਿਚਲੇ ਚਾਹੇ ਬਾਹਰਲੇ) ਦੀਆਂ ਲਿਖਤਾਂ ਅਤੇ ਉਹਨਾਂ

ਬਾਰੇ ਹੋਰ ਭਰਵੀਂ ਜਾਣਕਾਰੀ ਤੱਕ ਆਮ ਤੌਰ ਤੇ ਮੁਖ ਪਹੁੰਚ ਲੀਡਰਸਿਪ ਦੀ ਹੀ ਹੁੰਦੀ ਹੈ। ਜਥੇਬੰਦੀ ਜੋ ਕੰਮ ਕਰਦੀ ਹੈ ਜਾਂ ਜੋ ਜਾਣਕਾਰੀ ਇਕੱਠੀ ਕਰਦੀ ਹੈ ਉਹ ਸਭ ਕੁਝ ਲੀਡਰਸ਼ਿਪ ਤੱਕ ਪੁਜਦਾ ਹੈ ਜਦ ਕਿ ਕਾਰਡ ਤੱਕ ਇਸਦਾ ਸਿਰਫ਼ ਇਕ ਸੰਬੰਧਿਤ (relevent) ਭਾਗ ਹੀ ਪੁਜਦਾ ਹੈ। ਜਥੇਬੰਦੀ ਅੰਦਰ ਜੋ ਕੁਝ ਕਿਤੇ ਵੀ ਵਾਪਰਦਾ ਹੈ ਜਾਂ ਨਵਾਂ ਵਿਚਾਰ ਆਉਂਦਾ ਹੈ ਆਗੂਆਂ ਨੂੰ ਉਸ ਸਭ ਕਾਸੇ ਦੀ ਜਾਣਕਾਰੀ ਹੁੰਦੀ ਹੈ ਜਦ ਕੀ ਹੇਠਲੇ ਪੱਧਰ ਦੇ ਕਾਮਰੇਡ ਨੂੰ ਜਿਸ ਪੱਧਰ ਤੇ ਉਹ ਕੰਮ ਕਰਦਾ ਹੈ ਉਸ ਮੁਤਾਬਿਕ ਆਪਣੇ ਸੀਮਿਤ ਖੇਤਰ ਵਿਚ ਹੋ ਰਹੀਆਂ ਘਟਨਾਵਾਂ ਬਾਰੇ ਹੀ ਜਾਣਕਾਰੀ ਹੁੰਦੀ ਹੈ। ਉਪਰੋਕਤ ਅਤੇ ਕੁਝ ਹੋਰ ਸਹੂਲਤਾਂ ਲੀਡਰਸ਼ਿਪ ਦੇ ਹੱਕ ਵਿਚ ਕਾਡਰ ਦੀ ਰਾਇ ਨੂੰ ਖੂੰਜੇ ਲਾਉਣ ਅਤੇ ਆਪਣੀ ਧਾਂਕ ਜਮਾਉਣ ਵਿਚ ਮਦਦ ਕਰਦੀਆਂ ਹਨ। 2) ਕਲਾਸੀਕਲ ਮਾਰਕਸਵਾਦੀ ਲਿਖਤਾਂ ਦੀ ਵਧੇਰੇ ਜਾਣਕਾਰੀ ਅਤੇ ਆਪਣੀ ਸਹੂਲਤ ਮੁਤਾਬਿਕ ਇਹਨਾਂ ਵਿਚੋਂ ਆਪਣੇ ਟੂਕਾਂ ਹੱਕ ਵਿਚ ਵਰਤਣ ਦੀ ਯੋਗਤਾ ਨਾਲ ਵੀ ਕਾਡਰ ਦੀ ਸਹੀ ਰਾਏ ਨੂੰ ਵੀ ਉਸਨੂੰ ਗਲਤ ਮੰਨਣ ਲਈ (ਅਤੇ ਗਲਤ ਨੂੰ ਸਹੀ ਮੰਨਣ ਲਈ) ਮਜਬੂਰ ਕਰ ਦਿੱਤਾ ਜਾਂਦਾ ਹੈ ਚਾਹੇ ਆਪਣੇ ਅੰਤਰ ਮਨ ਵਿਚ ਉਹ ਆਪਣੀ ਧਾਰਨਾਂ ਨੂੰ ਹੀ ਠੀਕ ਮੰਨਦਾ ਰਵੇ। 3) ਕਾਡਰ ਦਾ ਸ਼ੋਸ਼ਨ ਕਰਨ ਵਿਚ ਇਕ ਵੱਡਾ ਹੱਥ ਪਾਰਟੀ ਪ੍ਰੈਸ ਦਾ ਹੁੰਦਾ ਹੈ। ਜਿਸਤੇ ਕਾਬਜ਼ ਟੋਲੀ ਸਿਰਫ ਆਪਣੇ ਹੱਕ ਵਿਚ ਭੁਗਤਦੀਆਂ ਲਿਖਤਾਂ, ਰਿਪੋਰਟਾਂ ਆਦਿ ਹੀ ਛਾਪਕੇ ਜਾਂ ਇਨ੍ਹਾਂ ਤੇ ਹੀ ਵੱਧ ਜ਼ੋਰ ਦੇ ਕੇ ਆਪਨੂੰ ਨਾਂ ਫਿੱਟ ਬੈਠਦੀ ਰਾਇ ਦਾ ਭਾਰੀ ਨੁਕਸਾਨ ਕੀਤਾ ਜਾਂਦਾ ਹੈ ਅਤੇ ਆਮ ਲੋਕਾਂ ਨੂੰ ਬੁੱਧੂ ਬਣਾਇਆ ਜਾਂਦਾ ਹੈ। 4) ਇਸਤੋਂ ਬਿਨਾਂ ਆਗੂ ਦੇ ਨਾਂ ਨਾਲ ਜਥੇਬੰਦੀ ਦਾ ਵਕਾਰ ਜੁੜ ਜਾਣਾਂ ਅਤੇ ਆਗੂ ਦੀ ਗਲਤ ਮਾਨਤਾ ਸਥਾਪਤ ਹੋ ਜਾਣੀ। ਆਮ ਰੂਪ ਵਿਚ ਮਾਨਤਾ ਸਥਾਪਤ ਹੋਨਾਂ ਮਾੜੀ ਗੱਲ ਨਹੀਂ ਪ੍ਰੰਤੂ ਉਸ ਲਈ ਧਾਰਮਿਕ ਕਿਸਮ ਦੀ ਸ਼ਰਧਾ ਅਤੇ ਇਸ ਤਰਾਂ ਦੇ ਸੰਕਲਪ ਕਿ ਇਹ ਕਦੇ ਗਲਤ ਨਹੀਂ ਹੋ ਸਕਦਾ ਅਤੇ ਇਸਤੇ ਕਿੰਤੂ ਜਾਂ ਪੜਚੋਲ ਕਰਨ ਖੁਦ ਸਿਰਫ ਮੂਰਖ ਹੀ ਹੈ, ਨੇ ਭੀ ਇਸ ਸੰਦਰਭ ਵਿਚ ਬਹੁਤ ਭੈੜੇ ਸਿੱਟੇ ਕੱਢੇ ਹਨ। 5) ਇਸ ਸਭ ਕਾਸੇ ਤੋਂ ਬਿਨਾਂ ਇਨਕਲਾਬੀ ਅਨੁਸ਼ਾਸ਼ਨ ਦਾ ਡੰਡਾ ਕਿਤੇ ਵੀ ਅਤੇ ਕਿਸੇ ਵੀ ਮੌਕੇ ਤੇ ਵਾਹਕੇ ਦੂਸਰੀ ਰਾਇ ਨੂੰ ਕੁਚਲ ਦਿੱਤਾਂ ਜਾਂਦਾ ਹੈ।

ਸਮਾਂ ਮੰਗ ਕਰਦਾ ਹੈ ਕਿ ਕਮਿਊਨਿਸਟ ਜਥੇਬੰ-ਦੀਆਂ ਅੰਦਰ ਕੰਮ ਦਾ ਇਹ ਤਰੀਕਾਕਾਰ ਬਦਲਿਆ ਜਾਵੇ ਤਾਂ ਜੋ ਮਾਰਕਸਵਾਦ ਦਾ ਸਮੇਂ ਅਨੁਸਾਰ ਸਹੀ ਵਿਕਾਸ ਚਲਦਾ ਰਹੇ ਅਤੇ ਮਾਰਕਸਵਾਦੀ ਲਹਿਰ ਦੀਆਂ ਫਾਕੜਾਂ ਹੁੰਦੇ ਜਾਣ ਤੋਂ ਬਚਿਆ ਜਾ ਸਕੇ।

ਰਾਜਪਾਲ ਸਿੰਘ ਕੋਟ ਕਪੂਰਾ

(ੲ) ਤੁਹਾਡੇ ਮਾਰਚ ਦੇ ਸੰਪਾਦਕੀ ਵਿਚ ਇਹ ਸ਼ਬਦ 'ਆਦਰਸ਼ਵਾਦ' ਨਾਲ਼ ਅਨਅਰਥ ਦਾ ਜ਼ਿਕਰ ਹੈ। ਜੇਕਰ ਆਦਰਸ਼ਵਾਦ ਤੁਹਾਡਾ ਭਾਵ Idealism ਹੈ ਤਾਂ ਮੈਂ ਇਸ ਸਿਲਸਿਲੇ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਕਿ ਲਫ਼ਜ਼ idealism ਦੋ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਕ ਤਾਂ idea ਯਾਨੀ ਵਿਚਾਰ ਜਾਂ ਖ਼ਿਆਲ ਪ੍ਰਮੁਖ ਵਿਚਾਰਧਾਰਾ ਨੂੰ idealism ਕਿਹਾ ਜਾਂਦਾ ਹੈ। ਇਸ ਪਖੋਂ ਇਹ ਮਾਰਕਸਵਾਦ ਦੇ ਐਨ ਉਲਟ ਹੈ ਕਿਉਂਕਿ ਮਾਰਕਸਵਾਦ ਦੀ ਨੀਂਹ materialism ਯਾਨੀ matter ਹੈ।

ਦੂਜਾ ਇਸਤੇਮਾਲ ਇਸ ਸ਼ਬਦ ਦਾ ਆਦਰਸ਼ਾਂ ideals ਦੇ ਸੰਦਰਭ ਵਿਚ ਹੈ।

ਮਾਰਕਸਵਾਦ ਦੇ ਅੰਤਰਗਤ ਇਸ ਸ਼ਬਦ idealism ਦੇ ਨਾਲ ਸਬੰਧਤ ਪਹਿਲੀ ਯਾਨੀ ਕਿ ਖ਼ਿਆਲ ਪ੍ਰਮੁਖ ਵਿਚਾਰਧਾਰਾ ਨੂੰ ਹੀ ਨਿਖੇਧਿਆ ਜਾਂਦਾ ਹੈ ਅਤੇ ਇਹ ਨਿਖੇਧੀ ਲਾਜ਼ਮੀ ਹੈ।

ਵੈਸੇ ਪਰਚੇ ਦੇ ਤੌਰ ਤੇ ਸਮਤਾ ਇਕ ਬਹੁਤ ਵਧੀਆ ਪੇਸ਼ਕਸ਼ ਹੈ। ਬਾਕੀ ਚੀਜ਼ਾਂ ਤੋਂ ਇਲਾਵਾ ਸਿੱਧੇ ਸਾਮ੍ਹਣੇ ਬਗੈਰ ਵਲੇਵਿਆਂ ਦੇ ਸੰਪ੍ਰਾਦਕੀ ਵਕਤ ਦੀ ਆਵਾਜ਼ ਹਨ ਅਤੇ ਸ਼ਲਾਘਾਯੋਗ ਹਨ।

ਇਕ ਸ਼ੁਭਚਿੰਤਕ

(ਸ)—'ਸਮਤਾ' ਹਰ ਵਾਰ ਜ਼ਿਹਨ ਨੂੰ ਕੁਰੇਦਦਾ ਹੈ। ਹਰਵਾਰ ਨਵੇਂ ਸੁਆਲ, ਨਵੀਆਂ ਸਮੱਸਿਆਵਾਂ ਲੈ ਕੇ ਆਉਂਦਾ ਹੈ। ਮਾਰਚ ਅੰਕ ਵਿਚ ਜਮਹੂਰੀ ਲਹਿਰ ਬਾਰੇ, ਵਿਦਿਆ ਸਿਸਟਮ, ਪੋਲੈਂਡ ਸਮੱਸਿਆ, ਸੋਧਵਾਦ, ਆਦਰਸ਼ਵਾਦ ਸ਼ਬਦਾਂ ਦੀ ਵਿਗਿਆਨਕ ਵਰਤੋਂ, ਦਰ ਦਰ ਦਾ ਭਿਖਾਰੀ ਹਿੰਦੁਸਤਾਨ ਹਮਾਰਾ ਆਦਿ ਪਾਠਕਾਂ ਦੀ ਜਗਿਆਸੂ ਰੁਚੀ ਨੂੰ ਜਾਗਰਤ ਕਰਦੇ ਹਨ। ਸ੍ਰੀ ਭਾਰਦਵਾਜ਼ ਭਾਵੇਂ ਅਰਥ ਸ਼ਾਸਤਰ ਦੇ ਸ਼ਾਸਤਰੀ ਨਹੀਂ ਪਰ ਹਿੰਦੁਸਤਾਨ ਦੀ ਹਾਲਤ ਤੇ ਸਰਕਾਰੀ ਗਲਤ ਨੀਤੀਆਂ ਦਾ ਜਿਹੜਾ ਤਾਜ਼ਾ ਉਸਦੇ ਲੇਖਾ ਖੰਨਿਆ ਹੈ, ਇਸ ਨੇ ਬੁਧੀਜੀਵੀਆਂ ਤੱਕ ਨੂੰ ਚਾਕ੍ਰਿਤ ਕਰ ਦਿੱਤਾ ਹੈ।

"ਭਗਤ ਸਿੰਘ ਤੇ ਚਿੜੀਆ" ਹਿੰਮਤ ਸਿੰਘ ਸੋਢੀ ਦਾ ਆਪਣੀ ਹੀ ਭਾਂਤ ਦਾ ਪੰਜਾਬੀ ਵਿਚ ਗਲਪ-ਨਿਕ ਪ੍ਰਯੋਗ ਹੈ। ਸੋਢੀ ਨੇ ਭਗਤ ਸਿੰਘ ਦੀ ਜੀਵਨੀ ਨੂੰ ਕਲਪਨਾ ਦੀ ਚਾਸ਼ਨੀ ਵਿਚ ਭਿਉਂ ਕੇ ਭਾਰਤੀ ਪਰੰਪਰਾ ਅਨੁਸਾਰ ਉਸ ਨੂੰ ਦੇਵਤਾ ਜਾਂ ਅਵਤਾਰ ਸਰੂਪ ਨਹੀਂ ਬਣਾਇਆ ਸਗੋਂ ਉਸ ਨੂੰ ਇਨਕਲਾਬੀ ਭਗਤ ਸਿੰਘ ਹੀ ਸਿਧ ਕੀਤਾ ਹੈ। ਇਸ ਰੋਚਿਕ ਕਥਾ ਰਾਹੀਂ ਭਗਤ ਸਿੰਘ ਦੀ ਚਿੰਤਨ ਦੀ ਚਿੰਨਾਤਮਕ ਪੇਸ਼ਕਾਰੀ ਹੋਈ ਹੈ। ਨਿਰਸੰਦੇਹ ਅਜਿਹੀ ਨਵੀਂ ਪਿਰਤ ਪਾਣ ਲਈ ਸੋਢੀ ਵਧਾਈ ਦਾ ਹੱਕਦਾਰ ਹੈ ਭਾਵੇਂ ਸੋਢੀ ਨੇ ਇਹ ਹਿੰਦੀ ਲੇਖਕ ਸਕਸੇਨਾ ਤੋਂ ਪ੍ਰਭਾਵਤ ਹੋ ਕੇ ਹੀ ਲਿਖੀ ਹੈ 'ਪੜਤਾਲ' ਤੇ 'ਪੱਥਰ ਕੱਟ' ਕਹਾਣੀਆਂ ਕਹਾਣੀਆਂ ਪੰਜਾਬੀ ਸਾਹਿਤ ਵਿਚ ਬਹੁਤ ਘੱਟ ਹਨ। ਅਜਿਹੇ ਵਧੀਆ ਅਨੁਵਾਦ ਸਮਤਾ ਹੀ ਪੇਸ਼ ਕਰਦਾ ਹੈ।

ਨਾਇਬ 'ਸਿੱਧੂ'—ਰੋਡੇ

ਨਜ਼ਮ

## ਸ਼ਹਿਰ ਦਾ ਪਿੰਡ ਦੇ ਨਾਂ ਇਕ ਖਤ

o

ਹਰਜਿੰਦਰਮੀਤ

ਮਾਤ ਭੂਮੀ 'ਤੇ ਵਸਦਿਆ ਯਾਰਾ
ਹੁਣ ਵਕਤ ਨਹੀਂ
ਇਕ ਦੂਜੇ ਤੋਂ ਅੱਡ ਅੱਡ ਖੜੇ ਰਹਿਣ ਦਾ
ਹੁਣ ਜਦੋਂ
ਫੈਸਲੇ ਦੀ ਘੜੀ
ਸਾਡੇ ਸਿਰਾਂ 'ਤੇ ਆਣ ਢੁੱਕੀ ਹੈ
ਤਾਂ ਮੇਰੇ ਮੋਢਿਆਂ 'ਚ ਲਟਕਦੀ ਸਟੇਨ ਗੰਨ
ਤੇਰੀ ਸੰਮਾਂ ਵਾਲੀ ਡਾਂਗ ਦੇ ਸਾਥ ਨੂੰ ਤਰਸਦੀ ਹੈ
ਔਝੜ ਰਾਹਾਂ ਦੇ ਸਫਰ 'ਚ
ਅਸੀਂ ਬਹੁਤ ਭਟਕ ਲਿਆ ਹੈ
ਬੜਾ ਚਿਰ
ਆਪਾਂ ਪਾਲਦੇ ਰਹੇ ਹਾਂ
ਇਕ ਦੂਜੇ ਬਿਨਾਂ
ਯੁੱਧ ਜਿੱਤ ਲੈਣ ਦਾ ਭਰਮ
ਜੂਝ ਤੂੰ ਵੀ ਮੁਕਤੀ ਲਈ ਰਿਹਾ ਏਂ
ਸੰਗਰਾਮ ਮੇਰਾ ਵੀ ਮੁਕਤੀ ਲਈ ਹੈ
ਮੰਡੀਆਂ 'ਚ ਜਿਹੜੇ
ਕੱਚੀਆਂ ਹੀ ਖਾ ਗਏ
ਤੇਰੇ ਪੱਟਾਂ ਦੀਆਂ ਨੱਚਦੀਆਂ ਮੱਛਲੀਆਂ
ਮਿੱਲਾਂ 'ਚ ਉਨ੍ਹਾਂ ਹੀ
ਚੂਸ ਲਿਆ
ਮੇਰੇ ਜਵਾਨ ਡੌਲਿਆਂ ਚੋਂ ਲਹੂ
ਮਿੱਤਰਾ !
ਫਰਕ ਸਿਰਫ ਰੰਗਾਂ ਦਾ ਹੈ
ਢੰਗਾਂ ਦਾ ਨਹੀਂ
ਮੰਡੀ ਤੇ ਮਿਲ 'ਚ
ਸਿਰਫ ਨਾਂ ਦਾ ਹੀ ਫਰਕ ਹੈ
ਜੇ ਕਣਕਾਂ ਕੱਢਦਿਆਂ
ਉਡਦੀ ਰੀਣ੍ਹ
ਤੇਰੀ ਹਿੱਕ 'ਚ ਜੰਮ
ਤੇਰੇ ਲਈ ਬਣਦੀ ਹੈ ਦਮੇ ਜਿਹਾ ਭਿਆਨਕ ਰੋਗ,
ਤਾਂ ਮਿੱਲਾਂ ਦਾ ਧੂੰਆਂ
ਧੂੰਆਂਖ ਦਿੰਦਾ ਹੈ ਮੇਰੀਆਂ ਆਂਦਰਾਂ
ਮੇਰੇ ਦੋਸਤ
ਆ ਕਲੰਗੜੀ ਪਾ
ਦੁਸ਼ਮਣ ਨਾਲ ਦੋ ਹੱਥ ਕਰੀਏ
ਮਾਸਕੋ ਤੇ ਵਸ਼ਿੰਗਟਨ ਚੋਂ ਛੱਡੇ ਅਸਵਮੇਧਾਂ ਦਾ
ਭੰਨੀਏ ਥੂਥਾੜ
ਤੇ ਕਿਰਤ ਦੀ ਮੁਕਤੀ ਲਈ ਫੈਸਲਾਕੁੰਨ ਯੁੱਧ ਲੜੀਏ
ਮੇਰੇ ਮੋਢਿਆਂ 'ਤੇ ਲਟਕਦੀ ਸਟੇਨਗੰਨ
ਤੇਰੀ ਸੰਮਾਂ ਵਾਲੀ ਡਾਂਗ ਦੇ ਸਾਥ ਨੂੰ ਤਰਸਦੀ ਹੈ

o

## ਉੱਲੂ ਦੀ ਗੱਲ

o

ਸ਼ਿਆਮ ਸੁੰਦਰ ਦਿਪਤੀ

ਮੈਂ ਤਾਂ ਜਨਮਜਾਤ ਉੱਲੂ ਹਾਂ
ਮੈਨੂੰ ਕੀ ਪਤਾ ਦਿਨ ਨੂੰ ਕੀ ਹੁੰਦਾ ਹੈ ?
ਮੈਂ ਤਾਂ ਕਿਸੇ ਤੋਂ ਸੁਣਿਆ ਸੀ
ਕਿ
ਅੱਜਕਲ੍ਹ ਸ਼ੇਰ ਨਹੁੰ ਕੱਟ ਕੇ
ਹੱਥ ਜੋੜੀ
ਜੰਗਲ ਵਿੱਚ ਤੁਰਿਆ ਫਿਰਦਾ ਹੈ
ਗੇਰੂਏ ਘਣੇ ਵਾਲ
ਵੜੀ ਵੜੀ ਦਾੜ੍ਹੀ ।

ਬਹੁਤ ਹੀ ਭੋਲਾ ਲਗਦਾ ਹੈ
ਜਿਵੇਂ ਮੂੰਹ ਵਿੱਚ ਨਾ ਦੰਦ ਹੋਣ ਨਾ ਜ਼ੁਬਾਨ ।
ਮੈਨੂੰ ਵਿਸ਼ਵਾਸ਼ ਨਹੀਂ ਆਇਆ ਸੀ ਤਦ—
ਉੱਲੂ ਜੋ ਹੋਇਆ
ਨਾ ਹੀ ਹੁਣ ਆਉਂਦਾ ਹੈ—
ਜਦੋਂ ਪਤਾ ਲਗਿਆ—
ਕਿ ਉਹੀ ਸ਼ੇਰ ਖੂੰਖਾਰ ਹੋਇਆ ਫਿਰਦਾ ਹੈ
ਉਸਦੇ ਮੂੰਹ ਨੂੰ ਖੂਨ ਲਗ ਗਿਆ ਹੈ
ਕੋਈ ਵੀ ਜਾਨਵਰ ਦਿਖਾਈ ਨਹੀਂ ਦਿੰਦਾ–ਜੰਗਲ ਵਿੱਚ ।

ਜੇਕਰ ਇਹ ਸੱਚ ਹੈ—
ਤਾਂ ਕਦੋਂ ਤੱਕ ਦਰਖਤਾਂ ਦੇ ਟਾਹਣਿਆਂ ਨੂੰ
ਤੁਸੀਂ ਖੋਖਲਾ ਕਰਕੇ—
ਉਸ ਵਿੱਚ ਲੁਕਦੇ ਰਹੋਂਗੇ ?
ਕਦੋਂ ਤੱਕ ਖੋਖਲੇ ਦਰਖਤਾਂ ਦੀਆਂ ਛਾਵਾਂ
ਬਗੈਰ ਟੁੱਟਣੋਂ ਰਹਿ ਸਕਣੀਆਂ ?
ਉਸਦਾ ਤਾਂ ਮਕਸਦ ਹੀ ਇਹੋ ਹੈ
ਤੁਸੀਂ ਆਪਣੀਆਂ ਹੀ ਦੀਵਾਰਾਂ ਦੇ ਹਨੇਰੇ
ਆਪਣੀ ਹੀ ਛੱਤ ਦੇ ਬੋਝ ਹੇਠਾਂ
ਦਬ ਕੇ ਮਰ ਜਾਉ ।
ਤੇ ਜਦੋਂ ਇਹ ਸਹਾਰਾ ਟੁੱਟੇਗਾ
ਬਾਹਰ ਜੰਗਲ ਵਿੱਚ ਸ਼ੇਰਾਂ ਦੀ ਗਿਣਤੀ ਵਧ ਜਾਣੀ ਹੈ ।

ਜੀ ਤਾਂ ਹੁਣ ਵੀ ਨਹੀਂ ਸਕੋਗੇ—
ਭੁੱਖ, ਪਿਆਸ, ਹਨੇਰੀ ਦੀਵਾਰਾਂ ਦੇ ਸਾਏ ਹੇਠ
ਫਿਰ ਕਿਉਂ ਇਹ ਦਹਿਸ਼ਤ ਦੀ ਸੌਗਾਤ
ਨਸਲਾਂ ਨੂੰ ਵੰਡਦੇ ਜਾ ਰਹੇ ਹੋ ?
ਹਾਂ ਤਾਂ ਮੈਂ ਉੱਲੂ ਹੀ
ਪਰ ਕਦੋਂ ਤੱਕ ਤੁਸੀਂ
ਆਪਣੇ ਆਪ ਨੂੰ ਇਸ
ਬਦਕਾਰ ਦਾਇਰੇ ਵਿੱਚ ਫਸਾਂਦੇ ਰਹੋਗੇ ?
ਹਾਂ ਤਾਂ ਮੈਂ ਉੱਲੂ ਹੀ !

o

## ਆਪਣਾ ਗੀਤ

o

ਸੁਖਪਾਲ ਸਿੰਘ

ਤੁਸੀਂ ਆਪਣੇ ਹੀ ਗੀਤ ਤੋਂ
ਕਿਉਂ ਮੂੰਹ ਹੋ ਚਿੜ੍ਹਾ ਰਹੇ !
ਆਪਣੀ ਬੁੱਧੀ ਦਾ ਘੱਟਾ
ਆਪਣੀ ਹੀ ਅੱਖੀਂ ਪਾ ਰਹੇ ।

ਨ੍ਹੇਰੇ ਦੀ ਹਿੱਕ ਚੀਰਦਾ
ਇਹ ਜਗਦਾ ਮਘਦਾ ਗੀਤ ਹੈ ।
ਇਹ ਕਲਾ ਤੋਂ ਹੀਣ ਨਹੀਂ
ਇਹ ਕਲਾ ਦਾ ਪ੍ਰਤੀਕ ਹੈ ।
ਮੰਨਿਆਂ ਕਿ ਬੋਲਾਂ ਚੋਂ ਸੜ ਰਹੇ
ਖ਼ੂਨ ਦੀ ਆ ਰਹੀ ਗੰਧ ਹੈ ।
ਜਾਂ ਇਹਦੇ ਸ਼ਬਦਾਂ ਚੋਂ ਉੱਠ ਰਹੀ
ਮੁੜ੍ਹਕੇ ਦੀ ਦੁਰਗੰਧ ਹੈ ।
ਐਪਰ ਇਹ ਸਭ ਆਪਣਾ
ਇਹ ਜੀਵਨ ਦਾ ਸੱਤ ਹੈ ।
ਇਹ ਗੀਤ ਨਹੀਂ ਕਾਮ ਦਾ ਕੀੜਾ
ਨਾ ਪੀਰਾਂ ਦਾ ਮੱਠ ਹੈ ।
ਇਹਦਾ ਹੱਥ ਫੌਲਾਦੀ ਪਹੁੰਚਦਾ
ਤਾਜਾਂ ਦੀ ਘੰਡੀ ਤੱਕ ਹੈ ।
ਇਹੋ ਯੁੱਗਾਂ ਨੂੰ ਪਲਟ ਕੇ
ਰੱਖ ਦੇਣ ਦੇ ਸਮੱਰਥ ਹੈ ।

ਇਹਦੀ ਹਿੱਕ 'ਚ ਧੜਕ ਰਹੀ
ਜਿਸ ਬੁੱਢੜੀ ਦੀ ਵਿੱਥਿਆ ।
ਉਹਨੇ ਆਪਣੇ ਦਿਨਾਂ ਵਿਚ ਨਿੱਤ
ਮਣ ਮਣ ਆਟਾ ਪੀਠਿਆ ।
ਉਸੇ ਜੱਟ ਦੇ ਖੰਘੂਰੇ

ਇਹ ਗੀਤ ਰਿਹਾ ਹੈ ਢੋਅ ।
ਜੀਹਨੇ ਜੋਬਨ ਤਿੱਪ ਤਿੱਪ ਕਰਕੇ
ਖੇਤਾਂ ਦੇ ਵਿਚ ਦਿੱਤਾ ਚੋਅ ।
ਇਹ ਭੱਠੀਆਂ 'ਚ ਢਲ ਰਹੇ
ਜਿਸਮਾਂ ਦੀ ਹੀ ਲੋਅ ਹੈ !
ਜਾਪ ਰਹੀ ਜੋ ਸਿਆਸੀ
ਨਾਰ੍ਹੇਬਾਜ਼ੀ ਦੀ ਬਦਬੋ ਹੈ !
ਇਸ ਗੀਤ ਨੇ ਹੱਥਾਂ ਵਿਚ
ਜੋ ਚੁੱਕਿਆ ਹਥਿਆਰ ਹੈ !
ਇਹ ਤਾਂ ਮਾਨਵਤਾ ਦਾ
ਜਿੰਦੇ ਰਹਿਣ ਦਾ ਅਧਿਕਾਰ ਹੈ !
ਏਸ ਗੀਤ ਦੇ ਨੈਣਾਂ ਚੋਂ
ਕਿਰ ਰਹੀ ਜੋ ਅੱਗ ਹੈ !
ਇਹ ਹੱਕ ਸੱਚ ਦੀ ਜੀਭ ਹੈ
ਜੋ ਕਲਾ ਨੂੰ ਗਈ ਲੱਗ ਹੈ !
ਕਲਾਹੀਣ ਨਹੀਂ ਵਕਤ ਦੇ
ਸ਼ੇਰ ਦੀਆਂ ਅੱਖਾਂ 'ਚ ਤੱਕਣਾ !
ਕਲਾ ਦਾ ਪ੍ਰਤੀਕ ਹੈ
ਅੰਗਿਆਰ ਜੀਭਾਂ ਤੇ ਰੱਖਣਾ ।
ਸੂਰਜਾਂ ਨੂੰ ਟੱਪਣਾ
ਜਾਂ ਸੂਲੀਆਂ ਤੇ ਨੱਚਣਾ !

ਇਹਦੀ ਛਾਤੀ ਵਿਚ ਅਨੇਕਾਂ
ਸੂਲੀਆਂ ਨੇ ਗੱਡੀਆਂ ।
ਖੌਰੇ ਕਿੰਨੀ ਵਾਰ ਇਹਨੂੰ
ਫਾਂਸੀਆਂ ਨੇ ਲੱਗੀਆਂ ।
ਐਪਰ ਇਹ ਸੁਰਜੀਤ ਹੈ
ਆਦਿ ਜੁਗਾਦੀ ਸੱਤ ਹੈ ।
ਫਾਂਸੀਆਂ ਖਾ ਕੇ ਜੀਵਣਾ
ਕਿਸ ਕਲਾ ਤੋਂ ਘੱਟ ਹੈ ।
ਸੱਚ ਬੱਕਣਾ ਅੱਗ ਫੱਕਣਾ
ਇਹਦੀ ਪੁਰਾਣੀ ਰੀਤ ਹੈ ।
ਆਪਾਂ ਖ਼ੂਨ ਸੰਗ ਪਾਲਿਆ
ਇਹ ਆਪਣਾ ਹੀ ਗੀਤ ਹੈ ।
ਇਹਦੇ ਸਿਰ ਵਿਚ ਹੱਕ ਸੱਚ ਦਾ
ਰੱਤੜਾ ਸੂਰਜ ਮਘਦਾ !
ਇਹਦੇ ਨੈਣਾਂ ਵਿਚ ਕ੍ਰਾਂਤੀ
ਦਾ ਇਤਿਹਾਸ ਹੈ ਜਗਦਾ ।
ਛਾਤੀ ਦੇ ਵਿਚ ਉਮੜ੍ਹ ਰਹੀ
ਮਾਨਵਤਾ ਦੀ ਪ੍ਰੀਤ ਹੈ ।
ਇਹ ਆਪਣੀ ਹੀ ਹੋਂਦ ਹੈ
ਇਹ ਆਪਣਾ ਹੀ ਗੀਤ ਹੈ ।

ਤੁਸੀਂ ਆਪਣੇ ਹੀ ਗੀਤ ਤੋਂ
ਕਿਉਂ ਅੱਖੀਆਂ ਭੁਆ ਰਹੇ ।
ਕਵਿਤਾ ਲਿਖਣ ਵਾਸਤੇ
ਕਿਉਂ ਕੋਠੇ ਨੂੰ ਜਾ ਰਹੇ ।
ਬੁੱਧੀ ਦਾ ਘੱਟਾ ਉੱਡਦਾ
ਆਪਣੀ ਹੀ ਅੱਖੀਂ ਪਾ ਰਹੇ !

o

## *ਗ਼ਜ਼ਲ*

o

ਦੀਦਾਰ ਸ਼ੇਤਰਾ

ਲੋੜ ਸਬਰਾਂ ਦੀ, ਹਾਲੇ ਬੁੱਕਣਾ ਨਹੀਂ ।
ਸੀਨਿਆਂ ਵਿਚ ਤਾਣ ਹੈ, ਝੁੱਕਣਾ ਨਹੀਂ ।
ਜ਼ੁਲਮ ਸੰਗ ਟਕਰਾਉਣ ਦੀ, ਹਰ ਜਾਚ ਹੈ,
ਜਾਚ ਹੈ ਕੰਮ ਆਉਣ ਦੀ, ਲੁੱਕਣਾ ਨਹੀਂ ।
ਵਕਤ ਦੇ ਪੈਰਾਂ 'ਚ, ਪਾਉਨੈਂ ਬੇੜੀਆਂ ?
ਤੋਰ ਇਸ ਦੀ ਨੇ ਮਗਰ ਰੁੱਕਣਾ ਨਹੀਂ ।
ਵਧ ਰਿਹਾ ਹੈ, ਕਾਫਲਾ ਸੰਗਰਾਮ ਦਾ,
ਕਿਰਤ ਦੇ ਪਾਂਧੀ ਕਦੀ ਰੁਕਣਾ ਨਹੀਂ ।
ਹੈ ਮੇਰੇ ਮਹਿਬੂਬ ! ਇਹ ਸਿਦਕਾਂ ਦੀ ਲੋਰ,
ਲੋਰ ਹੈ ਐਸੀ ਕਿ—ਇਸ ਮੁੱਕਣਾ ਨਹੀਂ ।
ਲੱਖ ਕਰ ਤਦਬੀਰ, ਬੁਲ੍ਹੀਆਂ ਸਿਉਂ ਦਵੀਂ,
ਹੂਕ ਉੱਠਦੀ ਹੈ ਜਿਹਨੇ ਰੁੱਕਣਾ ਨਹੀਂ ।
ਲੋੜ ਸਮਿਆਂ ਨੂੰ ਹੈ,' ਭੇਟਾ ਸੀਸ ਦੀ,
ਸੀਸ ਭੇਟਾ ਦੇਣ ਤੋਂ ਉਕਣਾ ਨਹੀਂ ।
ਚੌਂਕ ਹੋਵੇ ਚਾਂਦਨੀ, ਜਾਂ ਪੁੱਲ ਕੋਈ
ਕਲਮ ਹੋ ਸਕਦਾ ਹੈ, 'ਸਰ ਝੁੱਕਣਾ ਨਹੀਂ ।
ਗਹਿਰ ਅਸਮਾਨਾਂ ਦੀ, ਰੰਗ ਮਿੱਟੀ ਦਾ ਇਹ,
ਕੀ ਰਹੇ ਨੇ ਆਖ, ਸੁਣ ! ਉੱਕਣਾ ਨਹੀਂ ।
ਵਕਤ ਪਰਖਾਂ ਦੇ, ਸਮੇਂ ਦੇ ਹਾਣੀਓ !
ਵਕਤ ਦਾ ਅੱਜ, ਸਾਥ ਹੈ ਰੁਕਣਾ ਨਹੀਂ ।
ਕਿਰਤ ਦੇ ਨੈਣਾਂ 'ਚ, ਕੋਸਾ ਹੰਝ ਇਹ,
ਰੱਤ ਪਾਇਆਂ ਬਾਝ ਤਾਂ ਸੁੱਕਣਾ ਨਹੀਂ ।
ਧਰਤ ਦੇ ਅੰਦਰ, ਬੜੀ ਅਗਨੀ ਪਈ,
ਵਕਤ ਤੋਂ ਪਹਿਲਾਂ, ਲਾਵੇ ਫੁੱਟਣਾ ਨਹੀਂ ।
ਹੋਰੂ ਪਏ ਹੁੰਦੇ, ਸਮੇਂ ਦੇ, ਨਕਸ਼ ਜੋ,
ਬਾਲ ਵੇਹੜੇ ਖੇਡਿਆ—ਲੁੱਕਣਾ ਨਹੀਂ ।
ਲੋੜ ਇਸ਼ਕੇ ਦੀ ਹੈ, ਸਿਰ ਭੁੱਕਣਾ ਨਹੀਂ ।
ਖੇਡ ਸਿਦਕਾਂ ਵਾਲੜੀ, ਉੱਕਣਾ ਨਹੀਂ ।

o

## *ਹਾਦਸੇ ਤੋਂ ਬਾਅਦ*

o

ਭੂਪਿੰਦਰ

ਜਦ ਉਨ੍ਹਾਂ ਜੰਗਲ ਤੋਂ ਕੂਚ ਕੀਤਾ ਸੀ
ਮੋਢਿਆਂ ਤੇ ਲਟਕਾ ਕੇ ਤਰਕਸ਼
ਹੱਥਾਂ 'ਚ ਫੜ ਕੇ ਭਾਲੇ
ਚਮਕਦੇ ਸ਼ਹਿਰ ਵੱਲ
ਸੂਰਜਾਂ ਦੇ ਰਾਹ ਤੇ
ਤਾਂ ਤਾਜ ਤੇ ਤਲਵਾਰ ਦਾ ਰਿਸ਼ਤਾ
ਜਾਪਦਾ ਸੀ ਬਹੁਤ ਹੀ ਗੂਹੜਾ
ਸੋਚਿਆ ਸੀ ਰੁੱਖਾਂ ਦੇ ਨੰਗੇ ਸਿਰਾਂ 'ਤੇ
ਪਹਿਨਾਵਾਂਗੇ ਤਾਜ
ਦਾਤੀ ਹਥੌੜੇ ਨਾਲ ਕਰਾਂਗੇ·
ਕੋਈ ਅਮਲ 'ਚ ਕਰਾਮਾਤ
ਬਦਲ ਦਿਆਂਗੇ ਹੋਣੀਆਂ ਦੇ ਰੁੱਖ
ਵਗਦੇ ਪਾਣੀਆਂ ਦੇ ਵਹਿਣ
ਤੋੜ ਦਿਆਂਗੇ ਟੁੰਡੇ ਲਾਟ ਦੀ ਤਾਣੀ
'ਢਾਹ ਦਿਆਂਗੇ ਦਿਲੀ ਦੇ ਕਿੰਗਰੇ
ਸਾਡਾ ਕੀ ਕਰਲੂ ਸਰਕਾਰ ।'
(ਕਿਉਂਕਿ) ਪੈਰਾਂ ਦੀ ਸਲਾਬ
ਜ਼ਿਹਨ ਤੱਕ ਜਾ ਪਹੁੰਚੀ ਸੀ
ਖੜੇ ਪਾਣੀਆਂ 'ਚ ਤਾਂ ਮਾਰਦੀ ਸੀ
ਸੜਾਂਦ !
ਐਪਰ ਦੋ ਕਦਮ ਹੀ ਤੁਰੇ ਸਾਂ
ਕਿ ਖੜਕ ਗਈਆਂ ਸਨ ਤਾਰਾਂ
ਜੰਗਲ ਦੀ ਅੱਗ ਨੂੰ ਰੋਕੋ
ਇਹ ਸ਼ਹਿਰ ਨੂੰ ਹੜੱਪ ਲਏਗੀ !
ਮੁਕਾਬਲੇ ਦੀਆਂ ਕਹਾਣੀਆਂ 'ਚ ਹੀ
ਗੁੰਮ ਕੇ ਰਹਿ ਗਏ ਸਨ
ਸੂਹੀ ਸਵੇਰ ਦੇ ਕਿੱਸੇ !
ਸੰਘਰਸ਼ ਹਿਲ ਗਏ ਸਨ
ਹਵਾ 'ਚ ਹੀ ਗੁੰਮ ਗਏ ਸਨ
ਰੁੱਖਾਂ ਦੇ ਹੁੰਗਾਰੇ
ਤੇ ਕੋਲ ਸਿਰਫ ਲਿਫਾਫੇ ਸਨ
ਜਾਂ ਮੂੰਗਫਲੀ ਦੀਆਂ ਛਿਲਕਾਂ 'ਚ ਗੁੰਮੇ ਨਾਹਰੇ
ਦੀਵਾਰਾਂ ਤੇ ਚਿਪਕੇ ਪੋਸਟਰ
ਜਾਂ ਸ਼ਰਧਾਂਜਲੀਆਂ ਦੇ ਬੋਲ
ਰੁੱਖ ਚੁਪ ਚਾਪ
ਹੈਰਾਨ ਪ੍ਰੇਸ਼ਾਨ ਦੇਖਦੇ ਰਹੇ
ਹੋਣੀ ਦਾ ਕਹਿਰ

ਤੱਤਾ ਲਹੂ ਫੈਲਦਾ ਰਿਹਾ ਵੀਰਾਨ ਸੜਕਾਂ ਤੇ !
ਨਾ ਪਹਿਚਾਣ ਸਕੇ ਚੰਦਰੇ ਰੁੱਖ
ਕਿ ਸੂਲੀ ਤੇ ਟੰਗਿਆ ਹਰ ਸਿਰ
ਉਨ੍ਹਾਂ ਦਾ ਆਪਣਾ ਸੀ
ਧਰਤੀ ਦਾ ਰੰਗ ਤਾਂ ਸ੍ਰੀ
ਉਹਨਾਂ ਦੇ ਖ਼ੂਨ ਦੇ ਸੰਗ ਰੰਗਿਆ !
ਝੁਲਸੇ ਅੰਗ
ਟੁਟੇ ਤਰਕਸ਼ ਤੇ ਕੱਟੇ ਹੋਏ ਹੱਥ ਲੈ ਕੇ
ਉਹ ਵਾਪਸ ਪਰਤੇ ਘਰਾਂ ਨੂੰ
ਚੁਪ ਨਿਗਲ ਗਈ ਸੀ—ਸਾਲ਼ਮ ਦੇ ਸਾਲ਼ਮ
ਵਜੂਦ ਨੂੰ ।
ਰੁੱਖਾਂ ਦੇ ਚਿਹਰਿਆਂ ਤੋਂ ਨਾ ਪਹਿਚਾਣ ਸਕੇ
ਜਲਾਵਤਨੀ ਦਾ ਅਹਿਸਾਸ ।
ਤੇ ਹੁਣ ਉਤਾਰ ਕੇ ਸੋਚਦੀ ਕੂੰਜ
ਜਦ ਜਾਣਿਆ
ਰੁੱਖਾਂ ਦਾ ਹੁੰਗਾਰਾ ਤਾਂ ਉਹ
ਜੰਗਲ 'ਚ ਹੀ ਛੱਡ ਗਏ ਸਨ
ਤੇ ਨਾ ਕਰ ਸਕੇ ਸੀ ਸ਼ਾਮਲ
ਕਾਫਲੇ ਦੇ ਨਾਲ !
ਜੰਗਲ ਦੀ ਹਵਾ ਢਾਰਸ ਬੰਨਦੀ ਹੈ
ਕੀ ਹੋਇਆ ਜੇ ਕਟ ਗਏ ਨੇ ਹੱਥ
ਝੁਲਸ ਗਏ ਨੇ ਅੰਗ
ਟੁੱਟ ਗਏ ਨੇ ਤਰਕਸ਼
ਸਿਰ ਤਾਂ ਸਾਬਤ ਸਬੂਤ ਹੈ
ਹੁਣ ਤਾਂ ਰੁੱਖਾਂ ਦੇ ਕੰਨਾਂ
ਦੱਸਣਾ ਹੈ ਬਾਕੀ
ਕਿ ਔੜਾਂ 'ਚ ਕਿਉਂ ਸੁਕਦੇ ਨੇ
ਟਾਹਲੀਆਂ ਦੇ ਪੱਤ
ਮਨੀਪਲਾਂਟ ਦਿਨ ਬ ਦਿਨ ਕਿਉਂ ਟੈਹਕਦੇ ਨੇ
ਸਰਕਾਰੀ ਫੁਹਾਰੇ ਸਿਰਫ
ਕੈਕਟਸ ਨੂੰ ਹੀ ਕਿਉਂ ਸਿੰਜਦੇ ਨੇ
ਫਾਇਰ ਬਰਗੇਡ ਸਿਰਫ ਕੋਠੀਆਂ ਬਚਾਂਦੇ ਨੇ
ਜਾਂ ਜਲਦੀਆਂ ਕੁਰਸੀਆਂ
ਜੰਗਲ 'ਚ ਤਾਂ ਖੁਦ ਤੀਲੇ ਲਗਾਂਦੇ ਨੇ ।
ਤੇ ਅੱਗ ਸੇਕਦੇ ਨੇ ।
ਅਜੇ ਤਾਂ ਵੰਡਣਾ ਹੈ ਰੁੱਖਾਂ 'ਚ ਪੈਗਾਮ
ਕਿ ਧਰਤੀ 'ਚ ਗੱਡੇ ਰਹਿਣ ਨਾਲੋਂ
ਹਾਦਸਾ ਬਣ ਜਾਈਏ
ਪੋਰਸ ਦੀ ਹੋਣੀ ਨਾ ਹੰਢਾਈਏ
ਪਹਾੜ ਪੁੱਟ ਚੀਨੀ ਬਾਬੇ ਦੀ ਭਾਵਨਾ ਬਣੀਏ
ਜੰਗਲ ਤੇ ਅੱਗ ਦਾ ਰਿਸ਼ਤਾ ਤਾਂ ਹੈ
ਸਦੀਆਂ ਪੁਰਾਣਾਂ
ਆਓ ਰੁੱਖਾਂ ਦੀ ਆਵਾਜ਼ ਸੁਣੀਏ
ਪੱਤਿਆਂ ਦਾ ਸਾਜ਼ ਬਣੀਏ
ਤੇ ਹੋਣੀਆਂ ਦੀ ਬਾਤ ਪਾਈਏ
ਤੁਸੀਂ ਹੁੰਗਾਰਾ ਭਰਨਾ ।

o

## ਕਵਿਤਾ

o

### ਇੰਦਰ ਸਿੰਘ ਮਾਨ

ਜਦੋਂ ਤੀਕ ਹੱਥਾਂ 'ਚ
ਪਹਾੜਾਂ ਨੂੰ ਰੋਕਣ ਦੀ
ਸ਼ਕਤੀ ਨਹੀਂ ਆਉਂਦੀ
ਉਦੋਂ ਤੀਕ ਵਲੀ ਕੰਧਾਰੀ
ਕਦੇ ਵੀ ਟੱਸ ਤੋਂ ਮੱਸ ਨਹੀਂ ਹੁੰਦੇ...
ਇਥੇ ਤਾਂ ਗਲ ਹੀ ਉਲਟੀ ਹੈ
ਜਦ ਵੀ ਕਦੇ
ਸੂਰਜ ਨੂੰ ਫੜਨ ਦੀ ਗਲ ਤੁਰਦੀ ਹੈ
ਤਾਂ ਉਲੂਆਂ ਨੇ ਤਾਂ
ਚੀਕ-ਚਿਹਾੜਾ ਪਾਉਣਾ ਹੀ ਹੋਇਆ
ਜਿਨਾਂ ਨੂੰ ਸੂਰਜ ਦੀ ਸਖਤ ਲੋੜ ਹੈ
ਉਹ ਵੀ ਬਣਕੇ ਭੀੜ
ਚੀਕ-ਚਿਹਾੜੇ ਵਿਚ ਸ਼ਾਮਲ ਹੋ ਜਾਂਦੇ ਨੇ...
ਤੇ ਇੰਜ ਹੀ ਬਣਦੀ ਜਾ ਰਹੀ ਹੈ
ਮਜ਼ਦੂਰ ਦੇ ਖ਼ੂਨ ਤੋਂ ਵਿਸਕੀ ਦੀ ਬੋਤਲ
ਤੇ ਦੱਬੀ ਜਾ ਰਹੀ ਹੈ
ਕਾਰ ਦੀ ਘੂਕਰ 'ਚ ਅਬਲਾ ਦੀ ਚੀਕ
ਤੇ ਭਾਰਤ ਦਾ ਸਮੁੱਚਾ ਰਾਸ਼ਨ
ਕੁਝ ਹੀ ਜਬਾੜਿਆਂ ਹੇਠ ਜਜ਼ਬ ਹੁੰਦਾ ਜਾ ਰਿਹੈ...
ਦੋਸਤੋ ! ਕਦੋਂ ਟੁੱਟਣੀ ਹੈ ਚੁਰਾਹੇ 'ਚ
ਮਜ਼ਦੂਰ ਦੇ ਖ਼ੂਨ ਤੋਂ ਬਣੀ ਵਿਸਕੀ ਦੀ ਬੋਤਲ
ਤੇ ਕਦੋਂ ਤੀਕ ਦੱਬੀ ਰਹਿਣੀ ਹੈ
ਕਾਰ ਦੀ ਘੂਕਰ 'ਚ ਅਬਲਾ ਦੀ ਚੀਕ
ਤੇ ਕਦੋਂ ਪੈਣੇ ਨੇ ਬਜ਼ਾਰੀ ਆਸ਼ਕਾਂ ਦੇ ਖਰੀਦੇ ਸਕਾਰਫ਼
ਕੁੱਤਿਆਂ ਦੇ ਗਲ...
ਹੁਣ ਤਾਂ 'ਵੈਲਫੇਅਰ ਸਟੇਟ' ਤੋਂ
'ਗਰੀਬੀ ਹਟਾਓ' ਤੀਕ ਦਾ
ਵਰਗਲਾਇਆ ਜਾ ਰਿਹਾ ਫ਼ਰਹਾਦ
'ਲੋਕ ਰਾਜ' ਦੀ ਬਹਾਲੀ ਤੋਂ ਬਾਅਦ
'ਸਥਿਰ ਸਰਕਾਰ' ਦੇ ਖ਼ਲਾਅ ਵਿਚ
ਰੋਹ ਭਰੀਆਂ ਅੱਖਾਂ ਨਾਲ ਵੇਖ ਰਿਹਾ ਹੈ
ਆਪਣੀ ਮੰਜ਼ਲ ਦੀ ਦਿਸ਼ਾ...

o

# ਭਾਰਤੀ ਸਮਾਜ ਲਈ ਲੂਸ਼ੂਨ ਦੇ ਸਾਹਿਤ ਦਾ ਮਹੱਤਵ

o

ਚਮਨ ਲਾਲ

(ਚੀਨ ਵਿਚ ਤੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਪਿਛਲੇ ਵਰ੍ਹੇ ਚੀਨ ਦੇ ਮਹਾਨ ਲੇਖਕ ਲੂਸ਼ੂਨ ਦੀ ਜਨਮ ਸ਼ਤਾਬਦੀ ਮਨਾਈ ਗਈ। ਹਿੰਦੁਸਤਾਨ ਵਿਚ ਵੀ ਬਹੁਤ ਥਾਈਂ ਲੂਸ਼ੂਨ ਜਨਮ ਸ਼ਤਾਬਦੀ ਜਸ਼ਨ ਮਨਾਏ ਗਏ। ਇਸੇ ਸਿਲਸਿਲੇ ਵਿਚ ਜਵਾਹਰ ਲਾਲ ਨੇਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਵਿਚ ਵੀ ਇਕ ਤਿੰਨ ਰੋਜ਼ਾ ਸੈਮੀਨਾਰ ਹੋਇਆ। ਇਹ ਪੇਪਰ ਉਸੇ ਸੈਮੀਨਾਰ ਵਿਚ 11 ਨਵੰਬਰ 1981 ਨੂੰ ਪੇਸ਼ ਕੀਤਾ ਗਿਆ। ਚ. ਲ.)

---

ਸ਼ਾਓਜ਼ਿਮ ਵਿਚ 25 ਸਿਤੰਬਰ 1981 ਨੂੰ ਪੈਦਾ ਹੋਏ ਇਕ ਬੱਚੇ ਦਾ ਨਾਂ ਚਾਓ ਸੂਰੇਨ ਰਖਿਆ ਗਿਆ। ਉਹ ਸਿਰਫ਼ 55 ਵਰ੍ਹੇ ਜਿਉਂਇਆ। ਪਰ ਜਦ ਉਹ ਧਰਤੀ ਤੋਂ ਵਿਦਾ ਹੋਇਆ ਤਾਂ ਉਸ ਨੂੰ ਚਾਓ ਸੂਰੇਨ ਦੇ ਨਾਂ ਨਾਲ ਕੋਈ ਨਹੀਂ ਸੀ ਜਾਣਦਾ ਸੀ। 1918 ਤੋਂ, 37 ਵਰ੍ਹਿਆਂ ਦੀ ਉਮਰ ਵਿਚ ਜਦ ਉਸਨੇ ਪਹਿਲੀ ਕਹਾਣੀ ਲਿਖੀ, ਆਪਣਾ ਕਲਮੀ ਨਾਂ ਲੂਸ਼ਨ ਰਖਿਆ ਅਤੇ ਇਸ ਤੋਂ ਬਾਅਦ ਲੋਕਾਂ ਨੇ ਉਸ ਨੂੰ ਇਸੇ ਨਾਂ ਨਾਲ ਜਾਣਿਆ। ਜਦ ਉਸ ਨੇ ਦੇਹ ਤਿਆਗੀ ਤਾਂ ਭਾਰਤੀ ਲੇਖਕ ਪ੍ਰੇਮ ਚੰਦ ਦੇ ਜ਼ਨਾਜ਼ੇ ਵਾਂਗ ਕੁੱਲ 20-30 ਬੰਦੇ ਨਹੀਂ, ਸਗੋਂ 10 ਹਜ਼ਾਰ ਤੋਂ ਵੀ ਵੱਧ ਲੋਕਾਂ ਨੇ ਉਸਦੇ ਜਨਾਜ਼ੇ ਵਿੱਚ ਸਮੂਲੀਅਤ ਕੀਤੀ ਅਤੇ ਅਜਿਹੇ ਵੇਲੇ ਜਦ ਚੀਨ ਦੀ ਹਾਕਮ ਕੌਮਿਨਤਾਂਗ ਜੁੰਡਲੀ ਉਸ ਨੂੰ ਲੋਕਾਂ ਤੋਂ ਨਿਖੇੜਣਾ ਚਾਹੁੰਦੀ ਸੀ। ਉਸਦਾ ਦਿਹਾਂਤ 19 ਅਕਤੂਬਰ 1936 ਨੂੰ ਹੋਇਆ, ਪਰ ਉਸ ਦੀ ਮੌਤ ਤੋਂ ਬਾਦ ਉਸ ਦੇ ਵਿਚਾਰ ਹੋਰ ਵੀ ਵੱਧ ਫੈਲੇ।

1900 ਈਸਵੀਂ ਤੋਂ ਹੀ ਲੂਸ਼ੂਨ ਨੇ ਲਿਖਣਾ ਸ਼ੁਰੂ ਕਰ ਦਿਤਾ ਸੀ। ਸ਼ੁਰੂ ਸ਼ੁਰੂ ਵਿਚ ਉਸ ਨੇ ਕਲਾਸਿਕੀ ਕਵਿਤਾਵਾਂ, ਛੋਟੇ ਲੇਖ, ਅਨੁਵਾਦ ਆਦਿ ਕੀਤੇ। ਲੇਖਕ ਰੂਪ ਵਿਚ ਉਸ ਦਾ ਮਾਣ 1918 ਤੋਂ ਹੀ ਵਧਿਆ, ਜਦ ਉਸ ਦੀ ਪਹਿਲੀ ਕਹਾਣੀ—'ਇਕ ਪਾਗਲ ਦੀ ਡਾਇਰੀ' ਅਤੇ ਲੇਖ 'ਬ੍ਰਹਮਚਰਜ ਸੰਬੰਧੀ ਮੇਰੇ ਵਿਚਾਰ' ਪ੍ਰਕਾਸ਼ਤ ਹੋਏ। ਉਸ ਤੋਂ ਬਾਦ ਤਾਂ ਉਸ ਨੇ ਲਗਾਤਾਰ ਲਿਖਿਆ ਅਤੇ 18 ਵਰ੍ਹਿਆਂ ਦੇ ਥੋੜੇ ਜਿਹੇ ਅਰਸੇ ਵਿੱਚ ਹੀ ਉਸ ਨੇ 6-7 ਸੌ ਲੇਖ, 33 ਕਹਾਣੀਆਂ, 'ਚੀਨੀ ਗਲਪ ਦਾ ਇਤਿਹਾਸ' ਆਦਿ ਲਿਖੇ, ਜੋ ਹਜ਼ਾਰਾਂ ਸਫ਼ਿਆਂ ਵਿਚ ਜਾ ਪਹੁੰਚੇ ਹਨ। ਇਹ ਪਰਚਾ ਲੂਸ਼ੂਨ ਦੀਆਂ ਚੋਣਵੀਆਂ ਰਚਨਾਵਾਂ ਤੇ ਆਧਾਰਤ ਹੈ, ਜੋ ਚਾਰ ਜਿਲਦਾਂ ਵਿੱਚ ਅੰਗਰੇਜ਼ੀ ਵਿਚ ਅਨੁਵਾਦਤ ਤੇ ਪ੍ਰਕਾਸ਼ਤ ਹੈ। ਏਹਨਾਂ ਚਾਰ ਜਿਲਦਾਂ ਵਿਚ ਉਸ ਦੀਆਂ 18 ਸਭ ਤੋਂ ਵਧੀਆ ਕਹਾਣੀਆਂ, 19 ਗੱਦ ਕਵਿਤਾਵਾਂ, ਅਤੇ 256 ਲੇਖ ਸ਼ਾਮਲ ਹਨ।

ਲੂਸੂਨ ਅਜਿਹੇ ਸਮੇਂ ਪੈਦਾ ਹੋਇਆ, ਜਦ ਚੀਨ ਜਗੀਰਦਾਰੀ ਦੇ ਜ਼ੁਲਮ ਹੇਠ ਪੀਸ ਰਿਹਾ ਸੀ। ਉਹ ਬਹੁਤ ਹੀ ਹੁਸ਼ਿਆਰ ਵਿਦਿਆਰਥੀ ਸੀ ਅਤੇ ਸਰਕਾਰੀ ਵਜ਼ੀਫ਼ੇ ਤੇ ਉੱਚ ਵਿਦਿਆ ਲਈ ਜਪਾਨ ਗਿਆ। ਜਾਪਾਨ ਰਹਿੰਦਿਆਂ ਹੀ ਉਸ ਨੂੰ ਮਹਿਸੂਸ ਹੋਇਆ ਕਿ ਉਸ ਦੇ ਮੁਲਕ ਦੇ ਲੋਕ ਕਿੰਨੀ ਬੁਰੀ ਤਰ੍ਹਾਂ ਦਬਾਏ ਜਾਂਦੇ ਤੇ ਕੁਚਲੇ ਹੋਏ ਹਨ। ਉਹ ਡਾਕਟਰੀ ਦੀ ਵਿਦਿਆ ਹਾਸਲ ਕਰ ਰਿਹਾ ਸੀ, ਪਰ ਉਸ ਨੇ ਮਹਿਸੂਸ ਕੀਤਾ ਕਿ ਲੋਕਾਂ ਦੀ ਆਤਮਾ ਦਾ ਇਲਾਜ ਕਰਨਾ ਵੱਧ ਜ਼ਰੂਰੀ ਕੰਮ ਹੈ। ਲੋਕਾਂ ਦੀ ਆਤਮਾ ਦਾ ਇਲਾਜ ਕਰਨ ਤੇ ਉਸ ਨੂੰ ਜਗਾਉਣ ਲਈ ਉਸ ਨੇ ਸਾਹਿੱਤਕ ਲਹਿਰ ਉਸਾਰਣ ਬਾਰੇ ਸੋਚਿਆ ਤੇ ਇਸ ਰਾਹ ਤੇ ਉਹ ਤੁਰ ਪਿਆ। 1909 ਵਿੱਚ ਉਹ ਚੀਨ ਪਰਤਿਆ ਅਤੇ ਪੜ੍ਹਾਉਣਾ ਸ਼ੁਰੂ ਕਰ ਦਿਤਾ। 1911 ਦੇ ਇਨਕਲਾਬ ਦਾ ਉਸ ਨੇ ਸਵਾਗਤ ਕੀਤਾ ਅਤੇ ਕੁਝ ਸਮਾਂ ਵਿਦਿਆ ਮੰਤਰਾਲੇ ਵਿੱਚ ਕੰਮ ਵੀ ਕੀਤਾ। ਬਾਦ ਵਿੱਚ ਉਸ ਨੇ ਕਈ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ। ਉਸ ਨੇ ਕਈ ਸਾਹਿੱਤਕ ਮੈਗਜ਼ੀਨ ਵੀ ਸੰਪਾਦਤ ਕੀਤੇ। ਸਿਰਜਣਾਤਮਕ ਸਾਹਿਤ ਲਿਖਣ ਦੇ ਨਾਲ ਨਾਲ ਉਸ ਨੇ ਜਨਤਕ ਲਹਿਰਾਂ ਵਿੱਚ ਵੀ ਹਿੱਸਾ ਲਿਆ। 'ਚੀਨ ਫਰੀਡਮ ਲੀਗ', 'ਖੱਬੇ ਪੱਖੀ ਲੇਖਕ ਲੀਗ' ਅਤੇ 'ਚੀਨ ਵਿਚ ਸ਼ਹਿਰੀ ਅਜ਼ਾਦੀਆਂ ਦੀ ਲੀਗ' ਦਾ ਉਹ ਮੁੱਢਲਾ ਮੈਂਬਰ ਸੀ।

ਚੀਨ ਵਿਚ ਵਾਪਰੀਆਂ ਕਈ ਘਟਨਾਵਾਂ ਨੇ ਲੂਸੂਨ ਨੂੰ ਪ੍ਰਭਾਵਤ ਕੀਤਾ ਅਤੇ ਏਨਾਂ ਘਟਨਾਵਾਂ ਦਾ ਪ੍ਰਭਾਵ ਉਸਦੀਆਂ ਲਿਖਤਾਂ ਤੇ ਦੇਖਿਆ ਜਾ ਸਕਦਾ ਹੈ। 1911 ਦਾ ਇਨਕਲਾਬ, ਚਾਰ ਮਈ 1919 ਲਹਿਰ, 18 ਮਾਰਚ 1926 ਨੂੰ ਵਿਦਿਆਰਥੀਆਂ ਦਾ ਕਤਲੇ-ਆਮ, 1927 ਵਿਚ ਕਮਿਊਨਿਸਟਾਂ ਦਾ ਕਤਲੇ-ਆਮ, ਜਪਾਨੀ ਹਮਲਾ, ਕੌਮਿਕਤਾਂਗ ਦੀ ਗੱਦਾਰੀ, ਚੀਨੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਲੰਬੇ ਮਾਰਚ ਦੀ ਸਫ਼ਲਤਾ—ਆਦਿ ਘਟਨਾਵਾਂ ਨੇ ਲੂਸੂਨ ਦੀਆਂ ਰਚਨਾਵਾਂ ਤੇ ਮੁੱਖ ਤੌਰ ਤੇ ਪ੍ਰਭਾਵ ਪਾਇਆ ਹੈ।

ਜਿਥੇ ਚੀਨੀ ਕਮਿਊਨਿਸਟ ਪਾਰਟੀ ਨੇ ਮਾਓ-ਜੇ-ਤੁੰਗ ਦੀ ਅਗਵਾਈ ਵਿਚ ਅਰਧ-ਜਗੀਰੂ, ਅਰਧ-

ਬਸਤੀਵਾਦੀ ਜ਼ੁਲਮ ਖਿਲਾਫ਼ ਲੜਦਿਆਂ ਤੇ ਇਕ ਨਵ-ਜਮਹੂਰੀ ਸਮਾਜਵਾਦੀ ਸਿਰਜਣਾ ਕਰਦਿਆਂ ਇਤਿਹਾਸ ਸਿਰਜਿਆ, ਉਥੇ ਲੂਸੁਨ ਸਭਿਆਚਾਰ ਦੇ ਖੇਤਰ ਵਿਚ ਏਨ੍ਹਾਂ ਨਵ-ਜਮਹੂਰੀ ਵਿਚਾਰਾਂ ਨੂੰ ਲਿਆ ਕੇ ਇਤਿਹਾਸ ਸਿਰਜ ਰਿਹਾ ਸੀ, ਅਧੁਨਿਕ ਚੀਨੀ ਲੋਕ-ਸਵਰਾਜ ਦੇ ਪਿਤਾ ਅਤੇ ਮਗਨ ਇਨਕਲਾਬੀ ਮਾਓ ਜ਼ੇ-ਤੁੰਗ ਨੇ ਲੂ ਸੁਨ ਦੇ ਮਹੱਤਵ ਨੂੰ ਬੜੀ ਚੰਗੀ ਤਰ੍ਹਾਂ ਸਮਝਦੇ ਸਨ ਅਤੇ ਲੂ ਸੁਨ ਨੂੰ ਉਨ੍ਹਾਂ ਇਹ ਕਹਿ ਕੇ ਆਪਣੀ ਸ਼ਰਧਾਂਜਲੀ ਭੇਂਟ ਕੀਤੀ -"ਏਸ ਨਵੀਂ ਸਭਿਆਚਾਰਕ ਸ਼ਕਤੀ ਦਾ ਸਭ ਤੋਂ ਮਹਾਨ ਤੇ ਸਭ ਤੋਂ ਬਹਾਦਰ ਝੰਡਾ ਬਰਦਾਰ ਲੂ ਸੁਨ, ਸੀ। ਚੀਨ ਦੇ ਸਭਿਆਚਾਰਕ ਇਨਕਲਾਬ ਦਾ ਮੁੱਖ ਸੇਨਾਪਤੀ ਲੂ-ਸੁਨ, ਨਾ ਸਿਰਫ ਮਗਨ ਲੇਖਕ ਹੀ ਸੀ, ਸਗੋਂ ਮਹਾਨ ਵਿਚਾਰਵਾਨ ਅਤੇ ਇਨਕਲਾਬੀ ਵੀ ਸੀ। ਲੂਸੁਨ ਦ੍ਰਿੜ ਦਿਆਨਤਦਾਰੀ ਵਾਲਾ, ਹਰ ਤਰ੍ਹਾਂ ਦੇ ਖੁਸ਼ਾਮਦੀਪਣ ਤੇ ਮੀਸਣੇਪਣ ਤੋਂ ਮੁਕਤ ਆਦਮੀ ਸੀ। ਬਸਤੀਵਾਦੀ ਤੇ ਅਰਧ ਬਸਤੀਵਾਦੀ ਲੋਕਾਂ ਵਿਚ ਇਹ ਗੁਣ ਅਮੁੱਲ ਹੈ। ਕੌਮ ਦੀ ਬਹੁਗਿਣਤੀ ਦੀ ਕੁਮਾਇੰਦਗੀ ਕਰਦਿਆਂ ਲੂਸੁਨ ਨੇ ਸਭਿਆਚਾਰਕ ਮੋਰਚੇ ਤੇ ਦੁਸ਼ਮਣ ਦੇ ਕਿਲੇ ਵਿਚ ਮੋਰੀ ਕਰਕੇ ਉਸ ਵਿਚ ਤਰਥੱਲੀ ਪਾ ਦਿੱਤੀ। ਸਭਿਆਚਾਰਕ ਮੋਰਚੇ ਤੇ ਉਹ ਸਭ ਤੋਂ ਬਹਾਦਰ, ਸਭ ਤੋਂ ਵਧ ਠੀਕ, ਸਭ ਤੋਂ ਪੱਕਾ, ਸਭ ਤੋਂ ਵੱਧ ਵਫਾਦਾਰ ਅਤੇ ਸਭ ਤੋਂ ਵੱਧ ਜੋਸ਼ੀਲਾ ਕੌਮੀ ਹੀਰੋ ਹੈ, ਅਜਿਹਾ ਹੀਰੋ ਜਿਸ ਦੀ ਸਾਡੇ ਇਤਿਹਾਸ ਵਿਚ ਹੋਰ ਮਿਸਾਲ ਨਹੀਂ ਮਿਲਦੀ। ਜਿਸ ਰਾਹ ਤੇ ਉਹ ਤੁਰਿਆ, ਉਹ ਚੀਨ ਦੇ ਨਵੇਂ ਕੌਮੀ ਸਭਿਆਚਾਰ ਦਾ ਹੀ ਰਾਹ ਸੀ।"[1]

ਲੂਸੁਨ ਨੇ ਅਜਿਹੇ ਸਮੇਂ ਲਿਖਣਾ ਸ਼ੁਰੂ ਕੀਤਾ, ਜਦ ਚੀਨੀ ਲੋਕਾਂ ਵਿੱਚ ਕਨਫਿਊਸ਼ਿਸ਼ਵਾਦੀ ਤੇ ਤਾਉਵਾਦੀ ਵਰਗੇ ਪਛੜੇ ਤੇ ਪਿਛਾਂਹ-ਖਿਚੂ ਵਿਚਾਰ ਪਰਚੱਲਤ ਸਨ। ਜਗੀਰੂ ਸੰਬੰਧਾਂ ਨੇ ਨਾ ਸਿਰਫ ਲੋਕਾਂ ਦੇ ਸਰੀਰਾਂ ਨੂੰ ਹੀ ਗੁਲਾਮ ਬਣਾਇਆ ਹੋਇਆ ਸੀ, ਸਗੋਂ ਉਹਨਾਂ ਦੇ ਦਿਮਾਗ਼ ਨੂੰ ਵੀ ਏਹਨਾਂ ਪਿਛਾਂਹ-ਖਿਚੂ ਵਿਚਾਰਾਂ ਨਾਲ ਕਾਬੂ ਕੀਤਾ ਹੋਇਆ ਸੀ। ਆਪਣੀਆਂ ਸਿਰਜਨਾਤਮਕ ਲਿਖਤਾਂ ਨਾਲ ਲੂਸੁਨ ਨੇ ਲੋਕਾਂ ਦੇ ਦਿਮਾਗਾਂ 'ਚ ਤੁੰਨੇ ਏਨ੍ਹਾਂ ਵਿਚਾਰਾਂ ਨੂੰ ਤਬਾਹ ਕਰਨਾ ਸ਼ੁਰੂ ਕੀਤਾ ਅਤੇ ਉਨ੍ਹਾਂ ਦੇ ਦਿਮਾਗਾਂ ਨੂੰ ਮੁਕਤ ਕਰਨਾ ਸ਼ੁਰੂ ਕੀਤਾ ਤਾਂ ਕਿ ਉਹ ਆਪਣੀ ਮਨੁੱਖੀ ਹੋਂਦ ਨੂੰ ਮਹਿਸੂਸ ਕਰ ਸਕਣ ਅਤੇ ਅਸਲੀ ਆਦਮੀ ਤੇ ਔਰਤਾਂ ਬਣ ਸਕਣ। ਆਪਣੇ ਆਪ ਨੂੰ ਜਗੀਰੂ ਤੇ ਬਸਤੀਵਾਦ ਲੁੱਟ ਤੋਂ ਮੁਕਤ ਕਰਵਾਉਣ ਬਾਰੇ ਸੋਚ ਸਕਣ, ਜਿਸ ਨੇ ਉਨ੍ਹਾਂ ਦੀ ਆਤਮਾ ਕੁਚੱਲ ਦਿਤੀ ਸੀ ਅਤੇ ਉਨ੍ਹਾਂ ਨੂੰ ਮੂਰਖ ਅਤੇ ਸਾਹਸੱਤ-ਹੀਣੇ ਬਣਾ ਦਿਤਾ ਸੀ। ਜਿਥੇ ਚੀਨੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਚੀਨੀ ਲੋਕ ਏਨ੍ਹਾਂ ਅਰਧ-ਜਗੀਰੂ, ਅਰਧ-ਬਸਤੀਵਾਦੀ ਜ਼ੁਲਮਾਂ ਨੂੰ ਬਰਬਾਦ ਕਰਨ ਵਿਚ ਸਫ਼ਲ ਹੋਏ ਅਤੇ ਇਕ ਨਵੇਂ ਸਮਾਜ ਸਿਰਜਣ ਦੇ ਕਾਬਲ ਬਣੇ, ਉਥੇ ਭਾਰਤੀ ਸਮਾਜ ਹਾਲੀਂ ਵੀ ਅਰਧ-ਜਗੀਰੂ ਤੇ ਨਵ-ਬਸਤੀਵਾਦੀ ਜ਼ੁਲਮ ਥੱਲੇ ਪਿਸ ਰਿਹਾ ਹੈ ਅਤੇ ਏਸ ਪ੍ਰਸੰਗ ਵਿਚ ਦਸਿਆ ਲੂਸੁਨ ਦਾ ਸਾਹਿਤ ਸਾਡੇ ਸਮਾਜ ਲਈ ਬੇਹੱਦ ਮਹੱਤਵਪੂਰਨ ਹੈ।

ਕੋਈ ਵੀ ਦੋ ਸਮਾਜ ਬਿਲਕੁਲ ਇਕਸਾਰ ਨਹੀਂ ਹੁੰਦੇ ਤੇ ਇਸ ਪ੍ਰਸੰਗ ਵਿਚ ਚੀਨ ਤੇ ਭਾਰਤ ਵੀ ਦੋ ਵੱਖ ਕੌਮਾਂ, ਦੋ ਵੱਖ ਸਭਿਆਚਾਰ ਅਤੇ ਦੋ ਵੱਖ ਸਮਾਜ ਹਨ। ਪਰ ਕਿਸੇ ਸਮਾਜ ਦੇ ਵਿਸ਼ਲੇਸ਼ਣ ਲਈ ਉਸਦਾ ਆਰਥਕ ਅਧਾਰ ਸਭ ਤੋਂ ਵੱਧ ਮਹੱਤਵਪੂਰਨ ਹੁੰਦਾ ਹੈ ਅਤੇ ਜਿਥੋਂ ਤੱਕ ਆਰਥਕ ਅਧਾਰ ਦਾ ਸਵਾਲ ਹੈ, ਪੁਰਾਣੇ ਚੀਨ ਤੇ ਅੱਜ ਤੇ ਭਾਰਤ ਵਿਚ ਫਰਕ ਬਹੁਤੇ ਵੱਡੇ ਨਹੀਂ, ਭਾਵੇਂ ਕੁਝ ਫਰਕ ਜ਼ਰੂਰ ਹਨ। ਪੁਰਾਣਾ ਚੀਨ ਉਸ ਸਮੇਂ ਮੌਜੂਦ ਅਰਧ-ਜਗੀਰੂ ਰਿਸ਼ਤਿਆਂ ਹੇਠ ਦੱਬਿਆ ਹੋਇਆ ਸੀ, ਪੁਰਾਣੇ ਚੀਨ ਦੀ ਸਾਮਰਾਜੀ ਜਪਾਨ ਹੱਥੋਂ, ਕਦੇ ਸਿੱਧੀ, ਕਦੇ ਟੇਢੀ ਲੁੱਟ ਹੁੰਦੀ ਸੀ। 1949 ਵਿਚ ਆ ਕੇ ਹੀ ਜਗੀਰਦਾਰੀ ਤੇ ਬਸਤੀਵਾਦ ਨੂੰ ਆਪਣੇ ਸਾਰੇ ਰੂਪਾਂ ਵਿਚ ਤਬਾਹ ਕਰਨ ਵਿਚ ਸਫਲ ਹੋਇਆ ਅਤੇ ਇਕ ਨਵੇਂ ਦੀ ਉਸਾਰੀ ਉਸ ਸ਼ੁਰੂ ਕੀਤੀ। ਅੱਜ ਦਾ ਭਾਰਤ ਕਿਸ ਤਰ੍ਹਾਂ ਵੱਡੇ ਜਿਮੀਂਦਾਰਾਂ ਦੇ ਜ਼ੁਲਮਾਂ ਹੇਠ ਪਿਸ ਰਿਹਾ ਹੈ। ਇਸ ਦੀ ਵਿਆਖਿਆ ਦੀ ਕੋਈ ਲੋੜ ਨਹੀਂ। ਅੱਜ ਦਾ ਭਾਰਤ ਨਾ ਸਿਰਫ ਇਕ ਸਾਮਰਾਜੀ ਤਾਕਤ ਹੱਥੋਂ, ਸਗੋਂ ਕਈ ਅਜਿਹੀਆਂ ਤਾਕਤਾਂ ਹੱਥੋਂ ਲੁੱਟਿਆ ਜਾ ਰਿਹਾ ਹੈ, ਨਾ ਸਿਰਫ ਆਰਥਕ ਰੂਪ ਵਿਚ; ਸਗੋਂ ਪੂਰਾ ਸਿਆਸੀ; ਸਮਾਜੀ, ਸਭਿਆਚਾਰਕ ਦ੍ਰਿਸ਼ ਏਨਾਂ ਤਾਕਤਾਂ ਦੇ ਪਰਛਾਵੇਂ ਥੱਲੇ ਹੈ। ਥੋੜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਅੱਜ ਦਾ ਭਾਰਤੀ ਸਮਾਜ ਪੁਰਾਣੇ ਚੀਨੀ ਸਮਾਜ ਨਾਲੋਂ ਕਿਤੇ ਵੱਧ ਲੁੱਟ ਤੇ ਜ਼ੁਲਮ ਦਾ ਸ਼ਿਕਾਰ ਹੈ ਅਤੇ ਉਸ ਤੋਂ ਕਿਤੇ ਵੱਧ ਗੁੰਝਲਦਾਰ ਰੂਪ ਵਿਚ। ਅੱਜ ਦਾ ਭਾਰਤੀ ਸਮਾਜ ਪੁਰਾਣੇ ਚੀਨੀ ਸਮਾਜ ਨਾਲੋਂ ਵੱਧ ਗੁੰਝਲਦਾਰ ਵੀ ਹੈ। ਮਜ਼ਹਬੀ ਫਸਾਦ, ਪ੍ਰਦੇਸ਼ਕਵਾਦ, ਜਾਤ-ਪਾਤ, ਦਹੇਜ ਮੌਤਾਂ, ਭਾਸ਼ਾਈ ਦੰਗੇ ਆਦਿ ਸਮਸਿਆਵਾਂ ਪੁਰਾਣੇ ਚੀਨ ਵਿਚ ਨਹੀਂ ਮਿਲਦੀਆਂ ਸਨ। ਪੁਰਾਣੇ ਚੀਨ ਵਾਂਗ ਅੱਜ ਦੇ ਭਾਰਤ ਵਿਚ ਕੋਈ ਤਾਕਤਵਰ ਜਮਹੂਰੀ ਤੇ ਦੇਸ਼ ਭਗਤ ਸਿਆਸੀ ਲਹਿਰ ਵੀ ਨਹੀਂ ਹੈ, ਨਾ ਹੀ ਕੋਈ ਬਹੁਤ ਤਕੜੀ ਸਭਿਆਚਾਰਕ ਲਹਿਰ ਹੀ ਇਥੇ ਉਸਰੀ ਹੈ। ਇਸ ਪ੍ਰਸੰਗ ਵਿਚ ਵੇਖਿਆ ਲੂਸੁਨ ਦਾ

ਸਾਹਿਤ ਸਾਡੇ ਸਮਾਜ ਲਈ ਹੋਰ ਵੀ ਮਹੱਤਵਪੂਰਨ ਬਣ ਜਾਂਦਾ ਹੈ।

ਏਥੇ ਇਹ ਸਵਾਲ ਵੀ ਪੈਦਾ ਹੋ ਸਕਦਾ ਹੈ ਕਿ ਕੋਈ ਲੇਖਕ ਆਪਣੇ ਸਮਾਜ ਤੋਂ ਬਾਹਰਲੇ ਸਮਾਜ ਲਈ ਕਿਵੇਂ ਮਹੱਤਵਪੂਰਨ ਬਣ ਸਕਦਾ ਹੈ? ਅੱਜ ਦੀ ਦੁਨੀਆਂ ਖਾਨਿਆਂ ਵਿੱਚ ਵੰਡੀ ਦੁਨੀਆਂ ਤਾਂ ਹੈ ਨਹੀਂ ਅਤੇ ਮਹਾਨ ਸਾਹਿਤ ਵਿਚ ਉਂਝ ਵੀ ਵਿਸ਼ਵ ਪੱਧਰ ਦੇ ਗੁਣ ਹੁੰਦੇ ਹਨ। ਨਿਸ਼ਚਿਤ ਤੌਰ ਤੇ ਲੂਸ਼ਨ ਵਿਸ਼ਵ ਸਾਹਿਤ ਵਿਚ ਇਕ ਮਹਾਨ ਹਸਤੀ ਹੈ ਅਤੇ ਉਸਦੇ ਸਾਹਿਤ ਵਿੱਚ ਵਿਸ਼ਵ ਪੱਧਰ ਦੇ ਗੁਣ ਹਨ, ਪਰ ਭਾਰਤੀ ਸਮਾਜ ਲਈ ਉਸਦਾ ਮਹੱਤਵ ਉਸਦੇ ਸਾਹਿਤ ਦੇ ਵਿਸ਼ਵ ਪੱਧਰ ਦੇ ਆਮ ਗੁਣਾਂ ਕਾਰਨ ਹੀ ਨਹੀਂ, ਸਗੋਂ ਮਿਲਦੇ ਜੁਲਦੇ ਸਮਾਜੀ ਯਥਾਰਥ ਨੂੰ ਉਘਾੜਣ ਦੇ ਪੱਧਰ ਤੇ ਵੀ ਹੈ। ਲੂਸਨ ਦੇ ਸਾਹਿਤ ਵਿਚ ਪੇਸ਼ ਹੋਈਆਂ ਬਹੁਤ ਸਾਰੀਆਂ ਹਾਲਤਾਂ ਅੱਜ ਦੇ ਭਾਰਤੀ ਸਮਾਜ ਵਿਚ ਵੀ ਮੌਜੂਦ ਹਨ। ਲੂਸਨ ਦੀਆਂ ਲਿਖਤਾਂ ਦੇ ਸਾਰੇ ਜਾਂ ਬਹੁਤੇ ਪੱਖਾਂ ਤੇ ਵਿਚਾਰ ਕਰਨਾ ਤਾਂ ਸੰਭਵ ਨਹੀਂ ਹੋਵੇਗਾ, ਪਰ ਉਸਦੀਆਂ ਰਚਨਾਵਾਂ ਦੇ ਜਿਹੜੇ ਪੱਖ ਅੱਜ ਦੇ ਭਾਰਤੀ ਸਮਾਜ ਲਈ ਮਹੱਤਵਪੂਰਨ ਹਨ, ਉਨ੍ਹਾਂ ਨੂੰ ਏਸ ਪਰਚੇ ਵਿੱਚ ਵਿਚਾਰਿਆ ਜਾਵੇਗਾ। ਸੰਖੇਪ ਵਿੱਚ ਇਹ ਪੱਖ ਹਨ—(i) ਦਬੀਆਂ ਜਮਾਤਾਂ ਤੇ ਜ਼ੁਲਮ ਦਾ ਰੂਪ (ii) ਜਗੀਰੂ ਜਾਂ ਅਰਧ-ਜਗੀਰੂ ਸਮਾਜ ਵਿੱਚ ਔਰਤ ਦੀ ਸਥਿਤੀ (iii) ਜ਼ੁਲਮ ਵਿਰੁੱਧ ਘੋਲ ਕਰ ਰਹੇ ਸਮਾਜ ਵਿੱਚ ਸਾਹਿਤ ਦੀ ਭੂਮਿਕਾ ਤੇ ਮਹੱਤਵ।

(i) ਦਬੀਆਂ ਜਮਾਤਾਂ ਤੇ ਜ਼ੁਲਮ ਦੇ ਰੂਪ :

'ਇਕ ਪਾਗਲ ਦੀ ਡਾਇਰੀ' 1918 ਵਿੱਚ ਛਪੀ ਲੂਸੁਨ ਦੀ ਪਹਿਲੀ ਕਹਾਣੀ ਹੈ। ਆਮ ਰੂਪ ਵਿਚ ਇਹ ਕਹਾਣੀ ਪੁਰਾਣੇ ਚੀਨੀ ਸਮਾਜ ਤੇ ਲਾਏ ਇਲਜ਼ਾਮ ਹਨ। ਇਸ ਕਹਾਣੀ ਵਿੱਚ ਲੂਸੁਨ ਪੁਰਾਣੇ ਚੀਨੀ ਸਮਾਜ ਦੇ ਧੁਰੇ ਦੀ ਵਿਆਖਿਆ ਕਰਦੇ ਹਨ ਅਤੇ ਪੁਰਾਣੇ ਚੀਨੀ ਸਮਾਜ ਤੇ ਲਾਏ ਉਨ੍ਹਾਂ ਦੇ ਇਲਜ਼ਾਮ ਸਿਰਫ ਪੁਰਾਣੇ ਚੀਨੀ ਸਮਾਜ ਤੇ ਹੀ ਨਹੀਂ, ਸਗੋਂ ਜ਼ੁਲਮ ਤੇ ਦਬਾਅ ਤੇ ਅਧਾਰਤ ਕਿਸੇ ਵੀ ਸਮਾਜ ਤੇ ਲਾਏ ਜਾ ਸਕਦੇ ਹਨ। ਇਹ ਮਾਨਸ-ਖਾਣੇ ਸਮਾਜ ਦੇ ਚਾਰ ਹਜ਼ਾਰ ਵਰ੍ਹਿਆਂ ਦੇ ਇਤਿਹਾਸ ਦੀ ਕਹਾਣੀ ਹੈ। ਚਾਰ ਹਜ਼ਾਰ ਵਰ੍ਹਿਆਂ ਦਾ ਇਹ ਇਤਿਹਾਸ ਜਮਾਤੀ ਸਮਾਜ ਦਾ ਇਤਿਹਾਸ ਹੈ। ਸਮਾਜ ਜਦ ਜਮਾਤਾਂ ਵਿੱਚ ਵੰਡਿਆ ਗਿਆ ਅਤੇ ਇਕ ਜਮਾਤ ਨੇਂ ਤਾਕਤ ਹਾਸਲ ਕਰਕੇ ਵਿਸ਼ਾਲ ਲੋਕਾਈ ਨੂੰ ਦਬਾਉਣਾ ਸ਼ੁਰੂ ਕਰ ਦਿੱਤਾ ਤਾਂ ਇਹ ਮਾਨਸ-ਖਾਣੇ ਸਮਾਜ ਦੀ ਸ਼ੁਰੂਆਤ ਸੀ। ਲੂਸੁਨ ਦਾ ਪਾਗਲ ਆਦਮੀ ਸਿਰਫ ਇਕ ਵਿਅਕਤੀ ਨਹੀਂ, ਸਗੋਂ ਬਹੁਤ ਹੀ ਸੰਵੇਦਨਸ਼ੀਲ ਮਨੁੱਖ ਹੈ, ਉਸਨੇ ਸਮਾਜ ਦੀ ਅੰਦਰਲੀ ਸਚਾਈ ਦਾ ਅਹਿਸਾਸ ਕਰ ਲਿਆ ਹੈ। ਲੂਸੁਨ ਦੀ ਏਸ ਕਲਾਸਿਕ ਕਹਾਣੀ ਵਿਚ ਕਹਾਣੀ-ਤੱਤ ਬਹੁਤ ਘੱਟ ਹੈ। ਕਹਾਣੀ ਦਾ ਬਿਰਤਾਂਤਕਾਰ ਆਪਣੇ ਸਕੂਲ ਵੇਲੇ ਦੇ ਜਮਾਤੀ ਦੋਸਤ ਦੀ ਸਿਹਤ ਦਾ ਪਤਾ ਲੈਣ ਜਾਂਦਾ ਹੈ, ਜਿਸ ਬਾਰੇ ਗੰਭੀਰ ਰੂਪ 'ਚ ਬੀਮਾਰ ਹੋਣ ਬਾਰੇ ਉਸਨੂੰ ਸੂਚਨਾ ਮਿਲੀ ਸੀ। ਜਦ ਉਹ ਉਸ ਬੀਮਾਰ ਆਦਮੀ ਦੇ ਭਰਾ ਨੂੰ ਮਿਲਦਾ ਹੈ ਤਾਂ ਉਹ ਦੱਸਦਾ ਹੈ ਕਿ ਹੁਣ ਤਾਂ ਉਸਦਾ ਭਰਾ ਠੀਕਠਾਕ ਹੈ, ਪਰ ਬਿਮਾਰੀ ਦੌਰਾਨ ਲਿਖੀਆਂ ਉਸਦੀ ਡਾਇਰੀ ਦੀਆਂ ਦੋ ਜਿਲਦਾਂ ਉਹ ਬਿਰਤਾਂਤਕਾਰ ਨੂੰ ਦੇ ਦੇਂਦਾ ਹੈ। ਇਹੋ ਡਾਇਰੀ ਕਹਾਣੀ ਦਾ ਤੱਤ ਹੈ, ਜਿਸ ਵਿਚ ਉਹ ਸਮਾਜ ਦੀ ਅਸਲ ਪ੍ਰਕ੍ਰਿਤੀ ਨੂੰ ਉਜਾਗਰ ਕਰਦਾ ਹੈ।

ਡਾਇਰੀ ਦੇ ਸ਼ੁਰੂ ਵਿਚ ਹੀ ਪਾਗਲ ਆਦਮੀ ਐਲਾਨ ਕਰਦਾ ਹੈ—"ਜੇ ਕਿਸੇ ਚੀਜ਼ ਨੂੰ ਸਮਝਣਾ ਹੋਵੇ ਤਾਂ ਇਹ ਬਹੁਤ ਧਿਆਨ ਪੂਰਵਕ ਵਿਚਾਰ ਦੀ ਮੰਗ ਕਰਦੀ ਹੈ।"[2]

ਉਸਨੂੰ ਮਹਿਸੂਸ ਹੁੰਦਾ ਹੈ ਕਿ ਉਹ ਅਜਿਹੇ ਸਮਾਜ ਵਿਚ ਜਿਉਂ ਰਿਹਾ ਹੈ, ਜਿਥੇ ਲਿਖਿਆ ਹੈ—"ਲੋਕਾਂ ਨੂੰ ਖਾਓ" ਅਤੇ ਉਹ ਭੈਭੀਤ ਹੈ ਕਿ ਉਹ ਉਸਨੂੰ ਵੀ ਖਾਣ ਨੂੰ ਫਿਰਦੇ ਹਨ। ਉਹ ਨਾਂ ਸਿਰਫ ਹੋਰ ਲੋਕਾਂ ਸਗੋਂ ਆਪਣੇ ਭਰਾ ਤੋਂ ਵੀ ਡਰਿਆ ਹੋਇਆ ਹੈ। "ਸਭ ਤੋਂ ਵੱਧ ਨਿੰਦਣਯੋਗ ਹੈ ਮੇਰਾ ਭਰਾ। ਉਹ ਵੀ ਤਾਂ ਬੰਦਾ ਹੈ ਫੇਰ ਉਹ ਡਰਦਾ ਕਿਉਂ ਨਹੀਂ, ਉਹ ਦੂਜਿਆਂ ਨਾਲ ਰਲ ਕੇ ਮੈਨੂੰ ਖਾਣ ਦੀਆਂ ਵਿਉਂਤਾਂ ਕਿਉਂ ਘੜ ਰਿਹੈ ?"[3] ਪਾਗਲ ਅਨੁਸਾਰ ਸਮਾਜ ਇਸ ਹੱਦ ਤੱਕ ਨਿੱਘਰ ਗਿਆ ਹੈ ਕਿ ਸਭ ਤੋਂ ਨੇੜਲੇ ਰਿਸ਼ਤਿਆਂ ਦਾ ਵੀ ਕੋਈ ਅਰਥ ਨਹੀਂ ਰਹਿ ਗਿਆ। ਆਦਮੀ ਨਾਲ ਰਿਸ਼ਤਾ ਸਿਰਫ ਇਕ ਦੂਜੇ ਨੂੰ ਖਾ ਜਾਣ ਦਾ ਰਹਿ ਗਿਐ। ਕਿਉਂਕਿ ਹਰ ਕੋਈ ਹਰ ਕਿਸੇ ਦੂਜੇ ਨੂੰ ਖਾਣਾ ਚਾਹੁੰਦਾ ਹੈ ਸੋ "ਆਦਮੀਆਂ ਨੂੰ ਖਾਣਾ ਚਾਹੁੰਦੇ ਹੋਏ ਪਰ ਨਾਲ ਆਵਦੇ ਖਾਧਿਆਂ ਜਾਣ ਤੋਂ ਡਰਦਿਆਂ ਉਹ ਸਾਰੇ ਇਕ ਦੂਜੇ ਨੂੰ ਡੂੰਘੇ ਤੋਂ ਡੂੰਘੇ ਸ਼ੱਕ ਨਾਲ ਵਿਂਹਦੇ ਹਨ।"[4] ਇਹ ਪਾਗਲ ਆਦਮੀ ਦਾ ਉਲਾਰ ਨਹੀਂ ਨੂੰ, ਸਗੋਂ ਜਮਾਤੀ ਸਮਾਜ ਦੀ ਸਚਾਈ ਸੰਬੰਧੀ ਦਾਰਸ਼ਨਕ ਤੌਰ ਤੇ ਸੋਚ ਕੇ ਦਿੱਤਾ ਗਿਆ ਬਿਆਨ ਹੈ। ਇਸ ਨੂੰ ਪਾਗਲ ਆਦਮੀ ਦੀ ਸੋਚ ਦਾ ਸਿਰਲੇਖ ਢੁਕਵਾਂ ਹੀ ਦਿੱਤਾ ਗਿਆ ਹੈ ਕਿਉਂਕਿ ਹਰ ਪ੍ਰਗਤੀਸ਼ੀਲ ਵਿਚਾਰ ਪਹਿਲਾਂ ਪਾਗਲਪਨ ਹੀ ਕਿਹਾ ਜਾਂਦਾ ਹੈ। ਲੂਸੁਨ ਦੀ ਪਾਗਲ ਆਦਮੀ ਸਿਰਫ ਵਰਤਮਾਨ ਤੇ ਹੀ ਨਹੀਂ, ਸਮੇਂ ਭੂਤ ਕਾਲ ਤੇ ਭਵਿੱਖ

ਵਿਚ ਵੀ ਦੇਖ ਰਿਹਾ ਹੈ, "ਏਨ੍ਹਾਂ ਸਾਰੇ ਵਰ੍ਹਿਆਂ ਵਿਚ ਮੈਂ ਅਜਿਹੀ ਥਾਂ ਰਿਹਾ, ਜਿਥੇ ਚਾਰ ਹਜ਼ਾਰ ਸਾਲਾਂ ਤੋਂ ਆਦਮੀ ਦਾ ਮਾਸ ਖਾਧਾ ਜਾ ਰਿਹਾ ਹੈ ਅਤੇ ਚਾਰ ਹਜ਼ਾਰ ਵਰ੍ਹਿਆਂ ਦੇ ਮਾਨਸ-ਖਾਣੇ ਇਤਿਹਾਸ ਤੋਂ ਤੁਰਤ ਮਗਰੋਂ ਮੇਰੇ ਵਰਗਾ ਆਦਮੀ, ਭਾਵੇਂ ਕਿ ਮੈਨੂੰ ਇਸ ਬਾਰੇ ਪਹਿਲਾਂ ਕੁਝ ਵੀ ਪਤਾ ਨਹੀਂ ਸੀ, ਕਿਵੇਂ ਅਸਲੀ ਆਦਮੀਆਂ ਦਾ ਸਾਹਮਣਾ ਕਰ ਸਕਦਾ ਹੈ ?"[5]

ਪਾਗਲ ਆਦਮੀ ਏਸ ਤੱਥ ਪ੍ਰਤੀ ਸੁਚੇਤ ਹੈ ਕਿ ਆਦਮੀ ਏਸ ਮਾਨਸ-ਖਾਣੇ ਧੰਦੇ ਵਿਚ ਸਵੈ ਇੱਛਾ ਨਾਲ ਸ਼ਾਮਲ ਨਹੀਂ ਹੋਏ। ਪਹਿਲਾਂ ਉਨ੍ਹਾਂ ਨੂੰ ਇਸ ਸਬੰਧੀ ਕੁਝ ਵੀ ਪਤਾ ਨਹੀਂ ਹੁੰਦਾ ਪਰ ਇਕ ਵਾਰ ਉਹ ਇਸਦੇ ਜਾਲ ਵਿਚ ਫਸ ਗਏ ਤਾਂ ਇਸਦਾ ਹਿੱਸਾ ਬਣ ਜਾਂਦੇ ਹਨ। ਪਰ ਗ਼ਲਤ ਅਸਲੋਂ ਨਾ ਉਮੀਦੀ ਨਹੀਂ ਹੈ— "ਤੂੰ ਜਰੂਰ ਬਦਲ-ਆਪਣੇ ਦਿਲ ਦੇ ਧੁਰ ਅੰਦਰੋਂ ਬਦਲ। ਤੈਨੂੰ ਅਹਿਸਾਸ ਹੋਣਾ ਚਾਹੀਦੈ ਕਿ ਦੁਨੀਆਂ ਵਿਚ ਭਵਿੱਖ ਵਿਚ ਮਾਨਸ ਖਾਣਿਆਂ ਲਈ ਕੋਈ ਥਾਂ ਨਹੀਂ ਹੋਵੇਗੀ।" ਅਤੇ "ਜੇ ਤੁਸੀਂ ਨਹੀਂ ਬਦਲਦੇ ਤਾਂ ਤੁਸੀਂ ਸਾਰੇ ਇਕ ਦੂਜੇ ਨੂੰ ਖਾ ਜਾਓਗੇ।"[6] ਲੂਸ਼ੁਨ ਸ੍ਰਿਸ਼ਟੀ ਦੇ ਅੰਤ ਦਾ ਮਸੀਹਾ ਨਾ ਹੋਕੇ ਭਵਿੱਖ ਪ੍ਰਤੀ ਆਸਵੰਦ ਹੈ—ਅਜਿਹੇ ਬੱਚੇ ਵੀ ਹੈਨ, ਜਿਨ੍ਹਾਂ ਆਦਮੀ ਨਹੀਂ ਖਾਧੇ। ਬੱਚਿਆਂ ਤੇ ਲਾਈ ਗਈ ਆਸ ਨਵੇਂ ਸਮਾਜ ਦੀ ਉਸਾਰੀ ਦੀ ਆਸ ਹੈ। ਭੂਤ ਦੇ ਗੰਧ ਤੋਂ ਮੁਕਤ, ਬੱਚਿਆਂ ਦੇ ਦਿਮਾਗਾਂ ਵਿਚ ਨਵੇਂ ਮਨੁੱਖ ਸਿਰਜਦਿਆਂ, ਜਿਹੜੇ ਕਦੀ ਵੀ ਮਨੁੱਖੀ ਮਾਸ ਖਾਣ ਦੀ ਇਛਾ ਨਹੀਂ ਕਰਨਗੇ।

ਅੱਜ ਦਾ ਭਾਰਤੀ ਸਮਾਜ ਹਾਲੀ ਵੀ ਮਾਨਸ-ਖਾਣੇ ਯੁਗ ਵਿਚ ਹੈ। ਸਾਡੇ ਲੇਖਕਾਂ ਨੂੰ ਵੀ ਏਸ ਤੇ ਲੂਸ਼ੁਨ ਵਾਂਗ ਇਲਜ਼ਾਮ ਲਾਉਣੇ ਚਾਹੀਦੇ ਹਨ। ਸਾਡੇ ਸਮਾਜ ਨੂੰ ਪਾਗਲਾਂ ਦੀ ਲੋੜ ਹੈ, ਲੂਸ਼ੁਨ ਦੇ ਪਾਗਲ ਆਦਮੀ ਤੇ ਸਾਡੀਆਂ ਅੱਖਾਂ ਵੀ ਖੁਲਣੀਆਂ ਚਾਹੀਦੀਆਂ ਹਨ।

'ਇਕ ਪਾਗਲ ਦੀ ਡਾਇਰੀ' ਜ਼ਮਾਤੀ ਸਮਾਜ ਤੇ ਆਮ ਰੂਪ ਵਿਚ ਇਲਜ਼ਾਮ ਲਾਉਂਦੀ ਹੈ; 'ਆਹ ਕਿਊ ਦੀ ਸੱਚੀ ਕਹਾਣੀ' ਅਤੇ 'ਮਨੁੱਖ ਦੋਖੀ' ਕਹਾਣੀਆਂ ਜਗੀਰਦਾਰੀ ਪ੍ਰਧਾਨ ਸਮਾਜ ਵਿਚ ਕਿਰਸਾਣਾਂ ਤੇ ਨਿਮਨ-ਮੱਧ ਵਰਗ ਦੀ ਲੁੱਟ-ਖਸੁੱਟ ਤੇ ਉਨ ਤੇ ਜ਼ੁਲਮ ਦੀ ਮੂਰਤ ਅਤੇ ਵਿਸ਼ੇਸ਼ ਅਭਿਵਿਅਕਤੀ ਹੈ, ਜਿਸਦੇ ਸਿੱਟੇ ਵਜੋਂ ਉਨ੍ਹਾਂ ਦਾ ਗੈਰ-ਮਨੁੱਖੀਕਰਣ ਤੇ ਵਿਗਾੜ ਹੁੰਦੀ ਹੈ। ਆਹਕਿਊ ਪੁਰਾਣੇ ਚੀਨ ਦੇ ਕਿਸੇ ਵੀ ਪਿੰਡ ਦਾ ਵਾਸੀ ਸੀ। ਆਹਕਿਊ ਨਾਂ ਵੀ ਪੁਰਾਣੇ ਚੀਨੀ ਸਮਾਜ ਵਿਚ ਕਿਸੇ ਵੀ ਗਰੀਬ ਕਿਰਸਾਣ ਦਾ ਪ੍ਰਤੀਕ ਹੈ, ਜਿਸ ਕੋਲ ਜ਼ਮੀਨ ਨਹੀਂ ਹੈ ਅਤੇ ਢਿੱਡ ਭਰਨ ਲਈ ਜਿਸਨੂੰ ਹਰ ਤਰ੍ਹਾਂ ਦੇ ਕੰਮ ਕਰਨੇ ਪੈਂਦੇ ਹਨ। ਉਹਦਾ ਨਾ ਕੋਈ ਪਰਵਾਰ ਹੈ, ਨਾ ਘਰ। ਜਿਉਣ ਲਈ ਉਸ ਕੋਲ ਤਸੱਲੀ ਕਿਹੜੀ ਗੱਲ ਦੀ ਹੈ ? "ਉਹ ਖੁਦ ਬਾਰੇ ਬਹੁਤ ਉੱਚੇ ਖਿਆਲ ਰੱਖਦਾ ਹੈ। ਵਾਈਸ਼ਾਂਮ ਦੇ ਸਾਰੇ ਵਾਸੀਆਂ ਨੂੰ ਉਹ ਨੀਵਾਂ ਸਮਝਦਾ ਹੈ ਅਤੇ ਦੋ ਨੌਜਵਾਨ 'ਵਿਦਵਾਨਾਂ' ਨੂੰ ਤਾਂ ਮੁਸਕਰਾਹਟ ਦੇਣ ਕਾਬਲ ਵੀ ਨਹੀਂ ਸਮਝਦਾ।"(8) ਉਹਦੀ ਹੋਂਦ ਆਪਣੇ ਆਪ ਵਿਚ ਗੈਰ-ਮਨੁੱਖੀ ਸਮਾਜ ਵਿਵਸਥਾ ਨੂੰ ਉਘਾੜਦੀ ਹੈ। ਜਗੀਰੂ ਪੇਂਡੂ ਵਿਵਸਥਾ ਵਿਚ 'ਵਿਦਵਾਨਾਂ' ਦੀ ਵਿਸ਼ੇਸ਼ ਥਾਂ ਹੈ। ਆਹਕਿਊ ਜੋ ਵੀ ਕਮਾਉਂਦਾ ਹੈ, ਉਹ ਸ਼ਰਾਬ ਪੀਣ ਤੇ ਜੂਏ ਵਿਚ ਉਡਾ ਦਿੰਦਾ ਹੈ। ਕਿਉਂਕਿ ਉਹ ਸਾਰੇ ਪਿੰਡ ਵਾਸੀਆਂ ਨੂੰ ਨੀਵਾਂ ਸਮਝਦਾ ਹੈ, ਸੋ ਬਹੁਤ ਵਾਰੀ ਉਸਨੂੰ ਕੁੱਟ ਖਾਣੀ ਪੈਂਦੀ ਹੈ। ਪੇਂਡੂ ਜਨਤਾ ਲਈ ਉਸਨੂੰ ਕੁੱਟਣਾ ਮਨੋਰੰਜਨ ਦਾ ਸਾਧਨ ਹੈ। ਜਦ ਉਸਨੂੰ ਆਪਣੇ ਨਾਲੋਂ ਵੀ ਦਲਿੱਦਰ ਬੰਦਾ ਨੌਜਵਾਨ ਹੀ ਮਿਲਦਾ ਹੈ ਤਾਂ ਉਹ ਆਪਣੀ ਕੁੱਟ ਦਾ 'ਬਦਲਾ' ਲੈਣ ਵਿਚ ਸਫ਼ਲ ਹੁੰਦਾ ਹੈ। ਉਹ ਸ਼ਹਿਰ ਜਾਂਦਾ ਹੈ, ਚੋਰਾਂ ਦੀ ਢਾਣੀ ਵਿਚ ਰਲ ਜਾਂਦਾ ਹੈ ਤੇ ਫੇਰ ਪਿੰਡ ਮੁੜ ਆਉਂਦਾ ਹੈ। ਥੋੜਾ ਜਿਹਾ ਮਾਣ ਉਸਨੂੰ ਮਿਲਦਾ ਹੈ, ਪਰ ਜਦ ਉਹ ਚੋਰਾਂ ਨਾਲ ਆਪਣੇ ਸੰਬੰਧਾਂ ਬਾਰੇ ਬੜਕ ਮਾਰ ਦਿੰਦਾ ਹੈ ਤਾਂ ਫੇਰ ਪੁਰਾਣੀ ਹਾਲਤ ਵਿਚ ਪਹੁੰਚ ਜਾਂਦਾ ਹੈ। 1911 ਦਾ ਇਨਕਲਾਬ ਵੀ ਉਸਦੀ ਹਾਲਤ ਵਿਚ ਕੋਈ ਤਬਦੀਲੀ ਨਹੀਂ ਲਿਆਉਂਦਾ। ਉਹ ਬਗਾਵਤ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ; ਪਰ ਕੋਈ ਉਸਨੂੰ ਨੇੜੇ ਨਹੀਂ ਲੱਗਣ ਦਿੰਦਾ। ਉਸਦਾ ਸ਼ਾਨਦਾਰ ਅੰਤ ਫਾਂਸੀ ਦਾ ਮੈਦਾਨ ਹੈ, ਚੋਰੀ ਦੇ ਝੂਠੇ ਇਲਜ਼ਾਮ ਵਿਚ ਉਸਨੂੰ ਫਾਹੇ ਲਾ ਦਿੱਤਾ ਜਾਂਦਾ ਹੈ।

ਆਹਕਿਊ ਭਾਵੇਂ ਵਿਸ਼ੇਸ਼ ਚਰਿੱਤਰ ਜਾਪਦਾ ਹੈ, ਪਰ ਜਗੀਰੂ ਪ੍ਰਧਾਨ ਸਮਾਜ ਵਿਚ ਅਜਿਹੇ ਚਰਿੱਤਰ ਵੱਖ ਵੱਖ ਰੂਪਾਂ ਵਿਚ ਆਮ ਹੀ ਮਿਲਦੇ ਹਨ। ਪ੍ਰੇਮ ਚੰਦ ਦੀ ਕਹਾਣੀ 'ਕਫਨ' ਘੀਸੂ ਤੇ ਮਾਧੋ, ਆਹਕਿਊ ਤੋਂ ਜ਼ਿਆਦਾ ਵੱਖਰੇ ਨਹੀਂ ਸਨ। ਅਜਿਹੇ ਚਿਹਰਿਆਂ ਦੇ ਸਾਂਝੇ ਲੱਛਣ ਹੁੰਦੇ ਹਨ—ਅੰਤਾਂ ਦਾ ਪਤਨ, ਸਾਹਸੱਤਹੀਣਤਾ, ਗੈਰ-ਮਨੁੱਖੀਕਰਨ, ਜੋਕਿ ਜਗੀਰਦਾਰੀ ਪ੍ਰਧਾਨ ਸਮਾਜ ਦੇ ਦਬਾਅ ਤੇ ਜ਼ੁਲਮਾਂ ਦਾ ਸਿੱਟਾ ਹਨ। ਇਸ ਸਮਾਜ ਵਿਚ ਕੰਮਕਾਰ ਵਾਲੇ ਆਦਮੀਆਂ ਲਈ ਕੋਈ ਸਿਰਜਨਾਤਮਕ ਰਾਹ ਨਹੀਂ ਹੁੰਦਾ। ਆਹਕਿਊ ਚੀਨ ਦੇ 1911 ਬੁਰਜੂਆ ਇਨਕਲਾਬ ਤੇ ਵੀ ਟਿੱਪਣੀ ਹੈ, ਜੋ ਕਿਰਸਾਣੀ ਨੂੰ ਆਪਣੇ ਨਾਲ ਨਹੀਂ ਲੈ ਸਕਿਆ। ਉਸ ਵੇਲੇ ਦੇ ਪੇਂਡੂ ਚੀਨ ਵਿਚ ਕੋਈ ਤਬਦੀਲੀ ਨਹੀਂ ਵਾਪਰੀ, ਇਸੇ ਕਰਕੇ ਇਹ ਇਨਕਲਾਬ ਅਸਫਲ

ਵੀ ਹੋਇਆ।

'ਆਹ ਕਿਊ ਦੀ ਸੱਚੀ ਕਹਾਣੀ' ਦੀ ਗਿਣਤੀ ਅੱਜ ਸੰਸਾਰ ਦੇ ਕਲਾਸਿਕ ਸਾਹਿਤ ਵਿਚ ਹੁੰਦੀ ਹੈ। ਜਗੀਰਦਾਰੀ ਦੇ ਭੇੜਾਂ ਨੂੰ ਨੰਗਾ ਕਰਨ ਵਾਲੀ ਇਹ ਬੇਹੱਦ ਪ੍ਰਭਾਵਸ਼ਾਲੀ ਕਹਾਣੀ ਹੈ, ਜਗੀਰਦਾਰੀ ਭਾਰਤ ਵਿਚ ਹਾਲੀ ਵੀ ਮੌਜੂਦ ਹੈ, ਅਣਮਿਣਤ ਆਹ ਕਿਊਂ ਪੈਦਾ ਕਰ ਰਹੀ ਹੈ, ਅਕਹਿ ਦੁੱਖਾਂ ਦਾ ਕਾਰਣ ਬਣੀ ਹੈ ਤੇ ਸ਼ਾਨਦਾਰ ਮਨੁੱਖੀ ਸ਼ਕਤੀ ਨੂੰ ਅਜਾਈਂ ਗੁਆ ਰਹੀ ਹੈ।

'ਮਨੁੱਖ-ਦ੍ਰੋਹੀ' ਕਹਾਣੀ ਵਿਚ ਪੁਰਾਣੇ ਚੀਨੀ ਸਮਾਜ ਅੰਦਰ ਨੌਜਵਾਨ ਬੁੱਧੀਜੀਵੀਆਂ ਦੀ ਸਿਰਜਨਾਤਮਕ ਸ਼ਕਤੀ ਦੇ ਅਜਾਈਂ ਜਾਣ ਤੇ ਝਲਕ ਪੁਆਉਂਦੀ ਹੈ। ਵਾਈ ਲਿਆਨ ਸ਼ੂ ਨਾਮੀ ਕਹਾਣੀ ਦਾ ਨਾਇਕ ਕਿਸੇ ਸ਼ਹਿਰ ਵਿਚ ਰਹਿੰਦਾ ਹੈ ਉਹ ਚੁਪ ਚੁਪੀਤਾਂ ਜਿਹਾ ਬੰਦਾ ਹੈ, ਪਰ ਬੱਚਿਆਂ ਨੂੰ ਪਿਆਰ ਕਰਦਾ ਹੈ, ਉਸ ਦੀ ਦਾਦੀ ਨੇ ਕਾਫ਼ੀ ਔਕੜਾਂ ਝੱਲ ਕੇ ਉਸਨੂੰ ਪੜ੍ਹਾਇਆ ਹੈ। ਪਰ ਕਾਫੀ ਉੱਚੀ ਵਿਦਿਆ ਹਾਸਲ ਕਰਕੇ ਵੀ ਉਸਨੂੰ ਨੌਕਰੀ ਨਹੀਂ ਮਿਲਦੀ। ਉਹ ਜ਼ਿੰਦਗੀ ਵਿਚ ਕਾਮਯਾਬ ਰਹਿੰਦਾ ਹੈ, ਆਪਣੇ ਦੋਸਤ ਨੂੰ ਉਹ ਲਿਖਦਾ ਹੈ—' ਮੈਂ ਅਸਫਲ ਹੋ ਗਿਆ ਹਾਂ। ਮੈਂ ਸੋਚਿਆ ਮੈਂ ਪਹਿਲਾਂ ਅਸਫਲ ਰਿਹਾ ਸਾਂ, ਪਰ ਉਦੋਂ ਮੈਂ ਗਲਤ ਸੀ, ਪਰ ਹੁਣ ਮੈਂ ਸੱਚਿਓਂ ਹੀ ਅਸਫਲ ਹੋ ਗਿਆ ਹਾਂ[9] ਪਹਿਲਾਂ ਉਸਦੀ ਨੈਤਿਕ ਮੌਤ ਹੁੰਦੀ ਹੈ ਜਦ ਉਹ ਮਿਲਟਰੀ ਗਵਰਨਰ ਦੇ ਸਲਾਹਕਾਰ ਦੀ ਨੌਕਰੀ ਕਰ ਲੈਂਦਾ ਹੈ, ਜੋ ਉਸਨੂੰ ਕਦੀ ਵੀ ਪਸੰਦ ਨਹੀਂ ਸੀ। ਏਸ ਨੌਕਰੀ 'ਚ ਉਹ ਜ਼ਿਆਦਾ ਦੇਰ ਨਹੀਂ ਕੱਟਦਾ ਅਤੇ ਕੁਝ ਸਮੇਂ ਬਾਦ ਹੀ ਉਸਦੀ ਮੌਤ ਹੋ ਜਾਂਦੀ ਹੈ। ਪੁਰਣਾ ਢਾਂਚਾ ਜਿੱਤ ਜਾਂਦਾ ਹੈ, ਇਸ ਨੇ ਨੌਜਵਾਨ ਅੰਦਰ ਨਵੇਂ ਵਿਚਾਰਾਂ ਨੂੰ ਕੁਚਲ ਦਿੱਤਾ ਹੈ। ਵਾਈ ਦੇ ਰਿਸ਼ਤੇਦਾਰਾਂ ਨੂੰ, ਜੋ ਉਹ ਚਾਹੁੰਦੇ ਹਨ, ਮਿਲ ਜਾਂਦਾ ਹੈ।

ਲੂ ਸੁਨ ਨੇ ਆਪਣੀਆਂ ਕਹਾਣੀਆਂ ਅਤੇ ਲੇਖਾਂ ਰਾਹੀਂ ਦਿਖਾਇਆ ਹੈ ਕਿ ਕਿਵੇਂ ਪੁਰਾਣੇ ਚੀਨੀ ਸਮਾਜ ਦੇ ਜ਼ਾਲਮਾਂ ਹੱਥੋਂ ਵਿਸ਼ਾਲ ਲੋਕਾਈ—ਕਿਰਸਾਨ, ਮਜ਼ਦੂਰ, ਵਿਦਿਆਰਥੀ ਬੁੱਧੀਜੀਵੀ-ਸਤਾਏ ਗਏ। 18 ਮਾਰਚ 1926 ਨੂੰ 'ਸਵਰਾਜ ਦੀ ਸਥਾਪਤੀ ਤੋਂ ਮਗਰੋਂ ਦਾ ਸਭ ਤੋਂ ਕਾਲਾ ਦਿਨ' ਉਸਨੇ ਕਿਹਾ। ਕਿਉਂਕਿ ਜਪਾਨੀ ਸਾਮਰਾਜੀਆਂ ਨੇ ਚੀਨ ਅੰਦਰ ਹਥਿਆਰਬੰਦ ਦਖਲ ਦਿੱਤਾ ਅਤੇ ਇਸ ਦੇ ਵਿਰੋਧ ਵਿਚ ਵਿਦਿਆਰਥੀਆਂ ਨੇ ਮੁਜ਼ਾਹਰਾ ਜਥੇਬੰਦ ਕੀਤਾ। ਸਰਕਾਰ ਨੇ ਮੁਜ਼ਾਹਰੇ ਨੂੰ ਕਿਵੇਂ ਲਿਆ? ਗੋਲੀਆਂ ਦੀ ਵੁਛਾੜ ਕਰਕੇ, ਗੋਲੀਆਂ ਦਾ ਮੀਂਹ ਵਰ੍ਹਾ, ਕੇ, 47 ਨੌਜਵਾਨ ਮੁੰਡੇ-ਕੁੜੀਆਂ ਦਾ ਕਤਲੇ-ਆਮ ਕੀਤਾ ਗਿਆ ਅਤੇ ਲੂ ਸੁਨ ਨੇ ਲਿਖਿਆ—'ਚੀਨ ਨੂੰ ਚੀਤੇ ਤੇ ਬਘਿਆੜ ਹੜੱਪ ਰਹੇ ਹਨ, ਪਰ ਕੋਈ ਪਰਵਾਹ ਨਹੀਂ ਕਰਦਾ। ਥੋੜੇ ਜਿਹੇ ਵਿਦਿਆਰਥੀ ਪਰਵਾਹ ਕਰਦੇ ਹਨ, ਜਿਨ੍ਹਾਂ ਨੂੰ ਆਪਣੀ ਪੜਾਈ ਵਲ ਧਿਆਨ ਦੇਣਾ ਚਾਹੀਦਾ ਹੈ, ਪਰ ਗਲਤ ਤੋਂ ਦੁਖੀ ਹੋ ਕੇ, ਉਧਰ ਧਿਆਨ ਨਹੀਂ ਦੇ ਸਕਦੇ। ਜੇ ਹਾਕਮਾਂ ਵਿਚ ਜ਼ਰਾ ਵੀ ਜ਼ਮੀਰ ਹੈ ਤਾਂ ਕੀ ਉਨ੍ਹਾਂ ਨੂੰ ਆਪਣੀਆਂ ਗਲਤੀਆਂ ਨਹੀਂ ਮੰਨਣੀਆਂ ਚਾਹੀਦੀਆਂ ਅਤੇ ਆਪਣੀ ਜ਼ਿੰਮੇਦਾਰੀ ਦੀ ਮਾੜੀ ਮੋਟੀ ਬਚੀ ਭਾਵਨਾ ਨੂੰ ਯਾਦ ਨਹੀਂ ਕਰਨਾ ਚਾਹੀਦਾ?

ਪਰ ਉਨ੍ਹਾਂ (ਅਧਿਕਾਰੀਆਂ) ਨੇ ਉਨ੍ਹਾਂ (ਵਿਦਿਆਰਥੀਆਂ) ਨੂੰ ਜ਼ਿਬਾਹ ਕਰ ਦਿੱਤਾ!(10)

ਪਰ ਲੂ ਸੁਨ ਕੋਈ ਸ਼ਾਂਤੀ ਉਪਦੇਸ਼ਕ ਨਹੀਂ ਸੀ, ਸੋ ਉਸਨੇ ਖੂਨ ਦਾ ਬਦਲਾ ਖੂਨ ਨਾਲ ਲੈਣ ਦੀ ਮੰਗ ਕੀਤੀ।—"ਸਿਆਹੀ ਨਾਲ ਲਿਖੇ ਝੂਠ ਕਦੀ ਵੀ ਲਹੂ ਨਾਲ ਲਿਖੀ ਸੱਚਾਈ ਨੂੰ ਨਹੀਂ ਲੁਕਾ ਸਕਦੇ।"

ਲਹੂ ਦਾ ਕਰਜ਼ ਉਸੇ ਰੂਪ ਵਿਚ ਤਾਰਿਆ ਜਾਵੇ। ਜਿੰਨੀ ਵੱਧ ਦੇਰ ਨਾਲ ਉਨੇ ਵੱਧ ਵਿਆਜ ਨਾਲ।(11)

ਵਿਦਿਆਰਥੀਆਂ ਦੇ ਕਤਲੇ-ਆਮ ਨੇ ਲੂ ਸੁਨ ਨੂੰ ਕਈ ਹਫਤੇ ਰੋਹ 'ਚ ਭਰੀ ਰਖਿਆ ਅਤੇ ਇਸ ਦੌਰਾਨ ਗੁੱਸੇ ਤੇ ਅਫਸੋਸ ਨਾਲ ਭਰੇ ਉਸਨੇ ਕਈ ਲੇਖ ਲਿਖੇ।

ਦੋ ਨੌਜਵਾਨ ਕੁੜੀਆਂ ਮਿਸ ਲਿਊ ਹੇਜ਼ੂਨ ਅਤੇ ਯਾਂਗ ਡੇਨਾਂ ਵੀ ਜ਼ਿਬਾਹ ਕਰ ਦਿੱਤੀਆਂ ਗਈਆਂ ਸਨ। ਲੂਸੁਨ ਮਿਸ ਲਿਊ ਹੇਜ਼ੂਨ ਨੂੰ ਜਾਣਦਾ ਸੀ ਅਤੇ ਉਸਨੇ ਉਸ ਲਈ ਬਹੁਤ ਟੁੰਬਣੀ ਯਾਦਗਾਰ ਲਿਖੀ। ਉਸਨੇ ਲਿਖਿਆ—"ਏਨਾਂ ਤਿੰਨ ਕੁੜੀਆਂ ਦੇ ਏਨੀਂ ਸ਼ਾਂਤੀ ਨਾਲ, 'ਸੱਭਿਅਕ' ਆਦਮੀਆਂ ਦੀ ਕਾਢ ਗੋਲੀਆਂ ਨਾਲ ਭੁੰਨੇ ਜਾਣੇ ਡਿੱਗਣਾ—ਕੇਡਾ ਸ਼ਾਨਦਾਰ ਸੀ! ਚੀਨੀ ਫੌਜੀਆਂ ਰਾਹੀਂ ਔਰਤਾਂ ਦੇ ਬੱਚਿਆਂ ਦੀ ਵੱਢਾਟੁੱਕੀ ਵਿਚ ਦਿਖਾਈ 'ਬਹਾਦਰੀ' ਅਤੇ ਸਾਂਝੀਆਂ ਫੌਜਾਂ ਦੇ ਮਾਰਸ਼ਲ ਸੂਰਮਿਆਂ ਵਲੋਂ ਵਿਦਿਆਰਥੀਆਂ ਨੂੰ ਸਬਕ ਸਿਖਾਉਣ ਦੀ ਇੱਛਾ ਬਦਕਿਸਮਤੀ ਨਾਲ ਲਹੂ ਦੇ ਏਨਾਂ ਕੁੱਝ ਛਿੱਟਿਆਂ ਨਾਲ ਪੂਰੀ ਨਹੀਂ ਹੋ ਸਕੀ।

ਪਰ ਚੀਨੀ ਤੇ ਬਦੇਸੀ ਕਾਤਲ ਆਪਣੇ ਚਿਹਰਿਆਂ ਤੇ ਲਹੂ ਦੇ ਦਾਗਾਂ ਤੋਂ ਬੇਪਰਵਾਹ ਹਾਲੀਂ ਵੀ ਆਪਣਾ ਸਿਰ ਉਤਾਂਹ ਚੁੱਕੀ ਹੋਏ ਹਨ..."(12)

ਲੂਸੁਨ ਵਾਂਗ ਕਿੰਨੇ ਕੁ ਭਾਰਤੀ ਲੇਖਕ ਅਜਿਹੇ ਹਨ, ਜੋ ਏਨੇ ਰੋਹ, ਗੁੱਸੇ ਤੇ ਅਫਸੋਸ ਵਿਚ ਭਰ ਉਠਦੇ ਹਨ ਤੇ ਉਸਵਾਂਗ ਇਸ ਨੂੰ ਪ੍ਰਭਾਵਸ਼ਾਲੀ ਅਭਿਵਿਅਕਤੀ ਦਿੰਦੇ ਹਨ, ਜਦਕਿ ਹਜ਼ਾਰਾਂ ਕਿਰਸਾਨ, ਮਜ਼ਦੂਰ, ਵਿਦਿਆਰਥੀ ਸਮੇਤ ਔਰਤਾਂ, ਕੋਸੀ ਬੜਾ ਨਗਰ, ਬਾਰਾਸਾਤ, ਅਦਿਲਾਬਾਦ, ਕਾਨਪੁਰ, ਮੰਤ

ਨਗਰ, ਬੈਲਾਡੀਲਾ, ਮੋਮਾ ਤੇ ਹੋਰ ਅਣਗਿਣਤ ਥਾਵਾਂ ਤੇ ਕਤਲੇਆਮ ਕੀਤੇ ਜਾ ਰਹੇ ਹਨ ?

1931 ਵਿਚ ਫੇਰ, ਜਦ ਕੌਮਿਨਤਾਂਸ ਅਧਿਕਾਰੀਆਂ ਨੇ ਪੰਜ ਖੱਬੇਪੱਖੀ ਲੇਖਕਾਂ ਨੂੰ ਗ੍ਰਿਫਤਾਰ ਕਰਕੇ ਕੁੱਝ ਦਿਨਾਂ ਬਾਦ ਚੋਰਿਓਂ ਮਾਰ ਮੁਕਾਇਆ ਤਾਂ ਲੂਸੁਨ ਨਫਰਤ ਵਿਚ ਉਬਲ ਰਿਹਾ ਸੀ ਅਤੇ ਉਸਨੇ ਸਪਸ਼ਟ ਕੀਤਾ ਕਿ ਇਨਕਲਾਬੀ ਸਾਹਿਤ ਤੇ ਲੇਖਕ ਵੀ ਉਵੇਂ ਹੀ ਜ਼ੁਲਮ ਦਾ ਸ਼ਿਕਾਰ ਹਨ, ਜਿਵੇਂ ਕਾਮੇ ਲੋਕ ਜ਼ੁਲਮ ਦਾ ਸ਼ਿਕਾਰ ਹਨ। "ਸਾਡੇ ਸਾਥੀਆਂ ਦੇ ਲਹੂ ਨੇ ਸਾਬਤ ਕਰ ਦਿੱਤਾ ਹੈ ਕਿ ਇਨਕਲਾਬੀ ਸਾਹਿਤ, ਮਜ਼ਦੂਰ ਜਮਾਤ ਦਾ ਸਾਹਿਤ, ਉਸੇ ਤਰ੍ਹਾਂ ਜ਼ੁਲਮ ਤੇ ਆਤੰਕ ਦਾ ਸ਼ਿਕਾਰ ਹੁੰਦਾ ਹੈ, ਜਿਵੇਂ ਕਾਮੇ ਲੋਕ ਅਤੇ ਇਹ ਵੀ ਉਹੋ ਲੜਾਈਆਂ ਲੜ ਰਿਹਾ ਹੈ ਅਤੇ ਇਸ ਦੀ ਹੋਣੀ ਵੀ ਓਹੀ ਹੈ, ਇਹ ਇਨਕਲਾਬੀ ਕਾਮਿਆਂ ਦਾ ਸਾਹਿਤ ਹੈ।"(13) ਦੋ ਸਾਲਾਂ ਬਾਦ ਉਸਨੇ ਫੇਰ ਏਨਾਂ ਪੰਜ ਜਵਾਨ ਸ਼ਹੀਦਾਂ ਦੀ ਯਾਦ 'ਚ ਲਿਖੇ ਲੇਖ "ਭੁੱਲਣ ਲਈ ਲਿਖੇ", ਵਿਚ ਉਸਨੇ ਏਨਾਂ ਲੇਖਕਾਂ ਵਿਚੋਂ ਦੋ ਨਾਲ ਆਪਣੀਆਂ ਮੁਲਾਕਾਤਾਂ ਬਾਰੇ ਜਜ਼ਬਾਤੀ ਹੋਕੇ ਲਿਖਿਆ।

'ਚੀਨ ਫਰੀਡਮ ਲੀਗ', 'ਖੱਬੇ ਪੱਖੀ ਲੇਖਕਾਂ ਦੀ ਲੀਗ' ਅਤੇ 'ਸ਼ਹਿਰੀ ਹੱਕਾਂ ਦੀ ਚੀਨੀ ਲੀਗ' ਵਿਚ ਸ਼ਾਮਲ ਹੋਕੇ, ਜਨਤਕ ਮੀਟਿੰਗਾਂ ਵਿਚ ਹਿੱਸਾ ਲੈਕੇ, ਕਈ ਮੀਟਿੰਗਾਂ ਨੂੰ ਸੰਬੋਧਤ ਕਰਕੇ, ਜਦ ਹੋਰ ਕੋਈ ਅਧਿਆਪਕ ਹਿੰਮਤ ਨਹੀਂ ਕਰਦਾ ਸੀ ਉਸ ਵੇਲੇ ਵੀ ਵਿਦਿਆਰਥੀਆਂ ਨਾਲ ਖੜੇ ਕੇ, ਅਕਸਰ ਵਿਦਿਆ ਵਿਵਸਥਾ ਦੇ ਨੁਕਸਾਂ ਬਾਰੇ ਲਿਖਦੇ, ਜਿਸਦਾ ਉਹ ਆਪ ਹਿੱਸਾ ਸੀ; ਲੂਸੁਨ ਨੇ ਵਿਖਾਇਆ ਕਿ ਲੇਖਕ ਸਿਰਫ ਆਪਣੇ ਹਨੇਰੇ ਕਮਰੇ ਦੀ ਕੈਦ ਦਾ ਪੰਛੀ ਹੀ ਨਹੀਂ ਹੈ ਸਗੋਂ ਸਮਾਜੀ ਜ਼ਿੰਦਗੀ ਦੇ ਪ੍ਰਗਤੀਸ਼ੀਲ ਸੰਘਰਸ਼ਾਂ ਵਿਚ ਹਿੱਸਾ ਲੈਂਦੇ ਹੀ ਉਹ ਵਧੀਆ ਲਿਖ ਸਕਦਾ ਹੈ ਅਤੇ ਆਪਣੇ ਲੋਕਾਂ ਤੇ ਸਮਾਜ ਦੀ ਸੇਵਾ ਕਰ ਸਕਦਾ ਹੈ।

(ii) ਜਗੀਰੂ ਜਾਂ ਅਰਧ-ਜਗੀਰੂ ਸਮਾਜ ਵਿਚ ਔਰਤ ਦੀ ਸਥਿਤੀ :

'ਔਰਤਾਂ ਸਾਂਭਿਆ ਅੱਧ ਅਕਾਸ਼', ਇਕ ਆਧੁਨਿਕ ਇਨਕਲਾਬੀ ਦਾ ਇਹ ਸੁਨੇਹਾ ਹੈ।ਪਰ ਕਿਸੇ ਜਗੀਰੂ ਪ੍ਰਧਾਨ ਸਮਾਜ ਵਿਚ ਇਹ ਸੁਨੇਹਾ ਬੇਹੱਦ ਭੜਕਾਊ ਮੰਨਿਆ ਜਾਵੇਗਾ। ਪਰ ਮਨੁੱਖਤਾ ਦੇ ਅੱਧੇ ਹਿੱਸੇ ਤੇ ਲਗਾਤਾਰ ਢਾਹੇ ਜਾ ਰਹੇ ਜ਼ੁਲਮਾਂ ਤੋਂ ਕੋਈ ਲੋਕ ਪਖੀ ਲੇਖਕ ਅੱਖਾਂ ਨਹੀਂ ਮੀਟ ਸਕਦਾ। ਆਪਣੀ ਕਹਾਣੀ 'ਨਵੇਂ ਵਰ੍ਹੇ ਦਾ ਬਲੀਦਾਨ' ਵਿਚ ਲੂ ਸੁਨ ਪੁਰਾਣੇ ਚੀਨੀ ਸਮਾਜ ਅੰਦਰ ਮਜ਼ਦੂਰ ਔਰਤਾਂ ਦੀ ਦੁਰਦਸ਼ਾ ਉਘਾੜਦੇ ਹਨ। ਕਹਾਣੀ ਦੀ ਪੀੜਤ ਨਾਇਕਾ ਦਾ ਕੋਈ ਨਾਂ ਨਹੀਂ ਹੈ। ਉਸਨੂੰ ਜ਼ਿਆਮਲਿੰਗ ਦੀ ਪਤਨੀ ਕਹਿ ਕੇ ਹੀ ਜਾਣਿਆ ਜਾਂਦਾ ਹੈ। ਕਿਉਂਕਿ ਉਸਦੇ ਪੇਕੇ ਵੇਈ ਪਿੰਡ ਦੇ ਸਨ, ਸੋ ਉਸਦਾ ਉਪਨਾਂ ਵੇਈ ਮੰਨ ਲਿਆ ਜਾਂਦਾ ਹੈ, ਕਹਾਣੀ ਵਿਚ ਉਸਦਾ ਪਰੀਚੈ ਉਦੋਂ ਮਿਲਦਾ ਹੈ, ਜਦ ਉਹ ਕਹਾਣੀ ਬਿਰਤਾਂਤਕਾਰ ਦੇ ਚਾਚੇ ਮਿ: ਲੂ ਦੇ ਘਰ ਕੰਮ ਕਰਨ ਆਉਂਦੀ ਹੈ। ਉਸਦਾ ਪਤੀ, ਜੋਕਿ ਲੱਕੜਘਾੜਾ ਸੀ ਮਰ ਗਿਆ ਹੈ ਅਤੇ ਉਸਦੀ ਸਖਤ ਸੱਸ ਉਸਨੂੰ ਕੰਮ ਤੇ ਭੇਜ ਦਿੰਦੀ ਹੈ। ਉਹ ਉਮਰ ਦੇ ਮੁੱਢਲੇ ਤੀਹਣਿਆਂ 'ਚ ਹੈ, ਜਦ ਕਿ ਉਸਦਾ ਪਤੀ ਉਸਤੋਂ ਦਸ ਵਰ੍ਹੇ ਛੋਟਾ ਸੀ। ਉਸਦੀ ਸੱਸ ਜੋ ਕਿ ਤੀਹਣਿਆਂ ਦੇ ਅਖੀਰ ਨੂੰ ਢੁੱਕੀ ਹੈ, ਇਕ ਦਿਨ ਆਉਂਦੀ ਹੈ ਤੇ ਉਸਦੀ ਤਨਖਾਹ ਲੈ ਜਾਂਦੀ ਹੈ। ਉਹ ਉਸਨੂੰ ਕਿਸੇ ਹੋਰ ਬੰਦੇ ਨੂੰ ਵੇਚ ਦਿੰਦੀ ਹੈ। ਉਹ ਜਾਣਾ ਨਹੀਂ ਸੀ ਚਾਹੁੰਦੀ। ਬਾਦ 'ਚ ਉਹ ਹਾਲਤ ਨਾਲ ਸਮਝੌਤਾ ਕਰਦੀ ਹੈ। ਉਸਦੇ ਦੂਜੇ ਪਤੀ ਤੋਂ ਉਸਨੂੰ ਇਕ ਬੱਚਾ ਪੈਦਾ ਹੁੰਦਾ ਹੈ। ਉਸਦਾ ਦੂਜਾ ਪਤੀ ਵੀ ਮਰ ਜਾਂਦਾ ਹੈ ਅਤੇ ਇਕ ਦਿਨ ਉਸਦੇ ਦੋ ਸਾਲ ਦੇ ਪੁੱਤਰ ਅਮਾਓ ਨੂੰ ਬਘਿਆੜ ਚੁੱਕ ਕੇ ਲੈ ਜਾਂਦਾ ਹੈ। ਉਸਦਾ ਜੇਠ ਉਸਨੂੰ ਘਰੋਂ ਬਾਹਰ ਕੱਢ ਦਿੰਦਾ ਹੈ ਅਤੇ ਇਕ ਵਾਰ ਫੇਰ ਉਹ ਮਿ: ਲੂ ਦੇ ਘਰ ਕੰਮ ਕਰਣ ਆ ਜਾਂਦੀ ਹੈ। ਪਰ ਹੁਣ ਉਹ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ, ਉਹ ਸੈਂਕੜੇ ਵਾਰ ਆਪਣੇ ਪੁੱਤਰ ਦੇ ਬਘਿਆੜ ਹੱਥੋਂ ਚੁੱਕੇ ਜਾਣ ਦੀ ਘਟਨਾ ਸੁਣਾਉਂਦੀ ਹੈ। ਉਹ ਸ਼ੁਰੂ ਕਰਦੀ ਹੈ, "ਮੈਂ ਸੱਚੀਓਂ ਹੀ ਮੂਰਖ ਸੀ।" ਦੂਜੇ ਵਿਆਹ ਮਗਰੋਂ ਵੀ ਉਸਨੂੰ ਜ਼ਿਆਮਲਿੰਗ ਦੀ ਪਤਨੀ ਕਹਿ ਕੇ ਹੀ ਸੱਦਿਆ ਜਾਂਦਾ ਹੈ, ਪਰ ਹੁਣ ਉਸਨੂੰ ਪ੍ਰਾਚੀਨ ਬਲੀਵੇਦੀ ਨੇੜੇ ਨਹੀਂ ਲੱਗਣ ਦਿੱਤਾ ਜਾਂਦਾ। ਉਹ ਵਹਿਮੀ ਬਣ ਜਾਂਦੀ ਹੈ ਅਤੇ ਅਖੀਰ ਮੰਗਤੀ ਰੂਪ 'ਚ ਮਰ ਜਾਂਦੀ ਹੈ, ਜਦ ਕਿ ਮਿ: ਲੂ ਦੇ ਘਰ ਨਵੇਂ ਵਰ੍ਹੇ ਦੇ ਜਸ਼ਨ ਮਨਾਏ ਜਾ ਰਹੇ ਹਨ।

ਜ਼ਿਆਮਲਿਨ ਦੀ ਪਤਨੀ ਦੀ ਦੁਰਦਸ਼ਾ ਜਗੀਰੂ ਸਮਾਜ ਅੰਦਰ ਜ਼ਿਆਦਾਤਰ ਔਰਤਾਂ ਦੀ ਦਸ਼ਾ ਹੈ। ਬਹੁਤ ਸਾਰੀਆਂ ਭਾਰਤੀ ਔਰਤਾਂ ਦੀ ਹਾਲਤ ਵੀ ਜ਼ਿਆਮਲਿੰਗ ਦੀ ਪਤਨੀ ਤੋਂ ਵੱਖਰੀ ਨਹੀਂ, ਬਹੁਤ ਸਾਰੇ ਸਿਖਿਅਤ ਭਾਰਤੀਆਂ ਨੇ ਕਮਲਾ ਦੀ ਕਹਾਣੀ ਜ਼ਰੂਰ ਪੜ੍ਹੀ ਹੋਵੇਗੀ, ਜਿਸਨੂੰ ਇੱਕ ਪੱਤਰਕਾਰ ਨੇ ਭਾਰਤ ਦੀ ਰਾਜਧਾਨੀ ਤੋਂ ਕੋਈ ਬਹੁਤਾ ਦੂਰ ਨਹੀਂ ਚਲ ਰਹੇ ਮਾਸ ਦੇ ਵਪਾਰ ਨੂੰ ਨੰਗਾ ਕਰਨ ਲਈ ਖਰੀਦਿਆ ਸੀ।

ਜ਼ਿਆਮਲਿੰਗ ਦੀ ਪਤਨੀ ਦੀ ਜ਼ਿੰਦਗੀ ਜੇ ਸਮਾਜ ਦੇ ਸਭ ਤੋਂ ਗਰੀਬ ਹਿੱਸਿਆਂ ਦੀ ਜ਼ਿੰਦਗੀ ਦੀ ਝਲਕ ਹੈ ਤਾਂ ਜ਼ਿਜੁਨ ਦੀ ਕਹਾਣੀ ਨਿਮਨ ਮੱਧ

ਵਰਗ ਦੀਆਂ ਔਰਤਾਂ ਦੀ ਦੁਰਦਸ਼ਾ ਦਾ ਪ੍ਰਤੀਨਿਧ ਹੈ। 'ਭੂਤ ਲਈ ਅਫਸੋਸ' ਬਹੁਤ ਹੀ ਦਰਦਨਾਕ ਅਤੇ ਉਦਾਸ ਕਰਨ ਵਾਲੀ ਕਹਾਣੀ ਹੈ ਅਤੇ ਇਹ ਕਹਾਣੀ ਨਾ ਸਿਰਫ ਇਸਦੀ ਨਾਇਕਾ ਦੀਆਂ ਪੀੜਾਂ ਨੂੰ ਉਘਾੜਦੀ ਹੈ, ਸਮੇਂ ਇਸਦੇ ਨਾਇਕ ਦੀ ਪੀੜ ਨੂੰ ਵੀ ਉਘਾੜਦੀ ਹੈ, ਜੋ ਨਿਮਨ ਮੱਧ ਵੱਰਗ 'ਚੋਂ ਆਇਆ ਹੈ, ਜਗੀਰੂ ਕਦਰਾਂ ਕੀਮਤਾਂ ਪ੍ਰਧਾਨ ਸਮਾਜ ਵਿਚ, ਕੰਮੇ ਚਿੱਟੇ ਆਰਥਕ ਦਬਾਅ ਨਾਲ ਹੀ ਕਿਵੇਂ ਮਨੁੱਖੀ ਜਜ਼ਬੇ ਕੁਚਲੇ ਜਾ ਸਕਦੇ ਹਨ, ਇਹ ਇਸ ਕਹਾਣੀ ਵਿਚ ਦਿਖਾਇਆ ਗਿਆ ਹੈ। ਜੁਆਮਸ਼ੇਂਗ ਤੇ ਜ਼ਿਜੁਨ ਇਕ ਦੂਜੇ ਨੂੰ ਪਿਆਰ ਕਰਦੇ ਹਨ। ਸਮਾਜ ਵਿਰੁੱਧ ਬਗਾਵਤ ਕਰਕੇ ਉਹ ਇਕੱਠੇ ਰਹਿਣ ਲਗਦੇ ਹਨ ਜ਼ਿਜੁਨ ਕਹਿੰਦੀ ਹੈ ਮੈਂ ਆਪ ਆਪਣੀ ਮਾਲਕਣ ਹਾਂ। ਕਿਸੇ ਨੂੰ ਮੇਰੀ ਜ਼ਿੰਦਗੀ ਵਿਚ ਦਖਲ ਦੇਣ ਦਾ ਕੋਈ ਹੱਕ ਨਹੀਂ।'(15) ਕੁੱਝ ਮਹੀਨੇ ਤਾਂ ਜੋੜੀ ਲਈ ਬੱਸ ਅਨੰਦ ਹੀ ਆਨੰਦ ਸਨ, ਪਰ ਫੇਰ ਪੁਰਾਣੇ ਸਮਾਜ ਦਾ ਬਦਲਾ ਸਾਹਮਣੇ ਆਉਂਦਾ ਹੈ। ਜੁਆਮਸ਼ੇਂਗ ਨੂੰ ਨੌਕਰਿਓਂ ਜਵਾਬ ਮਿਲ ਜਾਂਦਾ ਹੈ। ਉਸਨੂੰ ਹੋਰ ਨੌਕਰੀ ਮਿਲਣ ਦਾ ਵਿਸ਼ਵਾਸ਼ ਹੈ। ਪਰ ਉਸਦੇ ਆਲੇ ਦੁਆਲੇ ਤਣਿਆਰਥ ਜਗੀਰੂ ਤਾਣਾ ਉਸਦਾ ਵਿਸ਼ਵਾਸ਼ ਤੋੜ ਦਿੰਦਾ ਹੈ। ਨਾ ਸਿਰਫ ਨੌਕਰੀ ਲੱਭਣ ਦੇ ਮਾਮਲੇ ਵਿਚ ਹੀ ਉਸਦਾ ਵਿਸ਼ਵਾਸ ਟੁੱਟਦੈ, ਉਨ੍ਹਾਂ ਦੀ ਸਮਾਜ ਵਿਰੁੱਧ ਬਗਾਵਤ ਦਾ ਅਸਾਰ ਵੀ ਟੁੱਟ ਜਾਂਦਾ ਹੈ। ਜ਼ਿਜੁਨ ਲਈ ਜੁਆਮਸ਼ੇਂਗ ਦਾ ਜਜ਼ਬਾ ਮੁੱਕ ਜਾਂਦੈ ਤੇ ਉਹ ਉਸ ਕੋਲ ਐਲਾਨ ਕਰ ਦਿੰਦਾ ਹੈ ਕਿ ਹੁਣ ਉਹ ਉਸਨੂੰ ਪਿਆਰ ਨਹੀਂ ਕਰਦਾ ਜ਼ਿਜੁਨ ਲਈ ਇਹ ਖਬਰ—'ਉਸਦਾ ਚਿਹਰਾ ਪੀਲਾ ਪੈ ਗਿਆ, ਮੌਤ ਵਰਗਾ ਪੀਲਾ ਪੈ ਗਿਆ, ਮੌਤ ਵਰਗਾ ਪੀਲਾ' (16) ਜ਼ਿਜੁਨ ਪੁਰਾਣੇ ਸਮਾਜ ਨੂੰ ਧੱਕ ਦਿੱਤੀ ਜਾਂਦੀ ਹੈ। ਉਹ ਆਪਣੇ ਪਿਤਾ ਨਾਲ ਆਪਣੇ ਪਿੰਡ ਮੁੜ ਜਾਂਦੀ ਹੈ, ਕੁੱਝ ਸਮੇਂ ਬਾਦ ਮਰਨ ਲਈ ਅਤੇ ਜੁਆਮਸ਼ੇਂਗ ਸਾਰੀ ਉਮਰ ਲਈ ਦੁੱਖ ਭੋਗਣ ਤੇ ਪਛਤਾਵਾ ਕਰਨ ਲਈ ਰਹਿ ਜਾਂਦਾ ਹੈ।

ਇਹ ਕਹਾਣੀ ਲੂ ਸੁਨ ਦੀਆਂ ਹੋਰ ਕਹਾਣੀਆਂ ਨਾਲੋਂ ਵੱਖਰੀ ਹੈ। ਇਹ ਬਹੁਤ ਹੀ ਟੁੰਬਣ ਵਾਲੀ ਕਹਾਣੀ ਹੈ। ਲੂ ਸੁਨ ਨੇ ਦੋ ਕੋਮਲ ਦਿਲਾਂ ਦੇ ਦੁਖਾਂਤ ਨੂੰ ਏਨੇਂ ਨਾਜ਼ੁਕ ਅੰਦਾਜ਼ ਵਿਚ ਚਿਤਰਿਆ ਹੈ ਅਤੇ ਨਾਲ ਹੀ ਉਸ ਸਮਾਜ ਵਿਵਸਥਾ, ਜਿਸਨੇ ਇਸ ਦੁਖਾਂਤ ਨੂੰ ਜਨਮ ਦਿੱਤਾ ਤੇ ਪਸ਼ੂਪਣ ਨੂੰ ਪੂਰੇ ਸ਼ਕਤੀਸ਼ਾਲੀ ਅੰਦਾਜ਼ ਵਿਚ ਚਿਤਰਿਆ ਹੈ। ਭਾਵੇਂ ਕਹਾਣੀ ਦੇ ਦੋਵੇਂ ਕਿਰਦਾਰ ਅਣਮਨੁੱਖੀ ਸਮਾਜੀ ਹਾਲਤਾਂ ਹਥੋਂ ਦੁੱਖ ਭੋਗਦੇ ਹਨ, ਪਰ ਇਹ ਔਰਤ ਹੈ, ਜੋ ਮਰਦੀ ਹੈ, ਜੋ ਪੂਰੀ ਤਰ੍ਹਾਂ ਕੁਚਲੀ ਜਾਂਦੀ ਹੈ, ਉਹ ਆਪਣਾ ਸਭ ਕੁਝ ਮਨੁੱਖੀ ਜਜ਼ਬੇ ਤੇ ਲਾ ਦਿੰਦੀ ਹੈ। ਉਸਨੇ ਆਪਣੇ ਆਪ ਨੂੰ ਮੁਕਤ ਕੀਤਾ ਤੇ ਮਰ ਗਈ। ਸਾਡੇ ਆਪਣੇ ਅਖਬਾਰਾਂ ਵਿਚ ਹਰ ਰੋਜ਼ ਨਿਰਾਸ਼ ਆਸ਼ਕਾਂ ਦੀਆਂ ਆਤਮ ਹੱਤਿਆ ਕਰਨ ਦੀਆਂ ਅਣਗਿਣਤ ਕਹਾਣੀਆਂ ਛੱਪਦੀਆਂ ਹਨ, ਜਿਨ੍ਹਾਂ ਤੋਂ ਸਾਡੇ ਸਮਾਜ ਦੇ ਅਰਧ ਜਗੀਰੂ ਦਬਾਅ ਦਾ ਅਹਿਸਾਸ ਹੋ ਸਕਦਾ ਹੈ, ਜਿਸਨੂੰ ਚੀਨ ਨੇ ਜਿੱਤ ਲਿਆ ਹੈ। ਜ਼ਿਜੁਨ ਘੱਟੋ ਘੱਟ ਇਕ ਕਦਮ ਤਾਂ ਅਗਾਂਹ ਵਧਦੀ ਹੈ, ਪਰ ਭਾਰਤੀ ਸਮਾਜ ਵਿਚ ਤਾਂ ਨਿਮਨ ਉੱਚ ਮੱਧ ਵਰਗ ਵਿਚ ਹੰਜ਼ਾਰਾਂ ਔਰਤਾਂ ਆਪਣੇ ਆਪ ਨੂੰ ਜਲਾ ਕੇ ਜਾਂ ਆਪਣੇ ਸਹੁਰਿਆਂ ਰਾਹੀਂ ਘੱਟ ਦਹੇਜ ਲਿਆਉਣ ਕਾਰਨ ਮਾਰ ਦਿੱਤੀਆਂ ਜਾਂਦੀਆਂ ਹਨ। ਇਹ ਸਮਾਜ ਰਾਹੀਂ ਕੀਤੇ ਜਾ ਰਹੇ ਸਿੱਧੇ ਤੇ ਸਪਸ਼ਟ ਕਤਲ ਹਨ, ਪਰ ਏਨਾਂ ਅਕਹਿ ਪੀੜਾਂ ਨੂੰ ਬਲੀ ਦੇਣ ਵਾਲੇ ਲੂ ਸੁਨ ਨੇ ਹਾਲੀ ਸਾਡੇ ਸਮਾਜ ਵਿਚ ਜਨਮ ਲੈਣਾ ਹੈ।

ਔਰਤਾਂ ਤੇ ਜ਼ੁਲਮ ਲੂਸੁਨ ਦੇ ਬਹੁਤ ਸਾਰੇ ਲੇਖਾਂ ਦਾ ਵੀ ਵਿਸ਼ਾ ਬਣਿਆ। ਉਸਦਾ ਪਹਿਲਾ ਮਹਤਵਪੂਰਨ ਲੇਖ 'ਬ੍ਰਹਮਚਰਜ ਸੰਬੰਧੀ ਮੇਰੇ ਵਿਚਾਰ' ਦਾ ਸੰਬੰਧ ਔਰਤਾਂ ਨਾਲ ਹੀ ਹੈ। ਏਸ ਲੇਖ ਵਿਚ ਲੂਸੁਨ ਜਗੀਰੂ ਕਦਰਾਂ ਦਾ ਪਖੰਡ ਉਘਾੜਦਾ ਹੈ, ਜੋ ਔਰਤਾਂ ਤੋਂ ਤਾਂ ਸਤੀਤਵ ਦੀ ਮੰਗ ਕਰਦੀਆਂ ਹਨ, ਪਰ ਆਦਮੀਆਂ ਤੋਂ ਨਹੀਂ, "ਬ੍ਰਹਮਚਰਜ ਔਰਤਾਂ ਤੇ ਆਦਮੀਆਂ ਦੋਹਾਂ ਲਈ ਹੀ ਗੁਣ ਮੰਨਿਆ ਜਾਂਦਾ ਸੀ, ਇਸੇ ਕਰਕੇ ਸਾਡੇ ਸਾਹਿਤ ਵਿਚ 'ਬ੍ਰਹਮਚਾਰੀ ਆਦਮੀ' ਦੇ ਪ੍ਰਸੰਗ ਮਿਲਦੇ ਹਨ। ਪਰ ਅੱਜ ਜਿਸ ਬ੍ਰਹਮਚਰਜ ਨੂੰ ਉਭਾਰਿਆ ਜਾਂਦਾ ਹੈ, ਉਹ ਸਿਰਫ ਔਰਤਾਂ ਲਈ ਹੈ, ਬੰਦਿਆਂ ਲਈ ਨਹੀ।" ਇਹ ਹਾਲਤ ਭਾਰਤੀ ਸਮਾਜ ਨਾਲ ਕਿੰਨੀ ਮਿਲਦੀ-ਜੁਲਦੀ ਹੈ? ਭਾਰਤ ਦੇ ਜਗੀਰੂ ਕਦਰਾਂ[17] ਪ੍ਰਧਾਨ ਸਮਾਜ ਵਿਚ ਕਿਸ ਤਰ੍ਹਾਂ ਦੀ ਔਰਤ ਦਾ ਗੁਣਗਾਨ ਕੀਤਾ ਜਾਂਦਾ ਹੈ—'ਸਤੀ ਸਵਿਤ੍ਰੀ?' ਜਿਹੜੀ ਔਰਤ ਆਪਣੇ ਪਤੀ ਦੀ ਮੌਤ ਤੇ ਆਤਮ ਹੱਤਿਆ ਕਰ ਲੈਂਦੀ ਹੈ, ਉਸਨੂੰ ਮਹਾਨ ਔਰਤ ਸਮਝਿਆ ਜਾਂਦਾ ਹੈ—ਸਤੀ। ਦਿੱਲੀ ਵਰਗੇ ਮਹਾਨਗਰ ਵਿਚ ਵੀ ਭਾਰਤੀ ਔਰਤ ਦੇ ਏਸ 'ਗੁਣ' ਦੇ ਹੱਕ ਵਿਚ ਮੁਜ਼ਾਹਰੇ ਹੁੰਦੇ ਹਨ। ਲੂਸੁਨ ਏਸ ਕੀਮਤ ਦੇ ਟੁਕੜੇ ਟੁਕੜੇ ਕਰ ਦਿੰਦਾ ਹੈ। ਉਹ ਸਵਾਲ ਖੜਾ ਕਰਦਾ ਹੈ—'ਕੀ ਬ੍ਰਹਮਚਰਜ ਗੁਣ ਹੈ? ਗੁਣ ਸਰਬ ਵਿਆਪੀ ਹੋਣੇ ਚਾਹੀਦੇ ਹਨ ਤੇ ਸਾਰਿਆ ਤੋਂ ਏਨ੍ਹਾਂ ਦੀ ਮੰਗ ਹੋਣੀ ਚਾਹੀਦੀ ਹੈ। ਉਹ ਸਭ ਦੀ ਪਹੁੰਚ ਵਿਚ ਅਤੇ ਦੂਜਿਆਂ ਦੇ ਅਤੇ ਖੁਦ ਦੇ ਫਾਇਦੇ ਵਿਚ ਹੋਣੇ ਚਾਹੀਦੇ ਹਨ। ਤਾਂ ਹੀ ਉਹ ਹਾਸਲ ਕਰਨ ਯੋਗ ਹਨ।"[18] ਫੇਰ ਉਹ ਦੂਜਾ ਸੁਆਲ ਖੜਾ ਕਰਦਾ ਹੈ—"ਬਹੁ ਪਤਨੀ ਭੋਗ ਕਰਨ ਵਾਲੇ ਆਦਮੀ ਦੀ ਔਰਤਾਂ ਵਿਚ ਬ੍ਰਹਮਚਰਜ ਦੀ ਪ੍ਰਸ਼ੰਸਾ ਦਾ ਹੱਕ ਰੱਖਦੇ ਹਨ?" ਅਤੇ ਉਹ ਬੁਲੰਦੀ ਨਾਲ ਐਲਾਨ ਕਰਦਾ

ਹੈ—"ਸਮਾਜ ਤੇ ਰਾਜ ਸਿਰਫ ਆਦਮੀਆਂ ਹੀ ਨੇ ਨਹੀਂ ਬਣਾਏ। ਸੋ ਸਾਨੂੰ ਇਹ ਸੱਚ ਮੰਨਣਾ ਚਾਹੀਦਾ ਹੈ ਕਿ ਦੋਵੇਂ ਸੈਕਸ ਬਰਾਬਰ ਹਨ। ਅਤੇ ਜੇ ਬਰਾਬਰ ਹਨ ਤਾਂ ਦੋਵੇਂ ਇਕੋ ਸਮਝੌਤੇ ਅਧੀਨ ਆਉਂਦੇ ਹਨ। ਆਦਮੀ ਔਰਤਾਂ ਲਈ ਅਜਿਹੇ ਨਿਯਮ ਨਹੀਂ ਬਣਾ ਸਕਦੇ, ਜਿਨ੍ਹਾਂ ਤੇ ਉਹ ਆਪ ਨਹੀਂ ਚਲਦੇ।" (19) ਕਿੰਨੇ ਕੁ ਭਾਰਤੀ ਆਦਮੀ ਸੈਕਸ-ਬਰਾਬਰੀ ਦੀ ਚੇਤਨਾ ਰੱਖਦੇ ਹਨ, ਦੱਸਣ ਦੀ ਲੋੜ ਨਹੀਂ।' ਬ੍ਰਹਮਚਰਜ ਨੂੰ ਗੁਣ ਮੰਨਣ ਦੇ ਭਰਮ ਨੂੰ ਚੂਰ ਚੂਰ ਕਰਕੇ ਲੂਸੁਨ ਹੋਰ ਵੀ ਡੂੰਘਾ ਉਤਰਦਾ ਹੈ ਅਤੇ ਸ਼ੁੱਧ ਪਦਾਰਥੀ ਪੱਧਰ ਤੇ ਸਵਾਲ ਕਰਦਾ ਹੈ—'ਕੀ ਬ੍ਰਹਮਚਾਰੀ ਹੋਣਾ ਔਖਾ ਹੈ?" ਅਤੇ ਉਹ ਆਦਮੀਆਂ ਤੇ ਚੋਟ ਲਾਉਂਦਾ ਹੈ—'ਕਿਉਂਕਿ ਆਦਮੀ ਜਾਣਦੇ ਹਨ ਕਿ ਇਹ ਕਿੰਨਾ ਔਖਾ ਹੈ, ਤਾਂਹੀਉਂ ਉਹ ਇਸ ਦੀ ਤਾਰੀਫ ਕਰਦੇ ਹਨ।' ਏਸ ਕੀਮਤ ਦੇ ਆਦਮੀ-ਸਾਵਨਵਾਦੀ ਚਰਿਤ੍ਰ ਨੂੰ ਉਹ ਅਗਾਂਹ ਹੋਰ ਉਘਾੜਦਾ ਹੈ—"ਆਦਮੀ ਭਾਵੇਂ ਔਰਤ ਨੂੰ ਵਰਗਲਾ ਲਵੇ, ਉਸ ਨੂੰ ਕੁੱਝ ਨਹੀਂ ਕਿਹਾ ਜਾਵੇਗਾ। ਜੇ 'ੳ' (ਆਦਮੀ) 'ਅ' (ਔਰਤ) ਵੱਲ ਵਧਦਾ ਹੈ ਤੇ ਉਹ ਉਸ ਨੂੰ ਰੱਦ ਕਰ ਦਿੰਦੀ ਹੈ ਤਾਂ ਉਹ ਬ੍ਰਹਮਚਾਰਣੀ ਹੈ। ਜੇ ਉਹ ਇਸ ਪ੍ਰਕਿਆ ਵਿਚ ਮਰ ਜਾਵੇ ਤਾਂ ਉਹ ਸ਼ਾਨਦਾਰ ਸ਼ਹੀਦ ਹੈ। 'ੳ' ਦਾ ਨਾਂ ਬੇਦਾਗ ਹੈ ਤੇ ਸਮਾਜ ਬਿਨਾ ਭ੍ਰਿਸ਼ਟਿਆ, ਪਰ ਜੇ ਦੂਜੇ ਬੰਨੇ 'ਅ' 'ੳ' ਨੂੰ ਸਵੀਕਾਰ ਕਰ ਲਵੇ, ਉਹ ਭ੍ਰਿਸ਼ਟੀ ਹੈ। 'ੳ' ਦਾ ਨਾਂ ਫੇਰ ਵੀ ਬੇਦਾਗ ਹੈ ਪਰ (ਔਰਤ) ਨੇ ਸਮਾਜ ਦਾ ਪੱਧਰ ਨੀਵਾਂ ਕਰ ਦਿੱਤਾ ਹੈ।" (20)

ਜਗੀਰੂ ਸਮਾਜ ਵਿਚ ਔਰਤਾਂ ਲਈ ਦੋਵੇਂ ਤਰ੍ਹਾਂ ਮੁਸ਼ਕਲ ਹੈ, ਭਾਵੇਂ ਉਹ ਬ੍ਰਹਮਚਾਰੀ ਰਹਿਣ ਭਾਵੇਂ ਨਾ ਰਹਿਣ। ਬ੍ਰਹਮਚਾਰੀ ਰਹਿਣਾ ਗੈਰ ਕੁਦਰਤੀ ਸ਼ਰੀਰਕ ਜ਼ਿੰਦਗੀ ਹੈ ਅਤੇ 'ਗੈਰ-ਬ੍ਰਹਮਚਾਰੀ' ਔਰਤਾਂ ਨੂੰ ਹਰ ਤਰ੍ਹਾਂ ਦੁਰਕਾਰਿਆ ਜਾਂਦਾ ਹੈ ਅਤੇ ਆਪਣੀ ਪੂਰੀ ਜ਼ਿੰਦਗੀ ਉਨ੍ਹਾਂ ਨੂੰ ਬੇਅਰਥੀ ਦੂਸ਼ਣਬਾਜੀ ਸਹਿਣੀ ਪੈਂਦੀ ਹੈ।

ਲੂਸੁਨ ਤੱਥਾਂ ਦੇ ਅਧਾਰ ਤੇ ਦਲੀਲ ਨਾਲ ਨਿਚੋੜ ਕੱਢਦਾ ਹੈ ਕਿ "ਬ੍ਰਹਮਚਾਰੀ ਰਹਿਣਾ ਬੇਹੱਦ ਮੁਸ਼ਕਲ ਅਤੇ ਪੀੜ ਭਰਿਆ ਹੈ, ਕਿਸੇ ਨੂੰ ਪਸੰਦ ਨਹੀਂ, ਨਾ ਦੂਜਿਆਂ ਤੇ ਨਾ ਆਪਣੇ ਲਈ ਇਹ ਫਾਇਦੇਮੰਦ ਹੈ, ਨਾ ਰਾਜ ਲਈ ਨਾ ਸਮਾਜ ਦੀ ਇਹ ਕੋਈ ਸੇਵਾ ਕਰਦਾ ਹੈ ਅਤੇ ਆਉਣ ਵਾਲੀਆਂ ਨਸਲਾਂ ਲਈ ਤਾਂ ਇਸਦਾ ਕੋਈ ਹੱਲ ਨਹੀਂ।" ਅਜਿਹੀਆਂ ਦਬਾਉਣ ਵਾਲੀਆਂ ਕੀਮਤਾਂ ਨੂੰ ਮਿਟਾਕੇ ਲੂਸੁਨ ਲੋਕਾਂ ਤੋਂ ਚਾਹੁੰਦਾ ਹੈ ਕਿ ਉਹ "ਵੱਧ ਅਕਲਮੰਦ, ਬਹਾਦਰ, ਇੱਛਾਵਾਂ ਰੱਖਣ ਵਾਲੇ ਤੇ ਪ੍ਰਗਤੀਸ਼ੀਲ" ਹੋਣ। ਏਸ ਲਈ "ਸਾਨੂੰ ਹਰ ਨਕਾਬ ਪਾੜਨੀ ਪਵੇਗੀ, ਸਾਨੂੰ ਦੁਨੀਆਂ ਵਿਚ ਸਾਰੀ ਮੂਰਖਤਾ ਅਤੇ ਤਾਨਾਸ਼ਾਹੀ ਮਿਟਾਉਣੀ ਪਵੇਗੀ ਜੋ ਦੂਜਿਆਂ ਨੂੰ ਵੀ ਤੇ ਸਾਨੂੰ ਆਪ ਨੂੰ ਵੀ ਨੁਕਸਾਨ ਪੁਚਾਉਂਦੀ ਹੈ।" ਅਤੇ "ਸਾਨੂੰ ਸਹੁੰ ਖਾਣੀ ਚਾਹੀਦੀ ਹੈ ਕਿ ਸਾਰੀ ਮਨੁੱਖਤਾ ਸੱਚੀ ਖੁਸ਼ੀ ਨੂੰ ਜਾਣੇ।"

ਲੂਸੁਨ ਦੀਆਂ ਸਾਰੀਆਂ ਲਿਖਤਾਂ ਅਜਿਹੇ ਸਮਾਜ ਬਣਾਉਣ ਨੂੰ ਤੇ ਅਜਿਹੀ ਚੇਤਨਾ ਸਿਰਜਣ ਨੂੰ ਤਾਂਘਦੀਆਂ ਹਨ ਜਿਥੇ ਸੱਚੀ ਮਨੁੱਖੀ ਖੁਸ਼ੀ ਹੋਵੇ।

ਲੂਸੁਨ ਪਿਆਰ ਰਹਿਤ ਵਿਆਹਾਂ ਤੇ ਵੀ ਚੋਟ ਲਾਉਂਦਾ ਹੈ। ਇਹ ਵਿਆਹ ਭਾਰਤੀ ਸਮਾਜ ਵਿਚ ਆਮ ਹਨ। "ਪਿਆਰ ਰਹਿਤ ਵਿਆਹਾਂ ਦੇ ਭੈੜੇ ਸਿੱਟੇ ਬੇਰੋਕ ਨਿਕਲ ਰਹੇ ਹਨ। ਜੋ ਸਿਰਫ ਨਾਂ ਨੂੰ ਹੀ ਪਤੀ-ਪਤਨੀ ਹਨ, ਉਹ ਇਕ ਦੂਜੇ ਦਾ ਕੋਈ ਵਾਸਤਾ ਨਹੀਂ ਰੱਖਦੇ, ਸੋ ਨੌਜਵਾਨ ਆਦਮੀ ਵੇਸ਼ਵਾਵਾਂ ਕੋਲ ਜਾਂਦੇ ਹਨ ਤੇ ਬੁੱਢੇ ਰਖੇਲਾਂ ਖਰੀਦ ਲੈਂਦੇ ਹਨ।' (21) ਭਾਰਤ ਵਿਚ ਬੁੱਢੇ ਜ਼ਿਮੀਂਦਾਰ ਰਖੇਲਾ ਨਹੀਂ ਖਰੀਦਦੇ, ਉਹ ਆਪਣੀਆਂ ਖੇਤ ਮਜ਼ਦੂਰ ਔਰਤਾਂ ਨਾਲ ਜਬਰ-ਜਿਨਾਹ ਕਰਦੇ ਹਨ। ਚੀਨ ਵਿਚ ਰਖੇਲਾਂ ਦੀ ਕੁੱਝ ਤਾਂ ਸਮਾਜ ਵਿਚ ਥਾਂ ਸੀ, ਭਾਰਤੀ ਜ਼ਿਮੀਂਦਾਰਾਂ ਦੇ ਜਬਰ-ਜਿਨਾਹਾਂ ਦੀਆਂ ਸ਼ਿਕਾਰ ਔਰਤਾਂ ਲਈ ਤਾਂ ਕੋਈ ਵੀ ਥਾਂ ਨਹੀਂ।

'ਉਹਦੀ ਮਾਂ' ਲੂਸੁਨ ਦਾ ਪੁਰਾਣੇ ਚੀਨੀ ਸਮਾਜ ਦੀ ਇਕ ਗਾਲ੍ਹ ਤੇ ਚੁਭਵਾਂ ਵਿਅੰਗ ਹੈ। ਜਗੀਰੂ ਸਮਾਜਾਂ ਵਿਚ ਗਾਲ੍ਹਾਂ ਵੀ ਕਿੰਨੀਆਂ ਮਿਲਦੀਆਂ ਜੁਲਦੀਆਂ ਹਨ! ਭਾਰਤ ਦੇ ਹਰ ਸੂਬੇ ਵਿਚ ਮਾਂ ਤੇ ਭੈਣ ਦੇ ਨਾਂ ਤੇ ਗੰਦੀਆਂ ਤੇ ਭੈੜੀਆਂ ਗਾਲ੍ਹਾਂ ਪ੍ਰਚਲਤ ਹਨ। ਏਨੀਆਂ ਮਿਲਦੀਆਂ ਗਾਲ੍ਹਾਂ ਦਾ ਕਾਰਣ ਔਰਤ ਪ੍ਰਤੀ ਜਗੀਰੂ ਰਵੱਈਆ ਹੈ। ਔਰਤਾਂ ਜਗੀਰਦਾਰਾਂ ਲਈ ਸਿਰਫ ਰੱਖਣ ਵਾਲੀਆਂ 'ਚੀਜ਼ਾਂ' ਹਨ, ਸੋ ਇਕ ਦੂਜੇ ਨੂੰ ਚੋਟ ਲਾਉਣ ਲਈ ਆਦਮੀ ਔਰਤਾਂ ਤੱਕ ਨੂੰ ਇਸਤੇਮਾਲ ਕਰ ਲੈਂਦੇ ਹਨ। ਔਰਤ ਜਾਤੀ ਨੂੰ ਗਾਲ੍ਹਾਂ ਦੇਣ ਦੇ ਮਾਮਲੇ ਵਿਚ ਭਾਰਤ ਸ਼ਾਇਦ ਪੁਰਾਣੇ ਚੀਨ ਤੋਂ ਕਿਤੇ ਅਗਾਂਹ ਹੈ।

ਆਪਣੇ ਲੇਖ 'ਗੁਆਂਗਫੂਇਜ਼ਮ' ਵਿਚ ਲੂਸੁਨ ਇਕ ਵਾਰ ਫੇਰ ਬ੍ਰਹਮਚਰਜ, ਪਵਿੱਤਰ ਜ਼ਿੰਦਗੀ ਆਦਿ ਦਾ ਮਜ਼ਾਕ ਉਡਾਉਂਦਾ ਹੈ। ਇਹ ਕਿਵੇਂ ਆਦਮੀਆਂ ਤੇ ਔਰਤਾਂ ਦੀ ਜ਼ਿੰਦਗੀ ਤੇ ਅਸਰ ਛੱਡਦਾ ਹੈ, ਉਹ ਲਿਖਦਾ ਹੈ—"ਉਨ੍ਹਾਂ ਆਦਮੀਆਂ ਤੇ ਔਰਤਾਂ, ਜਿਹੜੇ ਕੁਆਰਾਪਣ ਦੀ ਜ਼ਿੰਦਗੀ ਬਿਤਾਉਣ ਲਈ ਮਜਬੂਰ ਕੀਤੇ ਜਾਂਦੇ ਹਨ, ਦਾ ਚਰਿਤ੍ਰ ਲਾਜ਼ਮੀ ਤੌਰ ਤੇ ਪ੍ਰਭਾਵਤ ਹੁੰਦਾ ਹੈ ਅਤੇ ਉਨ੍ਹਾਂ ਵਿਚੋਂ ਬਹੁਤੇ ਸੌੜ ਦਿਮਾਗੇ, ਸ਼ੱਕੀ ਅਤੇ ਰੋਗੀ

ਬਣ ਜਾਂਦੇ ਹਨ।[20] ਖ਼ੁਦ ਦਬਾਏ ਹੋਣ ਕਾਰਣ ਉਹ ਦੂਜਿਆਂ ਦੀ ਸੈਕਸ ਜ਼ਿੰਦਗੀ ਪ੍ਰਤੀ ਸ਼ੱਕੀ ਅਤੇ ਜ਼ਿਆਦਾ ਸੰਵੇਦਨਸ਼ੀਲ ਬਣ ਜਾਂਦੇ ਹਨ, ਜਿਹੜੀ ਉਨ੍ਹਾਂ ਵਿਚ ਈਰਖਾ ਪੈਦਾ ਕਰਦੀ ਹੈ। ਨਿਰਸੰਦੇਹ ਇਉਂ ਵਾਪਰਨਾ ਲਾਜ਼ਮੀ ਹੈ। ਹਾਲਤ ਉਨ੍ਹਾਂ ਨੂੰ ਪਵਿੱਤਰਤਾ ਦਾ ਨਕਾਬ ਪਹਿਨਣ ਨੂੰ ਮਜਬੂਰ ਕਰਦੇ ਹਨ, ਪਰ ਦਿਲ 'ਚ ਉਹ ਮੂਲ ਪ੍ਰਵਿਰਤੀ ਦੀ ਲੋੜ ਤੋਂ ਬਚ ਨਹੀਂ ਸਕਦੇ, ਅਤੇ ਇਹ ਮਹਿਸੂਸ ਕੀਤੇ ਬਿਨਾ ਨਹੀਂ ਰਹਿ ਸਕਦੇ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਕਿਸੇ ਚੀਜ਼ ਦੀ ਘਾਟ ਹੈ।"[22]

ਲੂਸੁਨ ਆਪਣੇ ਬਹੁਤ ਸਾਰੇ ਲੇਖਾਂ ਵਿਚ ਦੋਵਾਂ ਸੈਕਸਾਂ ਨੂੰ ਵੱਖ ਰੱਖਣ ਦੀ ਕੋਸ਼ਿਸ਼ ਤੇ ਚੋਟ ਪਾਉਂਦਾ ਤੇ ਉਸਦਾ ਮਜ਼ਾਕ ਉਡਾਉਂਦਾ ਹੈ। ਇਹ ਕੋਸ਼ਿਸ਼ ਕਿਵੇਂ ਆਦਮੀਆਂ ਦੇ ਦਿਮਾਗਾਂ ਵਿਚ ਵਿਚਿਤ੍ਰ ਕਲਪਨਾਵਾਂ ਨੂੰ ਜਨਮ ਦਿੰਦੀ ਹੈ—'ਔਰਤਾਂ ਦੀਆਂ ਉਚੀਆਂ ਬਾਹਾਂ ਦੇ ਕੱਪੜੇ ਇਕਦਮ ਉਨ੍ਹਾਂ ਨੂੰ ਨੰਗੀਆਂ ਬਾਹਾਂ ਬਾਰੇ, ਨੰਗੇ ਸ਼ਰੀਰ ਬਾਰੇ, ਸੈਕਸ ਅੰਗਾਂ ਬਾਰੇ, ਭੋਗ ਬਾਰੇ, ਖੁਲੇ ਲਿੰਗ ਸੰਬੰਧਾਂ ਬਾਰੇ ਤੇ ਦੋਗਲਿਆਂ ਬਾਰੇ ਸੋਚਣ ਲਾ ਦਿੰਦੇ ਹਨ।'

ਇਹ ਇਕੋ ਇਕ ਪੱਖ ਹੈ, ਜਿਥੇ ਚੀਨੀ ਬੜੀਆਂ ਜ਼ਿੰਦਾ ਦਿਲ ਕਲਪਨਾਵਾਂ ਦੇ ਧਨੀ ਹਨ।"[23]

ਨਾ ਸਿਰਫ ਪੁਰਾਣੇ ਚੀਨੀ ਲੋਕ, ਸਗੋਂ ਅਜਿਹੇ ਜਗੀਰੂ ਦਬਾ ਹੇਠ ਜਿਉਂਦੇ ਸਾਰੇ ਹੀ ਲੋਕਾਂ ਕੋਲ ਅਜਿਹੀਆਂ 'ਜ਼ਿੰਦਾਦਿਲ' ਕਲਪਨਾਵਾਂ ਹਨ। "ਔਰਤਾਂ ਹੀ ਸਭ ਤੋਂ ਬੁਰੀਆਂ ਝੂਠ ਬੋਲਣ ਵਾਲੀਆਂ ਨਹੀਂ ਹਨ" ਨਾਮੀ ਲੇਖ ਵਿਚ ਲੂਸੁਨ ਵਿਅੰਗ ਨਾਲ ਔਰਤਾਂ ਦੇ ਝੂਠੇ ਹੋਣ ਸੰਬੰਧੀ ਧਾਰਨਾ ਤੇ ਚੋਟ ਲਾਉਂਦਾ ਹੈ। ਉਹ ਕਾਟ ਲਾਉਣ ਵਾਲੇ ਅੰਦਾਜ਼ ਵਿਚ ਦੱਸਦਾ ਹੈ ਕਿ ਕਿਵੇਂ ਅਨੇਕਾਂ ਆਦਮੀ ਵੀ ਬੜੇ ਬੁਰੇ ਝੂਠੇ ਸਾਬਤ ਹੋਏ ਹਨ। ਭਾਰਤੀ ਸਮਾਜ ਵਿਚ ਵੀ ਇਹ ਆਮ ਅਖਾਣ ਹੈ ਕਿ ਔਰਤਾਂ ਆਦਤਨ ਝੂਠੀਆਂ ਹੁੰਦੀਆਂ ਹਨ।

ਲੂਸੁਨ ਆਪਣੇ ਆਪ ਨੂੰ ਸਿਰਫ ਜ਼ਾਲਮ ਸਮਾਜੀ ਯਥਾਰਥ ਨੂੰ ਨੰਗਾ ਕਰਨ ਤੱਕ ਹੀ ਸੀਮਤ ਨਹੀਂ ਰੱਖਦਾ, ਉਹ ਹਾਂ ਪੱਖੀ ਇਲਾਜ ਵੀ ਸੁਝਾਉਂਦਾ ਹੈ। 'ਔਰਤਾਂ ਦੀ ਮੁਕਤੀ' ਲੇਖ ਵਿਚ ਉਹ ਸਾਨੂੰ ਦੱਸਦਾ ਹੈ ਕਿ ਜਦ ਤੱਕ ਔਰਤਾਂ ਨੂੰ ਬਰਾਬਰ ਆਰਥਕ ਹੱਕ ਨਹੀਂ ਮਿਲਦੇ, ਜਦ ਤੱਕ ਉਹ ਸਮਾਜ ਦੇ ਪੈਦਾਵਾਰੀ ਸੰਬੰਧਾਂ ਦਾ ਹਿੱਸਾ ਨਹੀਂ ਬਣਦੀ, ਉਸਦੀ ਹਾਲਤ ਨਹੀਂ ਬਦਲੇਗੀ।" "ਜਦ ਤੱਕ ਸਾਰੀਆਂ ਔਰਤਾਂ ਨੂੰ ਆਦਮੀਆਂ ਵਾਂਗ ਬਰਾਬਰ ਆਰਥਕ ਹੱਕ ਨਹੀਂ ਮਿਲਦੇ, ਮੈਂ ਸਾਰੀਆਂ ਵਧੀਆ ਗੱਲਾਂਬਾਤਾਂ ਨੂੰ ਖਾਲੀ ਢੋਲ ਹੀ ਮੰਨਦਾ ਹਾਂ। ਨਿਰਸੰਦੇਹ, ਆਦਮੀਆਂ ਤੇ ਔਰਤਾਂ ਵਿਚਕਾਰ ਸ਼ਰੀਰਕ ਤੇ ਮਨੋਵਿਗਿਆਨਕ ਫਰਕ ਹਨ, ਇਹ ਫਰਕ ਇੱਕ ਸੈਕਸ ਦੇ ਮੈਂਬਰਾਂ ਵਿਚ ਵੀ ਹਨ; ਪਰ ਉਨ੍ਹਾਂ ਦਾ ਦਰਜਾ ਬਰਾਬਰ ਹੋਣਾ ਚਾਹੀਦਾ ਹੈ। ਸਿਰਫ ਉਦੋਂ ਹੀ, ਜਦ ਉਨ੍ਹਾਂ ਦਾ ਦਰਜਾ ਬਰਾਬਰ ਹੋਵੇਗਾ, ਸਾਡੇ ਕੋਲ ਅਸਲੀ ਆਦਮੀ ਤੇ ਔਰਤਾਂ ਹੋਣਗੀਆਂ ਅਤੇ ਜੋ ਸ਼ਿਕਾਇਤਾਂ ਤੇ ਸੰਤਾਪਾਂ ਨੂੰ ਖਤਮ ਕਰ ਦੇਣਗੇ।"[24] ਅਤੇ ਇਹ ਤਦ ਤੱਕ ਨਹੀਂ ਹੋਣਾ, ਜਦ ਤੱਕ ਸਮਾਜ ਸੰਪੂਰਨ ਤੌਰ ਤੇ ਮੁਕਤ ਨਹੀਂ ਹੁੰਦਾ ਅਤੇ ਜਦ "ਸਮਾਜ ਮੁਕਤ ਹੋ ਜਾਵੇਗਾ, ਅਸੀਂ ਆਪ ਵੀ ਮੁਕਤ ਹੋ ਜਾਵਾਂਗੇ।"[25]

ਔਰਤਾਂ ਦਾ ਬਰਾਬਰ ਦਰਜਾ ਨਾ ਤਾਂ ਪੁਰਾਣੇ ਚੀਨ ਵਿਚ ਸੰਭਵ ਸੀ ਨਾਂ ਹੀ ਇਹ ਅੱਜ ਦੇ ਭਾਰਤ ਵਿਚ ਸੰਭਵ ਹੈ। ਜਦ ਭਾਰਤੀ ਸਮਾਜ ਮੁਕਤ ਹੋਵੇਗਾ, ਭਾਰਤੀ ਔਰਤ ਵੀ ਉਦੋਂ ਮੁਕਤ ਹੋ ਜਾਵੇਗੀ।

(iii) ਜ਼ੁਲਮ ਹੇਠ ਦਬੇ ਮੁਲਕਾਂ ਵਿਚ ਸਾਹਿਤ ਦੀ ਭੂਮਿਕਾ।

ਲੂਸੁਨ ਨੇ ਸਿਰਫ ਲੇਖ ਅਤੇ ਕਹਾਣੀਆਂ ਹੀ ਨਹੀਂ ਲਿਖੇ, ਸਗੋਂ ਉਸਨੇ ਇਕ ਮਜ਼ਬੂਤ ਸਭਿਆਚਾਰਕ ਲਹਿਰ ਦੀ ਉਸਾਰੀ ਬਾਰੇ ਵੀ ਸੋਚਿਆ। ਪਰ ਉਸਨੂੰ ਸਾਹਿਤ ਤੇ ਲੇਖਕਾਂ ਦੀ ਭੂਮਿਕਾ ਬਾਰੇ ਕੋਈ ਭਰਮ ਨਹੀਂ ਸਨ। ਸਾਹਿਤ ਅਤੇ ਲੇਖਕਾਂ ਸੰਬੰਧੀ ਉਸਦੇ ਵਿਚਾਰ ਏਹਨਾਂ ਲੇਖਾਂ ਵਿਚ ਸਪਸ਼ਟਤਾ ਨਾਲ ਪ੍ਰਗਟ ਹੋਏ ਹਨ—"ਇਨਕਲਾਬੀ ਦੌਰ ਦਾ ਸਾਹਿਤ' 'ਸਾਹਿਤ ਅਤੇ ਇਨਕਲਾਬ', 'ਸਾਡੇ ਨਵੇਂ ਸਾਹਿਤ ਬਾਰੇ ਕੁੱਝ ਵਿਚਾਰ 'ਖੱਬੇ ਪੱਖੀ ਲੇਖਕਾਂ ਦੀ ਲੀਗ ਸੰਬੰਧੀ ਵਿਚਾਰ' 'ਸ਼ੰਘਾਈ ਸਾਹਿਤ ਤੇ 'ਇਕ ਝਾਤ', 'ਪੁਰਾਣੇ ਰੂਪਾਂ ਨੂੰ ਅਪਨਾਉਣ ਬਾਰੇ' ਅਤੇ 'ਵਿਅੰਗ ਕੀ ਹੈ" ਆਦਿ।

ਲੂਸੁਨ ਵਿਚ ਇਹ ਕਹਿਣ ਦੀ ਹਿੰਮਤ ਸੀ ਕਿ ਸਮਾਜ ਲਈ ਸਾਹਿਤ ਨਾਲੋਂ ਵੱਧ ਇਨਕਲਾਬ ਦਾ ਮਹੱਤਵ ਹੈ। "ਇਨਕਲਾਬ ਲਈ ਸਾਨੂੰ ਇਨਕਲਾਬੀਆਂ ਦੀ ਲੋੜ ਹੈ, ਪਰ ਇਨਕਲਾਬੀ ਸਾਹਿਤ ਉਡੀਕ ਕਰ ਸਕਦੇ, ਕਿਉਂਕਿ ਜਦ ਇਨਕਲਾਬੀ ਲਿਖਣਾ ਸ਼ੁਰੂ ਕਰਨਗੇ, ਉਦੋਂ ਹੀ ਇਨਕਲਾਬੀ ਸਾਹਿਤ ਸਾਹਮਣੇ ਆਵੇਗਾ। ਸੋ ਮੇਰੇ ਵਿਚਾਰ ਅਨੁਸਾਰ ਸਾਹਿਤ ਲਈ ਵੀ ਇਨਕਲਾਬ ਹੀ ਵੱਡੀ ਭੂਮਿਕਾ ਨਿਭਾਉਂਦਾ ਹੈ।" ([26]) ਲੂਸੁਨ ਸਾਹਿਤ ਨੂੰ ਇਨਕਲਾਬ ਦੇ ਪ੍ਰਸੰਗ ਵਿਚ ਹੀ ਵੇਖਦਾ ਹੈ। ਉਸ ਨੂੰ ਪੱਕਾ ਯਕੀਨ ਸੀ ਕਿ ਸਾਹਿਤ ਇਨਕਲਾਬ ਤੋਂ ਪ੍ਰਭਾਵਤ ਹੁੰਦਾ ਹੈ। ਉਹ ਇਸ ਪ੍ਰਭਾਵ ਨੂੰ ਤਿੰਨ ਵੱਖ ਵੱਖ ਕਾਲਾਂ ਵਿਚ ਵੰਡਦਾ ਹੈ—"ਇਨਕਲਾਬ ਹੋਣ ਤੋਂ ਪਹਿਲਾਂ ਲਗਭਗ ਸਾਰਾ ਸਾਹਿਤ ਸਮਾਜੀ ਹਾਲਤਾਂ ਬਾਰੇ ਚਿੰਤਾ ਤੇ ਅਸੰਤੋਸ਼ ਜ਼ਾਹਰ ਕਰਦਾ ਹੈ, ਪੀੜਾਂ ਤੇ ਰੋਹ ਨੂੰ ਵਾਣੀ ਦਿੰਦਾ

ਹੈ। ਪਰ ਪੀੜਾਂ ਤੇ ਰੋਹ ਦਾ ਇਜ਼ਹਾਰ ਦਾ ਇਨਕਲਾਬ ਤੇ ਅਸਰ ਨਹੀਂ ਹੁੰਦਾ ਕਿਉਂਕਿ ਸਿਰਫ਼ ਸ਼ਿਕਾਇਤਾਂ ਅਸਰਹੀਣ ਹੁੰਦੀਆਂ ਹਨ।" (27) ਲੂਸੁਨ ਉਸ ਕੌਮ ਨੂੰ ਗਈ-ਗੁਜ਼ਰੀ ਸਮਝਦਾ ਹੈ, ਜਿਸ ਕੋਲ ਸਿਰਫ਼ ਸ਼ਿਕਾਇਤਾਂ ਦਾ ਹੀ ਸਾਹਿਤ ਹੈ।

ਦੂਜਾ ਦੌਰ ਇਨਕਲਾਬ ਹੋਣ ਦਾ ਦੌਰ ਹੈ, ਜਦ ਸਾਹਿਤ ਕੁਝ ਸਮੇਂ ਲਈ ਅਲੋਪ ਹੋ ਜਾਂਦਾ ਹੈ ਕਿਉਂਕਿ "ਮਗਨ ਇਨਕਲਾਬ ਬੜੇ ਰੁਝੇਵਿਆਂ ਅਤੇ ਗਰੀਬੀ ਦਾ ਦੌਰ ਹੁੰਦੇ ਹਨ, ਜਦ ਇਕ ਗਰੁੱਪ ਦੂਜੇ ਨਾਲ ਸੁਲਝ ਰਿਹਾ ਹੋਵੇ ਤਾਂ ਪਹਿਲੀ ਜ਼ਰੂਰੀ ਗੱਲ ਮੌਜੂਦਾ ਸਮਾਜੀ ਵਿਵਸਥਾ ਨੂੰ ਬਦਲਣ ਦੀ ਹੈ। ਕਿਸੇ ਕੋਲ ਲਿਖਣ ਲਈ ਨਾ ਵਿਹਲ ਹੁੰਦੀ ਹੈ ਤੇ ਨਾ ਇੱਛਾ। ਸੋ ਮਗਨ ਇਨਕਲਾਬ ਦੌਰਾਨ ਸਾਹਿਤ ਦੀ ਦੁਨੀਆਂ ਦਾ ਵਕਤੀ ਚੁੱਪੀ ਵਿਚ ਚਲੇ ਜਾਣਾ ਲਾਜ਼ਮੀ ਹੈ।" (28)

ਜਦ ਇਨਕਲਾਬ ਜਿੱਤ ਹਾਸਲ ਕਰ ਲੈਂਦਾ ਹੈ, ਸਾਹਿਤ ਫੇਰ ਲਿਖਿਆ ਜਾਣਾ ਸ਼ੁਰੂ ਹੁੰਦਾ, ਜਦ ਸਮਾਜੀ ਤਨਾਅ ਘਟ ਜਾਂਦੇ ਨੇ ਤੇ ਮਨੁੱਖ ਚੰਗੀ ਹਾਲਤ ਵਿਚ ਹੁੰਦੇ ਹਨ। ਇਸ ਦੌਰ ਵਿਚ ਦੋ ਤਰ੍ਹਾਂ ਦਾ ਸਾਹਿਤ ਲਿਖਿਆ ਜਾਂਦਾ ਹੈ—ਪਹਿਲਾ ਇਨਕਲਾਬ ਦੇ ਸੋਹਿਲੇ ਗਾਉਣ ਵਾਲਾ ਤੇ ਦੂਜਾ ਪੁਰਾਣੇ ਸਮਾਜ ਲਈ ਰੋਣ-ਚੀਕਣ ਵਾਲਾ। ਲੂਸੁਨ ਨੇ ਸਾਹਿਤ ਨੂੰ ਇਹ ਕਹਿ ਕੇ ਸਹੀ ਦ੍ਰਿਸ਼ਟੀਕੋਣ ਅਨੁਸਾਰ ਸਮਝਿਆ— "ਮੈਂ ਜਾਣਦਾ ਹਾਂ ਕਿ ਕੁੱਝ ਲੋਕ ਸੋਚਦੇ ਹਨ ਕਿ ਸਾਹਿਤ ਦਾ ਇਨਕਲਾਬ ਤੇ ਬੜਾ ਪ੍ਰਭਾਵ ਹੁੰਦਾ ਹੈ, ਪਰ ਨਿਜੀ ਤੌਰ ਤੇ ਮੈਨੂੰ ਇਸ ਗੱਲ ਤੇ ਸ਼ੱਕ ਹੈ। ਸਾਹਿਤ ਆਖਰਕਾਰ ਫੁਰਸਤ ਦੀ ਪੈਦਾਵਾਰ ਹੈ, ਜੋ ਕਿ ਹਕੀਕਤਨ ਕਿਸੇ ਕੌਮ ਦੇ ਸਭਿਆਚਾਰ ਦੀ ਝਲਕ ਪੁਆਉਂਦਾ ਹੈ।" (29) ਅਤੇ ਇਨਕਲਾਬ ਦੇ ਦੌਰ ਵਿਚ, "ਬੰਦੂਕਾਂ ਦੀ ਗਰਜ ਸੁਣਨਾ ਸਾਹਿਤ ਨਾਲੋਂ ਕਿਧਰੇ ਵੱਧ ਸੁਆਦਲਾ ਹੈ।"

ਅੱਜ ਦਾ ਭਾਰਤੀ ਸਮਾਜ ਕਿਸ ਦੌਰ ਵਿਚ ਹੈ? ਇਹ ਹਾਲੀਂ ਵੀ ਪਹਿਲੇ ਦੌਰ ਵਿਚ ਹੈ—ਇਨਕਲਾਬ ਹੋਣ ਤੋਂ ਪਹਿਲਾਂ ਦੇ ਦੌਰ ਵਿਚ—ਸੋ ਭਾਰਤੀ ਜ਼ਬਾਨਾਂ ਵਿਚ ਲਿਖਿਆ ਜਾਣ ਵਾਲਾ ਬਹੁਤਾ ਸਾਹਿਤ ਸ਼ਿਕਾਇਤਾਂ ਦਾ ਸਾਹਿਤ ਹੈ; ਹਾਲਾਂਕਿ ਵਿਰੋਧ ਦੇ ਸਾਹਿਤ ਦੀ ਸਿਰਜਣਾ ਵੀ ਹੋ ਰਹੀ ਹੈ,ਪਰ ਇਹ ਵਿਚਿਤ੍ਰ ਹੈ ਕਿ ਵਿਰੋਧ ਦਾ ਇਹ ਸਾਹਿਤ ਕਈ ਵਾਰ ਸਰਕਾਰੀ ਅਦਾਰਿਆਂ ਰਾਹੀਂ ਇਨਾਮਾਂ ਨਾਲ ਸਨਮਾਨਿਆ ਵੀ ਜਾ ਰਿਹਾ ਹੈ ਅਤੇ ਸਾਹਿਤੱਕ ਖੇਤਰ ਵਿਚ ਅਜਿਹੀ ਹਾਲਤ ਸੰਬੰਧੀ ਲੂ ਸੁਨ ਦੇ ਕੀ ਵਿਚਾਰ ਹਨ—

"ਜੇ ਸਮਾਜ ਖੜੋਤ ਵਿਚ ਰਹਿੰਦਾ ਹੈ ਤਾਂ ਸਾਹਿਤ ਇਸ ਤੋਂ ਅਗਾਂਹ ਉੱਡ ਕੇ ਨਹੀਂ ਜਾ ਸਕਦਾ ਜੇ ਇਹ ਅਜਿਹੀ ਖੜੋਤ ਵਾਲੇ ਸਮਾਜ ਵਿਚ ਵਧਦਾ ਫੁਲਦਾ ਹੈ ਤਾਂ ਇਸਦਾ ਅਰਥ ਹੈ ਕਿ ਇਸ ਨੂੰ ਉਸ ਸਮਾਜ ਵਲੋਂ ਬਰਦਾਸ਼ਤ ਕੀਤਾ ਜਾਂਦਾ ਹੈ ਅਤੇ ਇਸ ਨੇ (ਸਾਹਿਤ) ਇਨਕਲਾਬ ਵੱਲ ਪਿੱਠ ਕਰ ਲਈ ਹੈ। ਸਿੱਟੇ ਵਜੋਂ ਵੱਡਿਆਂ ਤੇ ਵੱਧ ਗਿਣਤੀ ਵਿਚ ਛਪਨ ਵਾਲੇ ਮੈਗਜ਼ੀਨਾਂ ਵਿਚ ਜਾਂ ਵੱਡੀਆਂ ਵਪਾਰਕ ਸੰਸਥਾਵਾਂ ਵਲੋਂ ਛਾਪੇ ਜਾਣ ਵਾਲੇ ਰਿਸਾਲਿਆਂ ਵਿਚ ਛਪਣ ਦਾ ਮੌਕਾ ਮਿਲ ਜਾਂਦਾ ਹੈ।"(30) ਇਹ ਕਥਨ ਸਾਡੀਆਂ ਭਾਰਤੀ ਸਾਹਿੱਤਕ ਹਸਤੀਆਂ ਤੇ ਕਿੰਨੀ ਸੱਚਾਈ ਨਾਲ ਲਾਗੂ ਹੁੰਦਾ ਹੈ! ਕੱਲ੍ਹ ਦੇ ਵਰ੍ਹਿਆਂ ਦੇ ਕਿੰਨ੍ਹੇ ਇਨਕਲਾਬੀ ਲੇਖਕ ਅੱਜ ਸਿਨਮਾ, ਵੱਡੇ ਅਖਬਾਰਾਂ, ਸਰਕਾਰੀ ਰੇਡਿਓ ਤੇ ਟੈਲੀਵਿਜ਼ਨ ਆਦਿ ਵਿਚ ਸਮੋਏ ਗਏ ਹਨ, ਕਿਸੇ ਵਿਆਖਿਆ ਦੀ ਮੰਗ ਨਹੀਂ ਕਰਦਾ।

ਲੂ ਸੁਨ ਸਾਹਿਤ ਵਿਚ ਪ੍ਰਚਾਰ ਦੇ ਮਹੱਤਵ ਨੂੰ ਬੜੀ ਚੰਗੀ ਤਰ੍ਹਾਂ ਸਮਝਦਾ ਸੀ। ਪਰ ਉਹ ਪ੍ਰਚਾਰ ਸਾਹਿਤਕ ਰੂਪ ਦੇ ਘੇਰੇ ਵਿਚ ਹੀ ਚਾਹੁੰਦਾ ਸੀ। "ਭਾਵੇਂ ਕਿ ਮੇਰੇ ਵਿਚਾਰ ਵਿਚ ਸਾਰਾ ਸਾਹਿਤ ਹੀ ਪ੍ਰਚਾਰ ਹੈ, ਪਰ ਸਾਰਾ ਪ੍ਰਚਾਰ ਸਾਹਿਤ ਨਹੀਂ ਹੈ। ਜਿਵੇਂ ਸਾਰੇ ਫੁੱਲ ਰੰਗਦਾਰ ਹੁੰਦੇ ਹਨ, ਪਰ ਸਾਰੀਆਂ ਰੰਗਦਾਰ ਚੀਜਾਂ ਫੁਲ ਨਹੀਂ ਹੁੰਦੀਆਂ। ਨਾਰਿਆਂ, ਪੋਸਟਰਾਂ, ਬਿਆਨਾਂ, ਤਾਰਾਂ, ਪਾਠ-ਪੁਸਤਕਾਂ ਆਦਿ ਦੇ ਨਾਲ ਨਾਲ ਇਨਕਲਾਬ ਨੂੰ ਵੀ ਸਾਹਿਤ ਦੀ ਵੀ ਲੋੜ ਹੁੰਦੀ ਹੈ— ਕਿਉਂਕਿ ਇਹ ਸਾਹਿਤ ਹੈ ਇਸ ਲਈ।(31)), ਪਰ ਇਨਕਲਾਬ ਦੇ ਦੌਰ ਵਿਚ ਕਈ ਅਜਿਹੇ ਲੇਖਕ ਹੁੰਦੇ ਹਨ, ਜੋ ਕਹਾਉਂਦੇ ਤਾਂ ਆਵਦੇ ਆਪ ਨੂੰ ਇਨਕਲਾਬੀ ਹਨ, ਪਰ ਜਿਨ੍ਹਾਂ ਦੀਆ ਲਿਖਤਾਂ ਵਿਚ ਕੋਈ ਇਨਕ-ਲਾਬੀ ਤੱਤ ਨਹੀਂ ਹੁੰਦਾ। ਜਦ ਪੁਰਾਣਾ ਸਮਾਜ ਡਿਗਣ ਕਿਨਾਰੇ ਹੋਵੇ, ਤੁਹਾਨੂੰ ਇਨਕਲਾਬੀ ਜਾਪਣ ਵਾਲੀਆਂ ਲਿਖਤਾਂ ਮਿਲਣਗੀਆਂ, ਪਰ ਜੋ ਹਕੀਕਤ ਵਿਚ ਸੱਚਾ ਇਨਕਲਾਬੀ ਸਾਹਿਤ ਨਹੀਂ ਹੈ।"(32)

ਪਿਛਲੇ ਦਸ ਸਾਲਾਂ ਅੰਦਰ ਵੱਖ ਵੱਖ ਭਾਰਤੀ ਜ਼ਬਾਨਾਂ ਅੰਦਰ ਲਿਖੇ ਸਾਹਿਤ ਵਿਚ ਸੱਚੇ ਤੇ ਝੂਠੇ ਇਨਕਲਾਬੀ ਸਾਹਿਤ ਦਾ ਫਰਕ ਦੇਖਿਆ ਜਾ ਸਕਦਾ ਹੈ। ਅਖੌਤੀ ਇਨਕਲਾਬੀ ਲੇਖਕਾਂ ਵਿਚੋਂ ਕਿੰਨੇ ਅੱਜ ਪਤਨ ਦੀ ਡੂੰਘੀ ਖਾਈ ਵਿਚ ਜਾ ਡਿੱਗੇ ਹਨ, ਉਨ੍ਹਾਂ ਦੇ ਇਨਕਲਾਬ ਨਾਲ 'ਅਨੁਰਾਗ' ਵੱਲ ਇਸ਼ਾਰਾ ਹੈ।

ਮਾਰਚ 1930 ਵਿਚ ਚੀਨ ਵਿਚ 'ਖੱਬੇ ਪੱਖੀ ਲੇਖਕਾਂ ਦੀ ਲੀਗ' ਬਣਾਈ ਗਈ ਅਤੇ ਇਹ 1936 ਤੱਕ ਹੋਂਦ ਵਿਚ ਰਹੀ। ਇਸ ਨੇ ਉਸ ਦੌਰ ਦੇ ਬਹੁਤ ਸਾਰੇ ਦੇਸ਼ ਭਗਤ ਲੇਖਕਾਂ ਨੂੰ ਇਕ ਮੁੱਠ ਕਰਨ ਵਿਚ ਮਹੱਤਵ ਪੂਰਨ ਭੂਮਕਾ ਨਿਭਾਈ। ਇਸ ਲੀਗ

ਦੀ ਸ਼ੁਰੂਆਤੀ ਮੀਟਿੰਗ ਵਿਚ ਇਕ ਗੱਲਬਾਤ ਰਾਹੀਂ ਲੂ ਸੁਨ ਨੇ ਲੇਖਕਾਂ ਅੰਦਰ ਪ੍ਰਚਲਤ ਬਹੁਤ ਸਾਰੇ ਗਲਤ ਵਿਚਾਰਾਂ ਨੂੰ ਸਪਸ਼ਟ ਕੀਤਾ। "ਇਕ ਹੋਰ ਗਲਤ ਵਿਚਾਰ ਇਹ ਧਾਰਣਾ ਹੈ ਕਿ ਕਵੀ ਜਾਂ ਲੇਖਕ ਦੂਜੇ ਪ੍ਰਾਣੀਆਂ ਨਾਲੋਂ ਵਧੀਆਂ ਹਨ ਅਤੇ ਉਨ੍ਹਾਂ ਦਾ ਕੰਮ ਦੂਜੇ ਕੰਮਾਂ ਨਾਲੋਂ ਮਗਨ ਹੈ।" ਲੂ ਸੁਨ ਨੇ ਸਪਸ਼ਟ ਕੀਤਾ ਕਿ "ਬੁੱਧੀਜੀਵੀਆਂ ਦੇ ਆਪਣੇ ਕਾਰਜ ਹਨ, ਜਿਨ੍ਹਾਂ ਨੂੰ ਸਾਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ, ਪਰ ਮਜ਼ਦੂਰ ਜਮਾਤ ਦੀ ਨਿਸ਼ਚਿਤ ਰੂਪ ਵਿਚ ਇਹ ਜ਼ਿੰਮੇਦਾਰੀ ਨਹੀਂ ਹੈ ਕਿ ਉਹ ਕਵੀਆਂ ਜਾਂ ਲੇਖਕਾਂ ਨਾਲ ਕੋਈ ਤਰਜੀਹੀ ਵਿਹਾਰ ਕਰੇ।"[33]

ਲੂਸੁਨ ਲੇਖਕਾਂ ਨੂੰ ਕੁਝ ਗੱਲਾਂ ਵੱਲ ਧਿਆਨ ਦੇਣ ਨੂੰ ਕਹਿੰਦਾ ਹੈ—ਮੁਖ ਤੌਰ ਤੇ "ਪੁਰਾਣੇ ਸਮਾਜ ਅਤੇ ਪੁਰਾਣੀਆਂ ਤਾਕਤਾਂ ਵਿਰੁੱਧ ਸੰਘਰਸ਼ ਵਿਚ ਦ੍ਰਿੜ੍ਹ, ਸਬਰ ਵਾਲਾ ਹੋਣਾ ਤੇ ਮਜ਼ਬੂਤੀ ਵੱਲ ਧਿਆਨ ਦੇਣਾ ਜ਼ਰੂਰੀ ਹੈ। ਪੁਰਾਣੇ ਸਮਾਜ ਦੀਆਂ ਜੜ੍ਹਾਂ ਡੂੰਘੀਆਂ ਹਨ ਅਤੇ ਜੇ ਸਾਡੀ ਨਵੀਂ ਲਹਿਰ ਇਸ ਤੋਂ ਵੀ ਵੱਧ ਮਜ਼ਬੂਤ ਨਹੀਂ ਹੈ ਤਾਂ ਅਸੀਂ ਇਸ ਨੂੰ ਹਿਲਾ ਨਹੀਂ ਸਕਦੇ"[34] ਲੂ ਸੁਨ ਇਕ ਵਾਰ ਫੇਰ ਇਸ ਤੱਥ ਵਲ ਧਿਆਨ ਦੁਆਉਂਦਾ ਹੈ ਕਿ—"ਸਾਹਿਤ ਵਿਚ ਪ੍ਰੋਲਤਾਰੀ ਸਾਹਿਤ ਦੇ ਲੇਖਕ ਪ੍ਰੋਲਤਾਰੀ ਤੋਂ ਤੋੜ ਵਿਛੋੜਾ (ਤਲਾਕ) ਕਰ ਚੁਕੇ ਹਨ ਅਤੇ ਪੁਰਾਣੇ ਸਮਾਜ ਨੂੰ ਮੁੜ ਗਏ ਹਨ।"(35)

ਇਹ ਦੋ ਨੁਕਤੇ ਅਜਿਹੇ ਹਨ, ਜੋ ਅੱਜ ਦੇ ਭਾਰਤੀ ਲੇਖਕਾਂ ਤੋਂ ਕਿਤੇ ਵੱਧ ਮੰਗ ਕਰਦੇ ਹਨ। ਸਮਾਜ ਵਿਚ ਇਨਕਲਾਬੀ ਲਹਿਰ ਬਾਰੇ ਲਿਖਦਿਆਂ ਭਾਰਤੀ ਲੇਖਕ ਰੁਮਾਂਟਕ ਹੁੰਦੇ ਹਨ। ਅਤੇ ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ ਉਨ੍ਹਾਂ ਦਾ ਸਾਹਿਤ ਸਮਾਜ ਦੇ ਉੱਚ ਵਰਗਾਂ ਵਿਚ ਵੀ ਪਸੰਦ ਕੀਤਾ ਜਾਂਦਾ ਹੈ। ਇਸ ਦਾ ਕਾਰਣ ਕੀ ਹੈ? ਭਾਰਤੀ ਲੇਖਕਾਂ ਨੂੰ ਆਪਣੇ ਦਿਲ-ਦਿਮਾਗ ਟਟੋਲਣੇ ਚਾਹੀਦੇ ਹਨ ਅਤੇ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਯਥਾਰਥ ਨਾਲੋਂ ਟੁੱਟੇ ਹੋਏ (ਤਲਾਕਸ਼ੁਦਾ) ਹਨ ਜਾਂ ਇਸ ਨਾਲ ਵਿਆਹੇ ਹੋਏ ਹਨ ਜਾਂ ਸਿਰਫ ਮੰਗੇ ਹੋਏ ਹਨ ਅਤੇ ਇਨਕਲਾਬੀ ਲਹਿਰ ਦੇ ਵਧਣ ਦੀ ਉਡੀਕ ਵਿਚ ਹਨ, ਜੋ ਉਨ੍ਹਾਂ ਦਾ ਵਿਆਹ ਕਰ ਦੇਵੇ, ਪਰ ਫਾਸੀਵਾਦ ਵੀ ਵਧ ਸਕਦਾ ਹੈ ਅਤੇ ਉਨ੍ਹਾਂ ਦੀ ਮੰਗਣੀ ਵੀ ਤੋੜ ਸਕਦਾ ਹੈ।

ਲੂ ਸੁਨ ਦੇ ਇਸ ਭਾਸ਼ਨ ਦੇਣ ਸਮੇਂ ਚੀਨੀ ਲੇਖਕ ਇਕ ਜੁਟ ਨਹੀਂ ਸਨ ਅਤੇ ਅੱਜ ਦੇ ਭਾਰਤੀ ਲੇਖਕ ਕਿਤੇ ਵੱਧ ਵੰਡੇ ਹੋਏ ਹਨ। ਲੂ ਸੁਨ ਦੇ ਸ਼ਬਦਾਂ ਵਿਚ—"ਅਤੇ ਇਹ ਤੱਥ ਕਿ ਅਸੀਂ ਇਕ ਜੁੱਟ ਨਹੀਂ ਹੋ ਸਕਦੇ ਜ਼ਾਹਰ ਕਰਦਾ ਹੈ ਕਿ ਅਸੀਂ ਆਪਣੇ ਉਦੇਸ਼ਾਂ ਵਿਚ ਵੰਡੇ ਹੋਏ ਹਾਂ—ਸਾਡੇ ਵਿਚੋਂ ਕੁਝ ਛੋਟੇ ਗੁਟਾਂ ਲਈ ਜਾਂ ਅਸਲ ਵਿਚ ਸਿਰਫ ਆਪਣੇ ਲਈ ਕੰਮ ਕਰ ਰਹੇ ਹਨ। ਜੇ ਅਸੀਂ ਸਾਰੇ ਮਜ਼ਦੂਰਾਂ ਤੇ ਕਿਸਾਨਾਂ ਦੀ ਵਿਸ਼ਾਲ ਲੋਕਾਈ ਦੀ ਸੇਵਾ ਕਰਨਾ ਚਾਹੁੰਦੇ ਹੁੰਦੇ ਤਾਂ ਸਾਡਾ ਮੋਰਚਾ ਵੀ ਕੁਦਰਤੀ ਇਕ ਜੁੱਟ ਹੀ ਹੋਣਾ ਸੀ।" (36) ਸਾਡੇ ਲੇਖਕਾਂ ਅਤੇ ਸਾਡੀ ਅੱਜ ਦੀ ਸਭਿਆਚਾਰਕ ਲਹਿਰ ਲਈ ਇਹ ਸੁਨੇਹਾ ਪਰਮ ਰੂਪ ਵਿਚ ਮਹੱਤਵ ਪੂਰਨ ਹੈ।

ਅੱਜ ਦੇ ਭਾਰਤੀ ਸਮਾਜ ਲਈ ਲੂ ਸੁਨ ਦੀਆਂ ਲਿਖਤਾਂ ਦੇ ਹੋਰ ਵੀ ਕਈ ਪੱਖ ਮਹੱਤਵ-ਪੂਰਨ ਹਨ, ਪਰ ਲੂ ਸੁਨ ਦੇ ਇਕ ਲੇਖ 'ਨਿਆਂਕਾਰੀ ਖੇਡ ਨੂੰ ਮੁਲਤਵੀ ਕਰਨ ਬਾਰੇ' ਦੇ ਇਕ ਹਵਾਲੇ ਨਾਲ ਮੈਂ ਇਹ ਲੇਖ ਪੂਰਾ ਕਰ ਰਿਹਾ ਹਾਂ। ਕੁੱਤਿਆਂ ਨੂੰ ਮਾਰਨ ਦੇ ਰੂਪਕ ਵਿਚ ਇਸ ਲੇਖ ਵਿਚ ਜਗੀਰੂ ਤੇ ਬਸਤੀ-ਵਾਦੀ ਜ਼ੁਲਮਾਂ ਪ੍ਰਤੀ ਬਲਦੀ ਨਫਰਤ ਹੈ—"ਜੇ ਹਨੇਰੇ ਤੇ ਰੌਸ਼ਨੀ ਵਿਚਕਾਰ ਅਖੀਰ ਤੱਕ ਸੰਘਰਸ਼ ਨਾ ਹੋਇਆ, ਅਤੇ ਸਾਦੀਆਂ ਰੂਹਾਂ ਖਿਮਾਂ ਅਤੇ ਭੈੜ ਨੂੰ ਖੁਲ੍ਹ ਵਿਚਕਾਰ ਅਚੋਲਾ ਕਰਨ ਦੀ ਗਲਤੀ ਕਰਦੀਆਂ ਰਹੀਆਂ ਅਤੇ ਬੁਰੇ ਆਦਮੀਆਂ ਨੂੰ ਮਾਫ਼ ਕਰਦੀਆਂ ਰਹੀਆਂ ਤਾਂ ਮੌਜੂਦਾ ਹਨੇਰਗਰਦੀ ਹਮੇਸ਼ਾ ਹੀ ਚਲਦੀ ਰਹੇਗੀ, (37)

ਸਾਨੂੰ ਵੀ ਲੂ ਸੁਨ ਵਾਂਗ ਆਨੰਦ ਮੰਗਣ ਕਾਤਲਾਂ ਜੋ ਹਜ਼ਾਰਾਂ ਦੀ ਗਿਣਤੀ ਵਿਚ ਸਾਡੇ ਲੋਕਾਂ ਨੂੰ ਕਤਲ ਕਰ ਰਹੇ ਹਨ ਦੀਆਂ ਦੰਭੀ ਸ਼ਾਂਤੀ ਬੇਨਤੀਆਂ ਨੂੰ ਨਹੀਂ ਸੁਨਣਾ ਚਾਹੀਦਾ ਅਤੇ ਆਪਣੇ ਸਮਾਜ ਵਿਚ ਫੈਲੀ ਹਨੇਰ ਗਰਦੀ ਨੂੰ ਖਤਮ ਕਰਨਾ ਚਾਹੀਦਾ ਹੈ। ਇਸ ਹਨੇਰ ਗਰਦੀ ਨੂੰ ਖਤਮ ਕਰਨ ਲਈ ਲੂ ਸੁਨ ਮਹੱਤਵ ਪੂਰਨ ਹੈ।

## ਸੰਦਰਭ ਸੂਚੀ

(ਸਾਰੀਆਂ ਪੁਸਤਕਾਂ ਅੰਗਰੇਜ਼ੀ ਵਿਚ)


| | | ਸਫਾ |
|---|---|---|
| 1. | 'ਸਾਹਿਤ ਤੇ ਕਲਾ ਬਾਰੇ'—ਮਾਓ ਜ਼ੇ ਤੁੰਗ 1977 ਐਡੀਸ਼ਨ FLP, ਪੀਕਿੰਗ | 62 |
| 2. | 'ਚੋਣਵੀਆਂ ਰਚਨਾਵਾਂ'—ਜਿਲਦ ਇੱਕ—ਲੂਸੁਨ 1980 ਐਡੀ. FLP, ਪੀਕਿੰਗ | 4 |
| 3. | ਉਹੀ | 46 |
| 4. | ਉਹੀ | 47 |
| 5. | ਉਹੀ | 51 |

| | | |
|---|---|---|
| 6. | ਉਹੋ | 50 |
| 7. | ਉਹੋ | 51 |
| 8. | ਉਹੋ | 107 |
| 9. | ਉਹੋ | 240 |
| 10. | ਚੋਣਵੀਆਂ ਰਚਨਾਵਾਂ (ਜਿਲਦ ਦੋ) | 259 |
| 11. | ਉਹੋ, | 260 |
| 12. | ਉਹੋ | 271 |
| 13. | ਉਹੋ (ਜਿਲਦ ਤਿੰਨ) | 120 |
| 14. | ਉਹੋ (ਜਿਲਦ ਇੱਕ) | 179 |
| 15. | ਉਹੋ | 251 |
| 16. | ਉਹੋ | 264 |
| 17. | ਉਹੋ (ਜਿਲਦ ਦੋ) | 14 |
| 18. | ਉਹੋ | 17 |
| 19. | ਉਹੋ | 18 |
| 20. | ,, | 22 |
| 21. | ,, | 37 |
| 22. | ,, | 215 |
| 23. | ,, | 358 |
| 24. | ਉਹੋ (ਜਿਲਦ ਤਿੰਨ) | 376 |
| 25. | ,, ,, | |
| 26. | ,, (ਜਿਲਦ ਦੋ) | 335 |
| 27. | ,, | 336 |
| 28. | ,, | 338 |
| 29. | ,, | 341 |
| 30. | ਉਹੋ (ਜਿਲਦ ਤਿੰਨ) | 26 |
| 31. | ,, | 27 |
| 32. | ,, | 52 |
| 33. | ,, | 105 |
| 34. | ,, | ,, |
| 35. | ,, | ,, |
| 36. | ,, | 108 |
| 37. | ਉਹੋ (ਜਿਲਦ ਦੋ) | 235 |

---

ਅੰਗਰੇਜ਼ੀ ਕਹਾਣੀ

# ...ਪਰ ਤੁਸੀਂ ਹਾਲੇ ਚੁੱਪ ਹੋ

○

## ਮੂਲ ਲੇਖਕ : ਮ਼. ਸ਼ੁਲਿਮਸਨ

ਬਰਫ਼ਬਾਰੀ ਨਹੀਂ ਸੀ ਹੋ ਰਹੀ ਤੇ ਹਵਾ ਬੰਦ ਸੀ। ਠੰਡ ਸੀ ਤੇ ਚਾਰੇ ਪਾਸੇ ਫੈਲੀ ਹੋਈ ਸੀ। ਬੂਹਿਓਂ ਬਾਹਰ ਬੱਸ ਠੰਡ ਹੀ ਠੰਡ ਸੀ। ਇਸਦਾ ਕੋਈ ਅੰਤ ਨਹੀਂ ਸੀ। ਤੁਸੀਂ ਇਸ ਤੋਂ ਪਿੱਠ ਨਹੀਂ ਕਰ ਸਕਦੇ। ਹਵਾ ਬੰਦ ਸੀ। ਥੋੜੀ ਜਹੀ ਬਰਫ਼ ਜ਼ਮੀਨ ਤੇ ਸੀ ਪਰ ਇਹ ਸਖ਼ਤ ਸੀ। ਬਰਫ਼ਬਾਰੀ ਸ਼ੁਰੂ ਹੋ ਗਈ। ਤੁਸੀਂ ਇਸ ਤੋਂ ਭੱਜ ਨਹੀਂ ਸਕਦੇ। ਤੁਸੀਂ ਬੂਹਿਆਂ ਦੇ ਛੱਜਿਆਂ ਥੱਲੇ ਖਲੋਕੇ ਇਸ ਤੋਂ ਨਹੀਂ ਬੱਚ ਸਕਦੇ। ਇਹ ਵੱਧਦੀ ਨਹੀਂ। ਪਰ ਇਹ ਤੁਹਾਨੂੰ ਘੇਰ ਲੈਂਦੀ ਹੈ ਤੇ ਤੁਸੀਂ ਇਸ ਤੋਂ ਬੱਚ ਨਹੀਂ ਸਕਦੇ।

—ਬੁੱਢੇ ਆਦਮੀ ਨੇ ਮੈਨੂੰ ਬੱਤੀ ਜਗਾਣ ਤੋਂ ਮਨਾ ਕਰ ਦਿੱਤਾ ਕਿਉਂਕਿ ਅੰਦਰ ਕੁੱਝ ਮੁੰਡੇ ਸੁੱਤੇ ਹੋਏ ਸਨ। ਮੈਂ ਅੰਦਰ ਆ ਗਿਆ ਤੇ ਇਕ ਖਾਲੀ ਮੰਜੀ ਵੱਲ ਵੱਧਿਆ। ਸੜਕ ਤੋਂ ਮੰਜੀ ਨੂੰ ਦੇਖਣ ਜੋਗੀ ਰੋਸ਼ਨੀ ਆ ਰਹੀ ਸੀ। ਮੈਂ ਬਹਿ ਗਿਆ ਤੇ ਆਪਣੇ ਬੂਟਾਂ ਦੇ ਤਸਮੇ ਖੋਲਣ ਲਗਾਂ। ਦੋ ਮੁੰਡੇ ਘੁਸਰ ਮੁਸਰ ਕਰ ਰਹੇ ਸਨ। ਇੱਕ ਮੁੰਡਾ ਵਾਰ ਵਾਰ ਖੰਘਦਾ ਸੀ ਤੇ ਇਕ ਹੋਰ ਤੰਬਾਕੂ ਚੱਬ ਰਿਹਾ ਸੀ। ਜਣਾਂ ਜਿਹੜਾ ਨਾਲ ਦੀ ਮੰਜੀ ਤੇ ਪਿਆ ਸੀ ਕਹਿਣ ਲੱਗਾ: "ਕੋਈ ਹੋਰ ਮੰਜੀ ਲੈ ਲਵੇਂ ਤਾਂ ਚੰਗੈ, ਬੇਲੀਆਂ। ਤੇਰੇ ਵਾਲੀ ਦੇ ਥੱਲੇ ਇੱਕ ਸੂਟਕੇਸ ਪਿਐ, ਜੇ ਗੁਆਚ ਗਿਆ ਤਾਂ ਤੇਰਾ ਨਾਂ ਲੱਗੇਗਾ।" ਮੈਂ ਕਿਹਾ: "ਮੇਹਰਬਾਨੀ", ਤੇ ਇਕ ਹੋਰ ਮੰਜੀ ਲੱਭ ਲਈ। ਮੈਂ ਪੈਂਟ ਪਾਏ ਪੁਆਏ ਹੀ ਸੁੱਤਾ, ਇੱਕ ਹੱਥ ਵਿਚ ਬੂਟ ਤੇ ਦੂਜੇ ਹੱਥ ਵਿਚ ਕੋਟ ਫੜਕੇ। ਸਵੇਰੇ ਜਦੋਂ ਮੈਂ ਬਾਹਰ ਜਾ ਰਿਹਾ ਸਾਂ, ਇੱਕ ਜਣਾ ਜਿਹੜਾ ਡਬਲ ਡੈਕਰ ਦੇ ਸਭ ਤੋਂ ਉਤਲੇ ਫੱਟੇ ਤੇ ਪਿਆ ਸੀ, ਕਹਿਣ ਲੱਗਾ, "ਭਰਾਵਾ ਮੈਨੂੰ ਉਹ ਸਿਗਰਟ ਫੜਾ ਦੇ।" ਉਹਨੇ ਫ਼ਰਸ਼ ਤੇ ਪਏ ਇਕ ਸਿਗਰਟ ਦੇ ਟੋਟੇ ਵੱਲ ਇਸ਼ਾਰਾ ਕੀਤਾ ਜਿਹੜਾ ਥੁੱਕਾਂ ਦੇ ਇਕ ਤਲਾਅ ਵਿੱਚ ਪਿਆ ਸੀ। ਮੈਂ ਉਹਨੂੰ ਆਪਣੀ ਇੱਕ ਸਿਗਰੇਟ ਦਿੱਤੀ। ਉਹ ਕਹਿਣ ਲੱਗਾ: "ਸ਼ੁਕਰੀਆ ਭਰਾਵਾ, ਪਰ ਮੈਨੂੰ ਉਹ ਟੋਟਾ ਵੀ ਫੜਾ ਹੀ ਦੇ" ਮੈਂ ਮੈਂ ਉਹਨੂੰ ਟੋਟਾ ਫੜਾ ਦਿੱਤਾ।

—ਰੇਲਰੋਡ ਸਟੇਸ਼ਨ ਦੇ ਉਸ ਮਰਦਾਂ ਦੇ ਕਮਰੇ ਵਿੱਚ ਅਸੀਂ ਬਹੁਤ ਸਾਰੇ ਸਾਂ। ਦੋ ਕੁ ਮੁੰਡੇ ਬੈਂਚਾਂ ਤੇ ਸੌਂਣ ਦੀ ਕੋਸ਼ਿਸ਼ ਕਰ ਰਹੇ ਸਨ। ਉੱਥੇ ਇੱਕ ਬੁੱਢਾ ਸ਼ਰਾਬੀਆ ਸੀ ਜਿਹੜਾ ਕਿ ਇੰਨਾ ਗਲੀਜ਼ ਸੀ ਕਿ ਜਾਪਦਾ ਸੀ ਜਿਵੇਂ ਦੋ ਕੁ ਦਰਜਨ ਥੁੱਕ-ਦਾਨ ਉਹਦੇ ਉੱਤੇ ਉਲਟ ਦਿੱਤੇ ਗਏ ਹੋਣ। ਮੈਂ ਕੰਧ ਨਾਲ ਢਾਸਰਾ ਲਾ ਕੇ ਖਲੋ ਗਿਆ। ਥੋੜ੍ਹੀ ਦੇਰ ਬਾਦ ਦੋ ਸਿਪਾਹੀ ਅੰਦਰ ਆ ਗਏ। ਇੱਕ ਕਹਿਣ ਲੱਗਾ, "ਠੀਕ ਹੈ ਬਈ ਮੁੰਡਿਓ, ਹੁਣ ਫੁੱਟੋ ਏਥੋਂ। ਫੁੱਟ ਜਾਓ।" ਤੇ ਮੁੰਡਿਆਂ ਨੂੰ ਧੱਕੇ ਮਾਰ-ਮਾਰ ਕੇ ਬਾਹਰ ਕੱਢਣ ਲਗਾ। ਬਾਹਰ ਬਹੁਤ ਠੰਡ ਸੀ ਤੇ ਮੇਰਾ ਅੰਦਰ ਰਹਿਣ ਨੂੰ ਜੀਅ ਕਰਦਾ ਸੀ। ਮੈਂ ਜਾਕੇ ਟੱਟੀਖਾਣੇ ਵਿਚ ਵੜ ਗਿਆ। ਸਿਪਾਹੀ ਮੇਰੇ ਪਿੱਛੇ ਆਕੇ

ਖਲੋ ਗਿਆ। ਕੁਝ ਦੇਰ ਬਾਦ ਬੋਲਿਆ : "ਬੱਸ ਬਈ ਬਹੁਤ ਹੋ ਗਿਆ, ਤੂੰ ਅੱਗੇ ਹੀ ਰਿਕਾਰਡ ਤੋੜ ਚੁਕਿਆ ਹੈਂ। ਮੈਨੂੰ ਇਸ ਗੱਲ ਤੇ ਹੱਸਣਾ ਪਿਆ। ਮੈਂ ਪੈਂਟ ਦੇ ਬਟਨ ਬੰਦ ਕੀਤੇ ਤੇ ਸਟੇਸ਼ਨ ਤੋਂ ਬਾਹਰ ਆ ਗਿਆ। ਮੈਂ ਤੁਰਦਾ ਗਿਆ।

—ਉਹ ਇਕ ਥੰਮੇ ਕੋਲ ਖਲੋਤੀ ਸੀ ਜਦੋਂ ਮੈਂ ਕੋਲ ਪਹੁੰਚਿਆ ਉਹ ਬਹਿ ਗਈ ਤੇ ਆਪਣੇ ਪੱਟ ਦਿਖਾਂਦੀ ਮੁਸਕਰਾਣ ਲੱਗੀ। ਮੈਂ ਉਹਦੇ ਅਗੋਂ ਦੀ ਲੰਘ ਗਿਆ। ਉਹ ਬੋਲੀ, "ਕੀ ਖਿਆਲ ਹੈ ਇਹਦੇ ਬਾਰੇ ਸੋਹਣਿਆਂ ?"

ਮੈਂ ਕਿਹਾ : "ਰੱਬਾ, ਕੁੜੀਏ, ਜੇ ਮੇਰੇ ਕੋਲ ਪੈਸੇ ਹੁੰਦੇ ਤਾਂ ਮੈਂ ਕੁੱਝ ਖਾਣਾ ਜ਼ਿਆਦਾ ਪਸੰਦ ਕਰਦਾ।" ਉਹ ਕਹਿਣ ਲੱਗੀ : "ਭੁਖਿਆਂ ਰਹਿਣਾ ਬਹੁਤ ਔਖਾ ਹੈ। ਜੇ ਤੂੰ ਉੱਤੇ ਆਣਾ ਪਸੰਦ ਕਰੇਂ ਤਾਂ ਮੈਂ ਤੈਨੂੰ ਕੌਫ਼ੀ ਦਾ ਪਿਆਲਾ ਤੇ ਕੁੱਝ ਖਾਣ ਨੂੰ ਦੇ ਸਕਦੀ ਹਾਂ।" ਜਦੋਂ "ਧੰਨਵਾਦ, ਮੈਂ ਕੌਫ਼ੀ ਪੀਕੇ ਬਹੁਤ ਖੁਸ਼ ਹੋਵਾਂਗਾ।" ਉਹਦੀ ਛੋਟੀ ਜਹੀ ਰਸੋਈ ਸੀ ਤੇ ਉਹਨੇ ਮੈਨੂੰ ਦੋ ਅੰਡੇ ਤੇ ਕਾਫ਼ੀ ਦਾ ਪਿਆਲਾ ਦਿੱਤਾ। ਫੇਰ ਬੋਲੀ : "ਮੈਨੂੰ ਨਫ਼ਰਤ ਹੈ ਤੈਨੂੰ ਇਥੋਂ ਉੱਠਣ ਲਈ ਕਹਿਣ ਨੂੰ, ਪਰ ਕੋਈ ਸ਼ਾਇਦ ਜਲਦੀ ਹੀ ਏਥੇ ਆ ਜਾਏ।" ਮੈਂ ਛੇਤੀ ਛੇਤੀ ਖਾਣਾ ਮੁਕਾਇਆ ਤੇ ਉਹਦਾ ਧੰਨਵਾਦ ਕੀਤਾ। ਜਦੋਂ ਮੈਂ ਮੋੜ ਤੇ ਪਹੁੰਚਿਆ ਮੈਂ ਪਿੱਛੇ ਮੁੜ ਕੇ ਵੇਖਿਆ, ਉਹ ਫੇਰ ਤੋਂ ਥੰਮੇ ਨਾਲ ਲੱਗ ਕੇ ਖੜੀ ਸੀ। ਮੈਂ ਉਹਦੇ ਵੱਲ ਹੱਥ ਹਿਲਾਇਆ ਤੇ ਉਹਨੇ ਵਾਪਸ ਹੱਥ ਹਿਲਾਇਆ। ਮੈਂ ਫੇਰ ਤੋਂ ਤੁਰਨਾ ਸੁਰੂ ਹੋ ਗਿਆ।

ਛੋਟਾ ਮੁੰਡਾ ਭੱਜ ਕੇ ਅੰਦਰ ਆਇਆ ਤੇ ਪਾਦਰੀ ਚਿਲਕਿਆ "ਉੱਚੀ।" ਅਸੀ ਥੋੜਾ ਉੱਚੀ ਗਾਣਾ ਸੁਰੂ ਹੋ ਗਏ। ਪਾਦਰੀ ਦੀ ਵਹੁਟੀ ਤਿੰਨ ਔਰਤਾਂ ਤੇ ਇਕ ਆਦਮੀ ਨੂੰ ਲੈ ਕੇ ਅੰਦਰ ਆਈ। ਉਹ ਪਿਛਲੇ ਬੈਂਚਾਂ ਤੇ ਬਹਿ ਗਏ ਤੇ ਸੁਣਨ ਲੱਗੇ। ਪਾਦਰੀ ਫੁਸਫੁਸਾਇਆ : "ਇੱਧਰ ਉੱਧਰ ਨਾਂ ਵੇਖੋ।" ਅਸੀਂ ਚਾਰ ਭਜਨ ਗਾਏ। ਕੁਝ ਦੇਰ ਬਾਦ ਤਿੰਨੇ ਔਰਤਾਂ ਤੇ ਆਦਮੀ ਉੱਠ ਕੇ ਬਾਹਰ ਚਲੇ ਗਏ। ਅਸੀ ਵੇਖਦੇ ਹੀ ਰਹਿ ਗਏ।

ਮੁੰਡਾ ਜਿਹੜਾ ਮੇਰੇ ਨਾਲ ਖਲੋਤਾ ਸੀ ਕਹਿਣ ਲੱਗਾ; ਮੈਂ ਤਾਂ ਵੱਡੇ ਸ਼ਹਿਰ ਵਾਸਤੇ ਗੱਡੀ ਫੜਨ ਲੱਗਾ। ਮੇਰੇ ਨਾਲ ਆਣੈਂ ? ਮੈਂ ਕਿਹਾ 'ਨਹੀਂ', ਠੰਡ ਬਹੁਤ ਹੈ।" ਕੁੱਝ ਦੇਰ ਬਾਦ ਮੈਂ ਕਿਸੇ ਨੂੰ ਕਹਿੰਦੇ ਸੁਣਿਆ ਕਿ ਸਟੇਸ਼ਨ ਤੇ ਇਕ ਮੁੰਡਾ ਮਰ ਗਿਐ। ਇਕ ਲਾਲ ਟੋਪੀ ਵਾਲਾ ਜਾ ਰਿਹਾ ਸੀ। ਮੈਂ ਉਹਦੇ ਪਿੱਛੇ ਪਿੱਛੇ ਤੁਰਦਾ ਗਿਆ। ਮੈਂ ਪੁੱਛਿਆ :

"ਸਟੇਸ਼ਨ ਤੇ ਕੌਣ ਮਰਿਆ ਹੈ, ਹਵਾਲਦਾਰ ਜੀ" ਉਹਨੇ ਕਿਹਾ : "ਕੋਈ ਬੇਵਕੂਫ਼ ਦੋ ਡੱਬਿਆਂ ਦੇ ਵਿਚਕਾਰ ਜਾਕੇ ਸੌਂ ਗਿਆ। ਗੱਡੀ ਚੱਲੀ, ਤਾਂ ਉਹ ਇੰਝ ਲੰਬੇ ਦਾਅ ਕੱਟਿਆ ਗਿਆ" ਤੇ ਉਹਨੇ ਆਪਣਾ ਹੱਥ ਸਿਰ ਤੋਂ ਪੇਟ ਤੱਕ ਫੇਰ ਕੇ ਵਿਖਾਇਆ। ਕੋਈ ਨਹੀਂ ਜਾਣਦਾ ਕਿ ਉਹ ਕੌਣ ਸੀ।

ਮੈਂ ਵੀ ਨਹੀਂ ਸਾਂ ਜਾਣਦਾ।

—ਮੈਂ ਇਕ ਬੈਂਚ ਤੇ ਬਹਿ ਗਿਆ। ਉਹਨਾਂ ਹੁਣੇ ਹੁਣੇ ਸਟੇਸ਼ਨ ਦੀ ਸਫ਼ਾਈ ਕੀਤੀ ਸੀ। ਇਕ ਮੁੰਡਾ ਕੂੜੇ ਦੇ ਢੇਰਾਂ ਵਿੱਚੋਂ ਸਿਗਰਟਾਂ ਦੇ ਟੋਟੇ ਲੱਭ ਰਿਹਾ ਸੀ। ਇਕ ਦਮ ਉਹ ਇਕ ਬੈਂਚ ਥੱਲੇ ਵੜਿਆ ਤੇ ਸਿਗਰਟ ਦਾ ਇਕ ਟੋਟਾ ਲੈਕੇ ਬਾਹਰ ਆ ਗਿਆ। ਟੋਟਾ ਮਸਾਂ ਅੱਧੇ ਇੰਚ ਦਾ ਸੀ। ਉਹ ਕੁਝ ਦੇਰ ਉਹਨੂੰ ਵੇਖਦਾ ਰਿਹਾ ਤੇ ਫੇਰ ਖਿੱਝ ਕੇ ਟੋਟਾ ਵਗਾਹ ਮਾਰਿਆ। ਮੈਂ ਹੱਸਣ ਲੱਗਾ। "ਔਖੇ ਵੇਲੇ ਆ ਗਏ ਨੇ ਭਰਾਵਾ" ਮੈਂ ਕਿਹਾ। ਉਹ ਵੀ ਮੁਸਕਰਾਣ ਲੱਗਾ।

—ਮੈਂ ਉਹਨਾਂ ਨੂੰ ਵੇਖ ਰਿਹਾ ਸਾਂ। ਇਕ ਸਿਪਾਹੀ ਨੇ ਇਕ ਮੁੰਡੇ ਦੇ ਹੱਥ ਵਿਚੋਂ ਇਸ਼ਤਿਹਾਰ ਖੋਹ ਕੇ ਸੁੱਟ ਦਿੱਤਾ। ਮੈਂ ਉਹ ਚੁੱਕ ਲਿਆ। ਉਸ ਤੇ ਲਿਖਿਆ ਸੀ : "ਕੰਮ-ਕਿੱਤਾ ਜਾਂ ਬੇਰੁਜ਼ਗਾਰੀ ਭੱਤਾ।" ਜਦੋਂ ਮੈਂ ਉਹ ਪੜ੍ਹ ਰਿਹਾ ਸਾਂ, ਸਾਦੇ ਕਪੜਿਆਂ ਵਿੱਚ ਇਕ ਪੁਲਸੀਆ ਮੇਰੇ ਤੇ ਟੁੱਟ ਪਿਆ। ਉਹਨੇ ਮੇਰੇ ਸਿਰ ਤੇ ਚਮੜਾ ਲਗਿਆ ਡੰਡਾ ਮਾਰਿਆ। ਮੈਂ ਥੱਲੇ ਡਿੱਗ ਪਿਆ। ਮੇਰੀਆਂ ਅੱਖਾਂ ਸਾਹਮਣੇ ਤਾਰੇ ਨੱਚਣ ਲੱਗੇ। ਫੇਰ ਕਿਸੇ ਨੇ ਮੈਨੂੰ ਠੁੱਡ ਮਾਰਿਆ। ਮੈਂ ਉੱਠਣ ਦੀ ਕੋਸ਼ਿਸ਼ ਕੀਤੀ। ਇਕ ਕੁੜੀ ਮੇਰੀ ਮਦਦ ਕਰਨ ਲੱਗੀ। ਮੇਰੇ ਆਸ ਪਾਸ ਲੋਕ ਇਕੱਠੇ ਹੋ ਗਏ। ਮੈਂ ਉੱਠ ਪਿਆ ਪਰ ਬਹੁਤ ਕਮਜ਼ੋਰੀ ਮਹਿਸੂਸ ਕਰ ਰਿਹਾ ਸਾਂ। ਮੈਨੂੰ ਆਪਣਾ ਸਿਰ ਸੁੱਜਾ ਸੁੱਜਾ ਲੱਗ ਰਿਹਾ ਸੀ। ਮੈਂ ਉਲਟੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਕੁੱਝ ਵੀ ਬਾਹਰ ਨਾ ਆਇਆ। ਮੈਂ ਤੇ ਉਹ ਕੁੜੀ ਕੁੱਝ ਦੂਰ ਆ ਗਏ। ਉਹਨੇ ਮੇਰੀ ਟੋਪੀ ਲਾਹੁਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਕੁਰਲਾ ਪਿਆ। ਖ਼ੂਨ ਕਰਕੇ ਟੋਪੀ ਸਿਰ ਨਾਲ ਚਿਪਕ ਗਈ ਸੀ। ਉਹਨੇ ਕਿਹਾ, "ਸਿਰ ਤੇ ਕੁੱਝ ਨਾ ਪਾਇਆ ਕਰੋ, ਕਾਮਰੇਡ, ਇਹ ਹਮੇਸ਼ਾ ਚਿਪਕ ਜਾਂਦੈ।" ਮੈਂ ਕਿਹਾ, "ਤੂੰ ਠੀਕ ਕਹਿ ਰਹੀਂ ਏਂ, ਕਾਮਰੇਡ।"

—ਤੁਹਾਨੂੰ ਸਵੇਖਤੇ ਹੀ ਬਾਹਰ ਧੱਕ ਦਿੱਤਾ ਜਾਂਦੈ। ਤੁਸੀ ਕਾਫ਼ੀ ਪੀਂਦੇ ਹੋ ਤੇ ਤੁਰਨਾ ਸ਼ੁਰੂ ਕਰ ਦਿੰਦੇ ਹੋ। ਸ਼ਾਮ ਤੱਕ ਤੁਸੀਂ ਆਪਣਾ ਕੰਮ ਖ਼ਤਮ ਕਰਦੇ ਹੋ ਤੇ ਤੁਰਨਾ ਸ਼ੁਰੂ ਕਰ ਦਿੰਦੇ ਹੋ।

ਰਾਤ ਨੂੰ ਜਿੱਥੇ ਥਾਂ ਲੱਭੇ ਤੁਸੀਂ ਪੈ ਜਾਂਦੇ ਹੋ। ਤੁਸੀਂ ਕੁੱਝ ਨਹੀਂ ਬੋਲਦੇ। ਤੁਸੀਂ ਸੌਂ ਜਾਂਦੇ ਹੋ। ਫੇਰ ਤੁਸੀ ਤੁਰਣਾ ਸ਼ੁਰੂ ਕਰ ਦਿੰਦੇ ਹੋ। ਕੋਈ ਵੀ ਤੁਹਾਡੇ ਨਾਲ ਨਹੀਂ ਬੋਲਦਾ। ਤੁਸੀਂ ਤੁਰਦੇ ਰਹਿੰਦੇ ਹੋ। ਬਹੁਤ ਠੰਡ ਹੈ। ਤੁਸੀ ਕਿਸੇ ਬੰਦ ਦਰਵਾਜ਼ੇ ਨਾਲ ਲੱਗ ਕੇ ਕੰਬਦੇ ਹੋ ਜਾਂ ਰੇਲ ਰੋਡ ਸਟੇਸ਼ਨ ਦੇ ਬੈਂਚ ਤੇ ਬਹਿ ਜਾਂਦੇ ਹੋ। ਤੁਸੀਂ ਜ਼ਿਆਦਾ ਕੁੱਝ ਨਹੀਂ ਵੇਖਦੇ ਦਿਨ ਹੁੰਦੇ ਫ਼ੇਰ ਰਾਤ, ਦੁਬਾਰਾ ਦਿਨ। ਤੇ ਤੁਸੀਂ ਭੁੱਲ ਜਾਂਦੇ ਹੋ ਕਿ ਪਹਿਲਾਂ ਕੀ ਸੀ। ਤੁਸੀ ਤੁਰਦੇ ਰਹਿੰਦੇ ਹੋ। ਇਥੇ ਆਦਮੀ ਨੇ, ਜਿਨ੍ਹਾਂ ਤੇ ਮਾਸ ਹਮੇਸ਼ਾ ਚੜ੍ਹਿਆ ਰਹਿੰਦਾ ਹੈ, ਤੇ ਤੁਸੀ ਇਹ ਜਾਣਦੇ ਹੋ। ਏਥੇ ਆਦਮੀ ਨੇ ਜਿਹੜੇ ਹਮੇਸ਼ਾ ਭੁੱਖੇ ਰਹਿੰਦੇ ਨੇ, ਤੇ ਤੁਸੀਂ ਇਹ ਜਾਣਦੇ ਹੋ।

ਤੁਸੀਂ ਤੁਰਦੇ ਰਹਿੰਦੇ ਹੋ, ਤੁਸੀਂ ਮਰ ਜਾਂਦੇ ਹੋ, ਤੇ ਤੁਸੀਂ ਇਹ ਜਾਣਦੇ ਹੋ। ਕੁੱਝ ਹੋਣਾ ਚਾਹੀਦਾ ਹੈ ਤੇ ਕੁੱਝ ਨਹੀਂ ਹੁੰਦਾ। ਕੁੱਝ ਹੋਣਾ ਚਾਹੀਦਾ ਹੈ ਤੇ ਤੁਸੀਂ ਇਹ ਜਾਣਦੇ ਹੋ। ਜੇ ਤੁਸੀਂ ਜੀਣਾ ਚਾਹੁੰਦੇ ਹੋ, ਕੁੱਝ ਜ਼ਰੂਰ ਹੋਣਾ ਚਾਹੀਦਾ ਹੈ ਤੇ ਤੁਸੀਂ ਇਹ ਜਾਣਦੇ ਹੋ। ਜੇ ਤੁਸੀਂ ਜੀਣਾ ਚਾਹੁੰਦੇ ਹੋ, ਕੁੱਝ ਜਰੂਰ ਹੋਣਾ ਚਾਹੀਦਾ ਹੈ ਤੇ ਤੁਸੀਂ ਇਹ ਜਾਣਦੇ ਹੋ। ਜੇ ਤੁਸੀਂ ਜੀਣਾ ਚਾਹੁੰਦੇ ਹੋ ਤਾਂ ਇਨਕਲਾਬ ਹੋਣਾ ਚਾਹੀਦਾ ਹੈ ਤੇ ਤੁਸੀਂ ਇਹ ਜਾਣਦੇ ਹੋ।

...ਪਰ ਤੁਸੀਂ ਹਾਲੇ ਚੁੱਪ ਹੋ।

('ਨਿਊ ਮਾਸਿਜ' ਤੋਂ ਧੰਨਵਾਦ ਸਹਿਤ ਆਰੀਤ)

---

ਕਹਾਣੀ :

# ਅੰਨ੍ਹੀ ਗੁਫਾ

o

## ਕੁਲਦੀਪ 'ਖਿਆਲਾ'

ਸੂਰਜ ਹੌਲੀ ਹੌਲੀ ਉੱਚਾ ਉਠ ਰਿਹਾ ਸੀ। ਵਾਹਵਾ ਨਿੱਘੀ ਧੁੱਪ ਨਿਕਲ ਆਈ ਸੀ। ਖੇਤਾਂ 'ਚ ਕੰਮ ਕਰਨ ਵਾਲੇ ਕਾਮੇ ਮੋਢਿਆਂ 'ਤੇ ਕਣਕ ਗੁੱਡਣ ਵਾਲੀਆਂ ਕਸੌਲੀਆਂ ਚੁੱਕੀ ਕਾਹਲੀ ਨਾਲ ਖੇਤਾਂ ਨੂੰ ਜਾ ਰਹੇ ਸਨ। ਪੰਛੀਆਂ ਨੇ ਚਹਿਕਣਾ ਘੱਟ ਕਰ ਦਿੱਤਾ ਸੀ। ਨੰਦ ਕੁਰ ਗੱਡੇ ਦੇ ਚੂਲੇ ਉੱਤੇ ਬੈਠੇ ਅਪਣੇ ਘਰ ਵਾਲੇ ਪੂਰਨ ਸਿੰਹੁ ਨੂੰ ਬੁੜ ਬੁੜ ਕਰਦੀ, ਚਾਹ ਫੜਾ ਕੇ, ਵੱਡੇ ਮੁੰਡੇ ਦਿਆਲੇ ਦੀ ਸਾਲ ਕੁ ਦੀ ਕੁੜੀ ਨੂੰ ਗੋਦੀ 'ਚ ਪਾਈ ਅਲਾਣੀਂ ਮੰਜੀ ਤੇ ਬੈਠੀ ਧੁੱਪ ਸੇਕ ਰਹੀ ਸੀ। ਪਰ ਜੈਲਾ ਨੰਦ ਕੁਰ ਦਾ ਵਿਚਕਾਰਲਾ ਮੁੰਡਾ ਹਾਲੇ ਤੱਕ ਦੋੜੇ 'ਚ ਗੁਛ-ਮ-ਗੁਛਾ ਹੋਇਆ ਵਿਹੜੇ ਵਿੱਚ ਹੀ ਅਲਾਣੀਂ ਮੰਜੀ ਤੇ ਪਿਆ ਉਸਲਵੱਟੇ ਲੈ ਰਿਹਾ ਸੀ। ਨੰਦ ਕੁਰ ਨੇ ਕੋਲ ਮੰਜੀ ਤੇ ਪਏ ਜੈਲੇ ਨੂੰ ਹਲੂਣਦਿਆਂ ਕਿਹਾ :

"ਵੇ ਉੱਠ ਖੇੜ੍ਹ, ਹੁਣ ਤਾਂ! ਦੇਖ ਕਿੱਡਾ ਦਿਨ ਚੜ੍ਹ ਆਇਐ! ਦਿਆਲਾ ਕਦੋਂ ਦਾ ਖੇਤ ਨੂੰ ਗਿਐ। ਇਹਦਾ ਹਾਲੇ ਤੱਕ ਗੋਲੀਆਂ ਦਾ ਨਸ਼ਾ ਨ੍ਹੀ ਉਤਰਿਆ, ਵੱਡੇ ਲਾਟ-ਸਾਹਬ ਦਾ।"

"ਮੈਥੋਂ ਨੀ ਸਾਰਾ ਦਿਨ ਉੱਥੇ ਖੇਤਾਂ 'ਚ ਐਵੇਂ ਹੱਡ ਤੁੜਾਈਦੇ। ਘਰ ਆਏ ਨੂੰ ਨਾ ਕੋਈ ਰੋਟੀ ਫੜ੍ਹਾਉਂਦੈ, ਨਾ ਕੋਈ ਕੱਪੜੇ ਧੋਂਦੈ ਤੇ ਨਾ ਕੋਈ ਗੱਲ ਨਾ ਕੋਈ ਬਾਤ। ਬੱਸ......, ਮੈਨੂੰ ਤਾਂ ਮੇਰੀ ਹਿੱਸੇ ਬਹਿੰਦੀ ਜ਼ਮੀਨ ਵੰਡ ਦਿਉ।

ਆਪੇ ਕਰਲਾਂਗੇ ਕੋਈ ਬੰਨ੍ਹ-ਸੁੱਖ ਹੋਈ ਟੁੱਕ ਦਾ।" ਜੈਲਾ ਦਿਆਲੇ ਦੀ ਬਹੂ ਵੱਲ ਮੂੰਹ ਕਰਕੇ ਮੰਜੀ 'ਚ ਪਿਆ ਹੀ ਬੋਲੀ ਗਿਆ।

ਨੰਦ ਕੁਰ ਨੂੰ ਇਉਂ ਲੱਗਿਆ ਜਿਵੇਂ ਕਿਸੇ ਨੇ ਉਸਦੇ ਸਿਰ 'ਚ ਡਾਂਗ ਮਾਰ ਦਿੱਤੀ ਹੋਵੇ। ਤੇ ਉਹ ਅਪਣੇਂ ਅਤੀਤ ਵਿੱਚ ਗੁਆਚ ਗਈ ਸੀ।

ਜਦੋਂ ਉਹ ਵਿਆਹੀ ਆਈ ਸੀ ਤਾਂ ਭਰ ਜੋਬਨ ਮੁਟਿਆਰ ਸੀ। ਜੈਲੇ ਦਾ ਬਾਪੂ ਉਦੋਂ ਉਸ ਤੋਂ ਪੂਰੇ ਵੀਹ ਵਰ੍ਹੇ ਵੱਡਾ ਸੀ। ਜ਼ਮੀਨ ਦੋਹਾਂ ਭਰਾਵਾਂ ਕੋਲ ਥੋੜੀ ਹੀ ਸੀ, ਜਿਸ ਕਰਕੇ ਪੂਰਨ ਸਿਹੁੰ ਮਸਾਂ ਈ ਵਿਆਹਿਆ ਗਿਆ ਸੀ! ਤੇ ਛੋਟਾ ਚੰਦ ਸਿਹੁੰ ਛੜਾ ਈ ਰਹਿ ਗਿਆ ਸੀ! ਉਂ ਇੱਕ ਵਾਰੀ ਉਹਨੇ ਮੁੱਲ ਦੀ ਬੰਗਾਲਣ ਲਿਆਉਣ ਦੀ ਸੋਚੀ ਸੀ ਪਰ ਨੰਦ ਕੁਰ ਨੇ ਬੜੀ ਹੁਸ਼ਿਆਰੀ ਨਾਲ ਦੋਹਾਂ ਭਾਈਆਂ ਨੂੰ ਜੋੜੀ ਰੱਖਿਆ ਸੀ। ਉਸ ਤੋਂ ਬਾਅਦ ਨੰਦ ਕੁਰ ਨੇ ਉਸਨੂੰ ਕਦੇ ਵਿਆਹ ਬਾਰੇ ਸੋਚਣ ਦਾ ਮੌਕਾ ਈ ਨ੍ਹੀ ਸੀ ਦਿੱਤਾ। ਤੇ ਪੈਦੀਂ ਪੈਈਂ ਕਰਕੇ ਉਹਨੇ ਦੋਹਾਂ ਭਰਾਵਾਂ ਦੇ ਘਰ ਨੂੰ ਬੰਨ੍ਹ ਦਿੱਤਾ ਸੀ।

ਫੇਰ ਉਪਰੋਥਲੀ ਨੰਦ ਕੁਰ ਦੇ ਤਿੰਨ ਕੁੜੀਆਂ ਹੋਈਆਂ। ਧੀਆਂ ਦਾ ਭਾਰ ਲਾਹੁਣ ਲਈ ਪੂਰਨ ਸਿਹੁੰ ਨੂੰ ਉਦੋਂ ਦਸਾਂ ਵਿੱਚੋਂ ਤਿੰਨ ਕਿੱਲੇ ਬੈਅ ਕਰਨੇ ਪੈ ਗਏ ਸੀ। ਫੇਰ ਉਪਰੋਥਲੀ ਹੀ ਤਿੰਨ ਮੁੰਡੇ ਹੋਏ। ਵਕਤ ਬੀਤਦਾ ਰਿਹਾ!

ਮੁੰਡੇ ਤਿੰਨੇ ਕਮਾਊ ਸਨ। ਗੁਜ਼ਾਰਾ ਠੀਕ ਠੀਕ ਚੱਲੀ ਜਾਂਦਾ ਸੀ। ਪਰ ਹੌਲੀ ਹੌਲੀ ਘਰ ਵਿੱਚ ਇੱਕ ਹੋਰ ਸਰਾਪ ਗਤ੍ਹ ਦੀ ਖੁਸ਼ਕੀ ਵਾਂਗੂ ਫੈਲਣ ਲੱਗ ਪਿਆ ਸੀ। ਜਿਉਂ ਜਿਉਂ ਮੁੰਡੇ ਜੁਆਨ ਹੁੰਦੇ ਗਏ ਸਾਰਿਆਂ

ਦੇ ਸੁਭਾਅ ਜ਼ਿੱਦੀ ਤੇ ਚਿੜਚਿੜੇ ਹੁੰਦੇ ਗਏ। ਆਈ ਗੱਲ ਉੱਤੇ ਇੱਕ ਦੂਜੇ ਨੂੰ ਕੋਸਦੇ ਰਹਿੰਦੇ!

ਫੇਰ ਨੰਦ ਕੁਰ ਨੂੰ ਮੁੰਡਿਆਂ ਦੇ ਵਿਆਹ ਦਾ ਫ਼ਿਕਰ ਰਹਿਣ ਲੱਗ ਪਿਆ ਸੀ। ਵੱਡੇ ਮੁੰਡੇ ਦਿਆਲੇ ਦੀ ਵਿਆਹ ਦੀ ਆਮ ਉਮਰ ਦੀ ਹੱਦ ਟੱਪਦੀ ਜਾਂਦੀ ਦੇਖ ਕੇ ਨੰਦ ਕੁਰ ਨੂੰ ਉਸਦੇ ਸਮੇਤ ਬਾਕੀ ਦੋਨਾਂ ਦੀ ਵੀ ਹੌਲੀ ਹੌਲੀ ਉਮੀਦ ਜਾਂਦੀ ਲਗਦੀ ਸੀ। ਸਾਰੀ ਵਾਹ ਉਹ ਪੇਕਿਆਂ ਤੇ ਨਣਦਾਂ ਵੱਲੋਂ ਲਾ ਚੁੱਕੀ ਸੀ; ਪਰ ਟਿੱਬੇ ਸੁੱਕੇ ਹੀ ਰਹੇ, ਕਿਸੇ ਹੀਲੇ ਵੀ ਪਾਣੀ ਨਾ ਚੜ੍ਹਿਆ।

ਨੰਦ ਕੁਰ ਅਤੀਤ ਵਿਚ ਗੁਆਚੀ ਸੋਚਦੀ ਰਹੀ।

'ਅੱਗੇ ਸਿਆਣੇ ਕਹਿੰਦੇ; ਜੇ ਜੱਟ ਦਾ ਇਕ ਪੁੱਤ ਵਿਆਹਿਆ ਜਾਏ; ਸਾਰੇ ਵਿਆਹੇ ਗਏ ਸਮਝੋ। ਪਰ ਐਥੇ ਤਾਂ ਹਾਲੇ ਇਕ ਵੀ ਨ੍ਹੀ ਵਿਆਹਿਆ ਗਿਆ, ਸਾਰੇ ਰਹਿਗੇ!' ਨੰਦ ਕੁਰ ਆਪਣੇ ਅਤੀਤ ਵਿਚ ਗੁਆਚੀ ਅਖੌਤ ਨੂੰ ਆਪਣੇ ਢੰਗ ਨਾਲ ਵਾਰੋ ਵਾਰੀ ਸੋਚਦੀ ਰਹੀ।

ਤਾਂ ਆਖਰ ਕਿਸੇ ਪਾਸਿਓਂ ਠੰਢੀ ਹਵਾ ਦਾ ਇਕ ਬੁੱਲ੍ਹਾ ਆਇਆ ਤੇ ਨੰਦ ਕੁਰ ਦੇ ਵਿਹੜੇ ਵਿਚ ਲੱਗੇ ਨਿੰਮ੍ਹ ਦੇ ਪੱਤਿਆਂ ਵਿਚ ਮਸਤੀ ਘੋਲ ਗਿਆ।

ਵਿਹੜੇ 'ਚੋਂ ਦਿਆਲੇ ਦੀ ਚਾਚੀ ਲਗਦੀ ਭਾਨੋ ਆਪਣੇਂ ਪੇਕਿਉਂ, ਗਰੀਬ ਘਰ ਦੀ ਕੁੜੀ ਦਲੀਪੋ ਦਾ ਸਾਕ ਵੱਡੇ ਮੁੰਡੇ ਦਿਆਲੇ ਨੂੰ ਲੈ ਆਈ ਸੀ।

ਨੰਦ ਕੁਰ ਨੂੰਹ ਦੇ ਆਉਣ ਤੇ ਆਪਣੇ ਆਪ ਵਿਚ ਨਹੀਂ ਸੀ ਸਮਾਉਂਦੀ। ਤਿੰਨ੍ਹਾਂ ਮੁੰਡਿਆਂ ਦੇ ਅੱਡ ਧਰਤੀ ਤੇ ਕਿਤੇ ਪੱਬ ਨ੍ਹੀ ਸੀ ਲਗਦੇ।

ਦਲੀਪੋ ਜਿਥੇ ਅੰਤਾਂ ਦੀ ਸੋਹਣੀ ਸੀ, ਉਥੇ ਉਹ ਆਮ ਅਨਪੜ੍ਹ ਪੇਂਡੂ ਕੁੜੀਆਂ ਨਾਲੋਂ ਸਿਆਣੀ ਵੀ ਕੁਝ ਜਿਆਦਾ ਹੀ ਸੀ। ਹਰਨੀ ਵਰਗੀਆਂ ਅੱਖਾਂ, ਤੇ ਲਾਜਵੰਤੀ ਦੇ ਬੂਟੇ ਵਾਂਗੂ ਕਮਲਾ ਜਾਣ ਵਾਲੀ ਦਲੀਪੋ ਨੇ ਆਪਣਾ ਸਾਰਾਂ ਕੁਝ ਦਿਆਲੇ ਦੀ ਝੋਲੀ ਵਿਚ ਉਲਟ ਦਿੱਤਾ ਸੀ, ਭਾਵੇਂ ਦਿਆਲਾ ਕਿਹੋ ਜਿਹਾ ਵੀ ਸੀ।

ਅਗਲੇ ਸਾਲ ਦਲੀਪੋ ਦੀ ਗੋਦ ਕੁੜੀ ਸੀ। ਉਦੋਂ ਨੰਦਕੁਰ ਮੱਥੇ ਸੱਤ ਤਿਉੜੀਆਂ ਪਾ ਗਈ ਸੀ।

ਤਾਂ ਨੰਦਕੁਰ ਦੀ ਗੋਦ 'ਚ ਪਈ ਕੁੜੀ ਰੋ ਪਈ ਤੇ ਉਸਦੀ ਬਿਰਤੀ ਟੁੱਟੀ ਤੇ ਉਹ ਦਲੀਪੋ ਨੂੰ ਬੋਲੀ:

"ਨੀ ਐਥੋਂ ਚੁੱਲ੍ਹੇ 'ਚੋਂ ,ਜੈਲੇ ਨੂੰ ਚਾਹ ਫੜਾ ਦੇ!"
ਤੇ ਫੇਰ ਮੂੰਹ 'ਚ ਹੀ ਬੁੜਬੁੜਾਉਣ ਲੱਗ ਪਈ—
"ਕਿੱਥੋਂ ਕਾਲੇ ਮੂੰਹ ਆਲੀ ਨੇ ਘਰ 'ਚ ਪੈਰ ਧਰੇ ਨੇ, ਸਾਰੇ ਭਾਈਆਂ 'ਚ ਵੈਰ ਪੁਆ ਤਾ, ਤੇ ਨਾਲੇ ਮਾਰਿਆ ਸਿਰ 'ਚ ਆਹ ਪੱਥਰ! ਕਿੰਨੇ ਵਾਰੀ ਕਿਹੈ, ਬੀ ਕੋਈ ਡਰ ਨ੍ਹੀ ਹੁੰਦਾ ਦੂਜੇ ਮੁੰਡਿਆਂ ਨੂੰ ਵੀ ਵੇਲੇ-ਕੁਵੇਲੇ ਰੋਟੀ-ਟੁੱਕ ਪਾਕੇ ਫੜਾਉਣ ਦਾ। ਜੇ ਜ਼ਮੀਨ ਵੰਡਾ ਕੇ ਅੱਡ ਹੋਗੇ, ਫੇਰ ਕੁਸ਼ ਨ੍ਹੀ ਬਨਣਾਂ! ਪਰ ਇਸ ਲਾਟ-ਸਾਬ੍ਹ ਦੀ ਧੀ ਤੇ ਤਾਂ ਕੋਈ ਅਸਰ ਈ ਨ੍ਹੀ।"

ਕੋਲ ਬੈਠੀ ਦਲੀਪੋ ਤੋਂ ਰਿਹਾ ਨਾ ਗਿਆ।

"ਮੈਥੋਂ ਨ੍ਹੀ, ਫੜਾਈ ਜਾਂਦੀ ਚਾਹ! ਮੈਥੋਂ ਨ੍ਹੀ ਤੇਰੇ ਵਾਂਗੂ ਸਾਰਿਆਂ ਦੀ ਗੋਲੀ ਬਣੀਂਦਾ", ਕਹਿੰਦੀ 2 ਦਲੀਪੋ ਦਾ ਗੁੱਸਾ ਜ਼ਰਬ ਖਾ ਗਿਆ ਸੀ।

"ਨੀ ਮੈਂ ਹੁਣ ਤੱਕ ਛਿੱਤਰ ਖਾਧੇ ਐ, ਦੋਵਾਂ ਬੁੜ੍ਹਿਆਂ ਤੋਂ? ਕਾਹਦੇ ਵਾਸਤੇ? ਥੋਡੇ ਪਿੱਛੇ ਈ ਨਾ! ਨਹੀਂ ਤਾਂ ਤੂੰ ਕਿੱਥੇ ਏਸ ਘਰੇ ਵਿਆਹੀ ਜਾਣੀਂ ਸੀ" ਕਹਿੰਦਿਆਂ 2 ਨੰਦ ਕੁਰ ਕੁੱਝ ਢਿੱਥੀ ਜਿਹੀ ਹੋ ਗਈ ਸੀ।

ਦਲੀਪੋ ਭਾਵੇਂ ਅਨਪੜ੍ਹ ਹੀ ਸੀ ਪਰ ਉਹ ਮਹਿਸੂਸ ਬੜਾ ਭਾਵੁਕ ਪੱਧਰ ਤੇ ਲੈਂਦੀ ਸੀ। ਉਸ ਤੋਂ ਨੰਦਕੁਰ ਦਾ ਬੋਲ ਸਹਾਰਿਆ ਨਾ ਗਿਆ ਤੇ ਬੋਲੀ:

"ਤਾਹੀਓਂ ਤਾਂ ਵੱਡੇ ਬੁੜ੍ਹੇ ਦੇ ਦਿਮਾਗ ਵਿੱਚ ਨੁਕਸ ਪਾ ਤਾ। ਵੱਡੀ ਛਿੱਤਰ ਖਾਣ ਵਾਲੀ ਨੇ। ਹੁਣ ਵਿਚਾਰੇ ਦਾ ਕੋਈ 'ਲਾਜ ਵੀ ਨੀ ਕਰਾਉਂਦਾ।"

ਨੰਦਕੁਰ ਚੁੱਪ ਵੱਟ ਗਈ ਸੀ।

ਪੂਰਨ ਸਿਹੁੰ ਖੇਤਾਂ ਵਿੱਚ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ; ਪਿੱਛੋਂ ਉਸਦਾ ਛੋਟਾ ਭਰਾ ਚੰਦ ਸਿਉਂ ਵਿਹਲਾ ਉਹਦੀ ਤ੍ਰੀਮਤ ਵਿੱਚੋਂ ਹਿੱਸਾ ਵੀ ਵੰਡ ਛਡਦਾ। ਪੂਰਨ ਸਿਹੁੰ ਕੁੱਝ ਵੀ ਬੋਲ ਨਾ ਸਕਦਾ, ਬੱਸ ਅੰਦਰੋਂ-ਅੰਦਰੀ ਜ਼ਹਿਰ ਘੋਲਦਾ ਰਹਿੰਦਾ। ਤੇ ਹੌਲੀ 2 ਮਾਨਸਿਕ-ਦਵੰਦ ਵਿੱਚ ਗੁਸਦਾ ਗਿਆ। ਤੇ ਆਖ਼ਰ ਹੁਣ ਬੁਢਾਪੇ ਵਿੱਚ ਆਪਣਾ ਦਿਮਾਗੀ ਸੰਤੁਲਨ ਖੋ ਬੈਠਾ ਸੀ। ਜਿੱਥੇ ਇਕ ਥਾਂ ਬੈਠ ਜਾਂਦਾ; ਬੱਸ ਬੈਠਾ ਈ ਰਹਿੰਦਾ ਸਾਰਾ ਦਿਨ। ਜਾਂ ਫੇਰ ਵਾਗਲ (ਡੰਗਰਾਂ ਵਾਲੇ ਘਰ) ਤੋਂ ਘਰ ਤੱਕ ਲਗਾਤਾਰ ਗੇੜੇ ਲਾਈ ਜਾਂਦਾ। ਨਾ ਕਪੜੇ ਪਾਉਣ ਦੀ ਹੀ ਸੁਰਤ ਰਹੀ ਸੀ ਤੇ ਨਾ ਕਿਸੇ ਨੂੰ ਪਛਾਨਣ ਦੀ।

ਤੇ ਹਾਂ ਇੰਨਾਂ ਜ਼ਰੂਰ ਕਹਿੰਦਾ ਰਹਿੰਦਾ ਕਿ 'ਮੇਰਾ ਇਕ ਭਾਈ ਹੁੰਦਾ ਸੀ ਉਹ ਮਰ ਗਿਐ।"

ਸਾਰਾ ਦੁਪੈਹਿਰਾ ਦਲੀਪੋ ਦਰੀ ਬੁਣਦੀ ਰਹੀ। ਆਥਣ ਹੋ ਗਈ ਸੀ। ਦੂਰ ਟਿੱਬਿਆਂ ਵਿਚਕਾਰ ਸੂਰਜ ਹੌਲੀ 2 ਸਿਵੇ ਵਾਂਗ ਠਰ ਰਿਹਾ ਸੀ ਤੇ ਚਮਕਦੇ ਹੋਏ ਰੇਤਲੇ ਕਣ ਸੁਆਹ ਰੰਗੇ ਹੁੰਦੇ ਜਾਂਦੇ ਸਨ। ਕਮਾਊ ਜ਼ਿੰਦਗੀ ਠਰ ਚੁੱਕੇ ਘਰਾਂ ਨੂੰ ਮਣਸੈਤ ਵਾਂਗੂ ਪਰਤ ਰਹੀ ਸੀ। ਨਰਮਾਂ ਚੁਗਾਵੀਆਂ ਝਰੀਟੇ ਹੋਏ ਹੱਥਾਂ ਪੈਰਾਂ ਨੂੰ ਪਲੋਸਦਿਆਂ, ਰੋਟੀ ਪਕਾਉਣ ਦੇ ਫ਼ਿਕਰ ਵਿੱਚ ਇੱਜੜਾਂ

ਵਾਂਗ ਧੂੜ ਉਡਾਉਂਦੀਆਂ ਪਿੰਡ ਨੂੰ ਚੱਲ ਪਈਆਂ ਸਨ। ਪਿੰਡ ਧੂਏਂ ਤੇ ਧੂੜ ਦੇ ਗ਼ੁਬਾਰ ਵਿੱਚ ਘਿਰਿਆ ਖੜਿਆ ਹੌਲੀ 2 ਹਨੇਰੇ 'ਚ ਡੁਬਦਾ ਜਾ ਰਿਹਾ ਸੀ। ਦਿਆਲੇ ਨੇ ਘਰੇ ਆਕੇ, ਗੱਡੇ ਅੱਗੇ ਜੁੜੇ ਭੁੱਖੇ ਬਲਦਾਂ ਨੂੰ ਖੋਲਕੇ ਖੁਰਲੀ ਤੇ ਬੰਨ੍ਹ ਦਿੱਤਾ ਸੀ ਤੇ ਆਪ ਪਤੀਲੇ 'ਚੋਂ ਗਰਮ ਪਾਣੀ ਲੈ ਕੇ ਲੱਤਾਂ ਧੋ ਕੇ, ਚੁੱਲ੍ਹੇ ਮੂਹਰੇ ਅੱਗ ਸੇਕਣ ਲਈ ਹਾਲੇ ਬੈਠਾ ਹੀ ਸੀ ਕਿ ਨੰਦਕੁਰ ਨੇ ਪਹਿਲ ਕਰਕੇ ਦਿਆਲੇ ਨੂੰ ਤੜਕੇ ਹੋਈ ਗੱਲ ਦੱਸਣ ਲੱਗੀ :

"ਮਖਾਂ, ਦਿਆਲਿਆ !"

"ਹਾਂ, ਬੇਬੇ !"

"ਭਾਈ ਇਹਨੂੰ ਆਵਦੀ ਲਗਦੀ ਨੂੰ ਵੀ ਕੁਸ਼ ਸਮਝਾਇਆ ਕਰ ! ਸਿੱਧੇ ਮੂੰਹ- ਨ੍ਹੀ ਬੋਲਦੀ ਕਿਸੇ ਨੂੰ ! ਤੜਕੇ ਮੈਂ ਕਿਹਾ, 'ਬੀ ਜੈਲੇ ਹੋਰਾਂ ਨੂੰ ਵੀ ਰੋਟੀ-ਟੁੱਕ ਵੇਲੇ-ਕੁਵੇਲੇ ਪਾਕੇ ਫੜਾ ਦਿਆ ਕਰ, ਕੋਈ ਡਰ ਨ੍ਹੀ ਹੁੰਦਾ—ਤਾਂ ਅੱਗੋਂ ਸੌ ਬੋਲ-ਕੁਬੋਲ ਬੋਲੀ, ਸੂਈ ਕੁੱਤੀ ਵਾਂਗੂ ਭੱਜ ਕੇ ਪਈ ਮੈਨੂੰ।" ਕਹਿੰਦਿਆਂ 2 ਨੰਦਕੁਰ ਸਾਰੇ ਦਿਨ ਦਾ ਦਿਲ 'ਚ ਦੱਬੀ ਰੱਖਿਆ ਗੁੱਭ-ਗੁਭਾਰ ਕੱਢ ਕੇ ਹੌਲੀ ਹੋ ਬੈਠੀ।

ਇਸਤੋਂ ਪਹਿਲਾਂ ਕਿ ਦਿਆਲਾ ਦਲੀਪੋ ਨੂੰ ਕੁੱਝ ਪੁਛਦਾ, ਦਲੀਪੋ ਸ਼ੇਰਨੀ ਵਾਂਗੂ ਬਿਫ਼ਰ ਕੇ ਬੋਲੀ :

"ਮੈਂ ਇਕ ਨੂੰ ਵਿਆਹੀ ਆਂ; ਸਾਰਿਆ ਨੂੰ ਨ੍ਹੀ। ਕਦੇ ਕਹਿੰਦੀ ਐ 'ਜ਼ਮੀਨ ਵੰਡੀ ਜਾਊ'। ਕਦੇ ਕਹਿੰਦੀ ਐ ਕਿ ਤੇਰੇ ਜੁਆਕ ਨ੍ਹੀ ਵਿਆਹੇ ਜਾਣੇ..."

'ਨਹੀਂ ਵਿਆਹੇ ਜਾਣੇ; ਤਾਂ ਨਾ ਵਿਆਹੇ ਜਾਣ। ਵੰਡੀ ਜਾਵੇ ਜ਼ਮੀਨ, ਜੇ ਵੰਡੀ ਜਾਂਦੀ ਐ। ਅੱਗੇ ਕਿਹੜਾ ਮੈਂ ਮਖ਼ਮਲਾਂ ਹੰਢਾਉਨੀ ਆਂ; ਬੀ ਫੇਰ ਨੀ ਮਿਲਣੀਆਂ...'

"ਦੱਸ, ਮੈਂ ਕਿਉਂ ਵਿੱਚ-ਵਿਚਾਲੇ ਮਾਰੀਦੀਆਂ ? ਅੱਜ ਮੈਨੂੰ ਇਹ ਚੱਜ ਸਿਖਾਉਨੀ ਐਂ; ਕੱਲ੍ਹ ਨੂੰ ਆਵਦੀ ਦੋਹਤੀ ਨੂੰ ਸਿਖਾਈਂ,ਇਹ ਚੱਜ।" ਬੋਲਦਿਆਂ 2 ਦਲੀਪੋ ਭੁੱਬਾਂ ਮਾਰਕੇ ਰੋ ਪਈ ਸੀ।

ਤੇ ਦਿਆਲਾ ਗੋਡਿਆਂ 'ਚ ਸਿਰ-ਸੁੱਟੀ ਧਰਤੀ 'ਚ ਧਸਦਾ ਮਹਿਸੂਸ ਕਰ ਰਿਹਾ ਸੀ ਤੇ ਸਾਰਾ ਘਰ ਨੇਰ੍ਹੇ 'ਚ ਗਰਕ ਹੁੰਦਾ ਜਾ ਰਿਹਾ ਸੀ।

---

ਕਹਾਣੀ

# ਦੂਜਾ ਬੰਦਾ

o

## ਗੁਰਨਾਮ ਸਿੰਘ

ਉਸਨੇ ਮੂਹਰਲੀ ਬਾਰੀ ਦੀਆਂ ਪੌੜੀਆਂ ਚੜ੍ਹਦਿਆਂ ਧੁਰਤੀਕ ਸਾਰੀਆਂ ਸੀਟਾਂ ਤੇ ਨਜ਼ਰ ਮਾਰੀ। ਵਿਚਕਾਰ ਜੇ ਕਰਕੇ ਬਸ ਇਕੋ ਸੀਟ ਖਾਲੀ ਸੀ ਤੇ ਉਸਨੇ ਬਹੋਦਾਹੀ ਜਾ ਕੇ ਉਹ ਸੀਟ ਮੱਲ ਲਈ। ਮਗਰਲੀ ਬਾਰੀ ਚੜ੍ਹਿਆ ਕਾਲੇ ਰੰਗ ਦਾ, ਮੈਲੇ ਜੇਹੇ ਲੀੜਿਆਂ ਵਾਲਾ ਬੰਦਾ, ਸੀ ਨੇੜੇ ਹੋਣ 'ਤੇ ਵੀ ਜੱਕੋ ਤੱਕੀ ਵਿਚ ਖੜਾ ਰਹਿ ਗਿਆ। ਉਸ ਤੋਂ ਕੋਲ ਪਈ ਸੀਟ ਤੇ ਮੂਹਰੋਂ ਆਉਂਦੇ ਸਰਦਾਰ ਤੋਂ ਪਹਿਲਾਂ ਬੈਠ ਜਾਣ ਦੀ ਜਿਵੇਂ ਕੋਸ਼ਿਸ਼ ਹੀ ਨਾ ਕੀਤੀ ਗਈ। ਸਾਰੀ ਬਸ ਵਿਚ ਹੁਣ ਉਹ ਖੜ੍ਹਾ ਸੀ। ਜਿਸ ਵੱਲ ਵਾਰੀ ਵਾਰੀ ਕਈਆਂ ਦੀ ਨਜ਼ਰ ਉੱਠੀ ਤੇ ਫ਼ਿਰ ਨੀਵੀਂ ਹੋ ਗਈ। ਕਿਸੇ ਵੀ ਉਸਨੂੰ ਭੋਰਾ ਥਾਂ ਦੇ ਕੇ ਬਿਠਾ ਲੈਣ ਦਾ ਹੀਆ ਨਾ ਕੀਤਾ। ਜਿਸ ਸੀਟ ਨਾਲ ਉਹ ਮਾੜਾ ਜਿਹਾ ਪਾਸਾ ਲਈ ਖੜਾ ਸੀ ਉਸ ਤਿੰਨ ਸੀਟੀ ਕੁਰਸੀ ਤੇ ਬੈਠੀ ਸਾੜ੍ਹੀ ਵਾਲੀ ਜਨਾਨੀ ਸਗੋਂ ਹੋਰ ਵੀ ਫੈਲਰ ਗਈ। ਉਸਨੇ ਆਪਣਾ ਪੈਰਾਂ 'ਚ ਪਿਆ ਬੈਗ ਵੀ ਚੁੱਕ ਕੇ ਉਪਰ ਸੀਟ ਤੇ ਰੱਖ ਲਿਆ। ਤੇ ਆਪਣੇ ਦੋਂਹ ਬੱਚਿਆਂ ਨੂੰ ਵੀ ਉਸਨੇ ਸੀਟ ਦੇ ਸਿਰੇ ਤੀਕ ਖਿਲਾਰ ਕੇ ਬਹਾ ਦਿੱਤਾ। ਪਰ ਉਹ ਖੜ੍ਹਾ ਬੰਦਾ ਉਸ ਕੋਲ ਬਣਦੀ ਫਾਲਤੂ ਸੀਟ ਖਾਲੀ ਨਾ ਕਰਵਾ ਸਕਿਆ। ਕੰਡਕਟਰ ਵੀ ਦੋਹਾਂ ਦਸਾਂ ਗਿਆਰਾਂ ਸਾਲ ਦਿਆਂ ਬੱਚਿਆਂ ਦੀ ਅੱਧੀ ਟਿਕਟ ਕੱਟਕੇ ਅੱਗੇ ਲੰਘ ਗਿਆ। ਬੰਦੇ ਨੇ ਦੋਹੇਂ ਬਾਹਾਂ ਚੁੱਕ ਕੇ ਛੱਤ ਵਾਲੇ ਡੰਡਿਆਂ ਨਾਲ ਪਾ ਲਈਆਂ। ਜਿਸ ਨਾਲ ਉਸ ਉਪਰਲਿਆਂ ਟਾਕੀਆਂ ਲੱਗਿਆ ਬੋਦਾ ਜਿਹਾ ਟੋਟਾ ਫੈਲਰ ਗਿਆ। ਉਹ ਹੁਣ ਖੇਤ 'ਚ ਗੱਡੇ ਡਰਨਾਂ ਵਰਗਾ ਲੱਗ ਰਹਿਆ ਸੀ।

ਬੱਸ ਨੇ ਪੂਰੀ ਰਫਤਾਰ ਫੜ੍ਹ ਲਈ। ਸਭ ਆਪਣੀ ਆਪਣੀ ਥਾਂ ਰੁੱਝ ਗਏ। ਮੂਹਰਲੀ ਬਾਰੀ ਚੜ੍ਹਿਆ ਸਰਦਾਰ ਜਿਸ਼ਨੇ ਚਿੱਟੇ ਲੱਠੇ ਦਾ ਚਾਦਰਾ ਚਿੱਟੀ ਕਮੀਜ਼ ਪਾਈ ਹੋਈ ਸੀ। ਸਿਰ ਉੱਤੇ ਮਾਵੇ ਵਾਲੀ ਹਲਕੀ ਨੀਲੀ ਪੱਗ ਬੰਨ੍ਹੀ ਹੋਈ ਸੀ। ਉਸਦੀ ਲੰਬੀ ਭਰਵੀਂ ਦਾੜ੍ਹੀ ਖੁਲ੍ਹੀ ਛੱਡੀ ਹੋਈ ਸੀ। ਇੰਜ ਉਹ ਬੜਾ ਸਾਊ ਸਾਊ ਤੇ ਗੁਰਸਿੱਖ ਲੱਗ ਰਹਿਆ ਸੀ। ਉਹ ਆਪਣੇ ਨਾਲ ਬੈਠੇ ਦੂਜੇ ਬੰਦੇ ਨਾਲ ਗੱਲੀਂ ਲੱਗ ਪਿਆ ਜੋ ਵੇਖਣ ਵਾਖਣ ਨੂੰ ਵਾਹਵਾ ਲਗਦਾ ਸੀ। ਪਰ ਉਸਨੇ ਦਾੜੀ ਕਤਰੀ ਹੋਈ ਸੀ।

"ਤੁਸੀ ਕਿੱਥੇ ਜਾਣੈ ਸਰਦਾਰ ਜੀ।" ਚਾਦਰੇ ਵਾਲੇ ਸਰਦਾਰ ਨੇ ਚੁੱਪ ਬੈਠੇ ਨਾਲਦੇ ਬੰਦੇ ਤੋਂ ਪੁੱਛਿਆ।

"ਮੈਂ ਜੀ...ਕਸੂਰ ਪੁਰ ਜਾਣੈਂ।"

"ਕਸੂਰ ਪੁਰ ਜਾਣੈ...ਜਿਹੜਾ ਅਨੋਖੇਕਿਆਂ ਕੋਲੇ ਐ ?"

"ਹਾਂ ਜੀ ਬਸ ਉਹੀ"

"ਆਖਣਾ ਉਥੇ ਦੌਲਤ ਖਾਨੈ ਕਿ ਕੋਈ ਰਿਸ਼ਤੇਦਾਰੀ ਐ ?

"ਮੇਰਾ ਪਿੰਡ ਐ ਸਰਦਾਰ ਜੀ ਉਹ ।"

"ਫੇਰ ਤਾਂ ਤੁਸੀਂ ਘਰ ਦੇ ਬੰਦੇ ਈਓ ਆਪਣੇ... ਤੁਸੀਂ ਸੁਮੰਦਾ ਸਿਉਂ ਤੇ ਨਾਗਰ ਸਿਉਂ ਨੂੰ ਜਾਣਦੇ ਹੋਵੋਗੇ...ਉਹ ਦੋਵੇਂ ਮੇਰੀ ਵੱਡੀ ਭੂਆ ਜੀ ਦਾ ਸਹੁਰਿਆਂ ਵਲੋਂ ਸਾਡੇ ਰਿਸ਼ਤੇਦਾਰ ਐ ।"

"ਹਾਂ ਹਾਂ...ਜਾਣਦਾ ਹਾਂ ਮੈਂ...ਪਿੰਡ ਦਿਆਂ ਬੰਦਿਆਂ ਨੂੰ ਭਲਾ ਕੌਣ ਭੁਲਿਆ ਹੁੰਦੈ ਜੀ, ਉਂ ਸਾਡਾ ਘਰ ਉਹਨਾਂ ਤੋਂ ਦੂਜੇ ਪਾਸੇ ਐ...ਬੜੇ ਸਾਊ ਬੰਦੇ ਐ..."

ਮੈਨੂੰ ਤਾਂ ਕਾਫੀ ਵਰ੍ਹੇ ਹੋ ਗਏ ਥੋੜੇ ਪਿੰਡ ਗਏ ਨੂੰ...ਉਦੋਂ ਗਿਆ ਸੀ ਜਦੋਂ ਉਹਨਾਂ ਤੋਂ ਚੂਹੜਾ ਕਤਲ ਹੋ ਗਿਆ ਸੀ । ਕਹਿੰਦੇ ਸੀ ਸਾਲਾ ਕੁੜੀਆਂ ਕੱਤਰੀਆਂ ਨੂੰ ਛੇੜਖਾਨੀਆਂ ਕਰਦਾ ਸੀ-ਢੇਡ ! ਦੂਜਾ ਬੰਦਾ ਤ੍ਰਭਕਿਆ ਤੇ ਥੋੜਾ ਜਿਹਾ ਪਰ੍ਹੇ ਨੂੰ ਹੋ ਕੇ ਬੈਠ ਗਿਆ ।

"ਨਹੀਂ ਸਰਦਾਰ ਜੀ...ਇਹ ਗੱਲ ਤਾਂ ਨਹੀਂ ਸੀ ..ਗੱਲ ਤਾਂ ਅਸਲ ਹੋਰ ਸੀ ਬਣ ਗਈ ਹੋਰ... ਚਲੋ, ਗੱਲ ਆਈ ਗਈ...ਮੁਰਦੇ ਕਾਹਨੂੰ ਫੋਲਣੇ ਐਂ... ਭਲੇ ਮਾਣਸ ਐ ਵਿਚਾਰੇ ਐਵੇਂ ਕਹੀਏ...।"

'ਪਰ ਮੈਂ ਤਾਂ ਇਹੋ ਕੁਛ ਈ ਸੁਣਿਆ ਸੀ । ਅਖੇ ਕੁੜੀ ਨੇ ਵੀ ਕੂਚਹਿਰੀਏ ਬਿਆਨ ਇਹੋ ਦਿੱਤਾ ਸੀ । ਬਈ ਇਹ ਉਹਦੇ ਨਾਲ ਜਬਰ ਜਨਾਹ ਕਰਨ ਲੱਗਾ ਸੀ । ਉਦੋਂ ਸ਼ਿਸ਼ਨ ਨਾਗੋ ਕਿਆਂ ਵਾਲਾ ਬਗੜ ਸਾਹਿਬ ਸੀ । ਬੜਾ ਧੜੱਲੇਦਾਰ ਜੱਟ ਐ...ਉਹਨੇ ਦੂਜੀ ਤੀਜੀ ਤਰੀਕ 'ਤੇ ਹੀ ਬਰੀ ਕਰਤੇ ।'

ਹੁਣ ਜਿਵੇਂ ਦੂਜੇ ਬੰਦੇ ਤੋਂ ਰਿਹਾ ਨਾ ਗਿਆ ਹੋਵੇ, 'ਨਹੀਂ ਸਰਦਾਰ ਜੀ ਗੱਲ ਤਾਂ ਅਸਲ ਜੇ ਸੱਚ ਪੁਛਦੇ ਐ ਤਾਂ ਆਮ ਸੀ ਬਈ ਇਹਨਾਂ ਦੇ ਵੱਢੇ ਮੁੰਡੇ ਬਾਘੜ ਨੇ ਉਸ ਮਰਨ ਵਾਲੇ ਮੁੰਡੇ ਦੀ ਬਹੂ ਬਾਹਰ ਆਪਣੇ ਦੂਬਲਤੇ ਫੜ ਲੀ ਸੀ । ਉਹਨਾਂ ਪੰਚਾਇਤ ਕੀਤੀ...ਇਹਨਾਂ ਦਾ ਚਾਚਾ ਸਰਪੰਚ ਸੀ । ਹੱਬ ਦੱਬ ਕਰਕੇ ਗੱਲ ਦੇਬਾ 'ਤੀ ਤੇ ਥਾਣੇ ਵੀ ਨਾ ਜਾਣ ਦਿੱਤੀ । ਜੁਆਨ ਮੁੰਡੇ ਤੋਂ ਜਰਿਆ ਨਾ ਗਿਆ । ਇਕ ਦਿਨ ਬਾਘੜ ਨੂੰ ਜਾ ਪਿਆ । ਪਰ ਕਿਸਮਤ ਮਾੜੀ ਮਾੜੇ ਦੀ...ਗੁੱਸੇ 'ਚ ਅੰਨ੍ਹਾ ਹੋਇਆ ਪੈਰੋਂ ਬਿੜਕ ਗਿਆ ਤੇ ਡਿੱਗ ਪਿਆ । ਅਗਲਿਆਂ ਵੱਢਣ ਲੱਗਿਆਂ ਮਿੰਟ ਲਾਇਆ । ਮਗਰੋਂ ਚਾੱਕੇ ਘਰੇ ਲੈ ਗਏ । ਮੌਕਾ ਬਣਾ ਲਿਆ । ਡਾਢੇ ਦਾ ਸੱਤੀਂ ਵੀਹੀਂ ਸੌ...ਥਾਣੇ ਵਾਲਿਆਂ ਨੂੰ ਨਾਂਮਾਂ ਝੌਕਤਾ...ਫੇਰ ਕੀ ਬਣਨਾ ਸੀ ।

"ਹੱ...ਥੋਡੀ ਕੰਜਰਦਿਉ ਕੰਜਰੋ...ਤਾਂ ਆਹ ਗੱਲ ਸੀ—ਅਸੀਂ ਤਾਂ ਬਈ ਉਹੀ ਸਮਝਦੇ ਰਹੇ । ਜਿਹੜੀ ਅਗਲਿਆਂ ਸਾਨੂੰ ਦੱਸੀ । ਸੌਹਰੇ ਦੀ ਕੁੜੀ ਨੇ ਵੀ ਝੂਠੇ ਬਿਆਨ ਦੇ ਕੇ ਸਿਰ ਸਵਾਹ ਪਾਈ । ਨਾਲੇ ਥਾਣੇ ਵਾਲਿਆਂ ਧੂਅ ਘੜੀਸ ਕੀਤੀ ਹੋਣੀ ਐਂ ।... ਆਹ ਕਿਹੜਾ ਅੱਡਾ ਆ ਗਿਆ ਭਲਾ ?' ਬਸ ਇਕਦਮ, ਰੁਕਕੇ ਖੋਖਿਆਂ ਦੇ ਵਿਚਕਾਰ ਜਾ ਖਲੋਤੀ । ਤਾਂ ਸਰਦਾਰ ਨੇ ਨਾਲਦੇ ਤੋਂ ਪੁੱਛਿਆ ।

"ਪੁਰਾਣੀ ਮੰਡੀ ਐ ।"

ਜੇ ਖੜ੍ਹ ਤਾਂ ਉਤਰਕੇ ਪਿਸ਼ਾਬ ਈ ਕਰ ਲਈਏ... ਆਖਦਿਆਂ ਸਰਦਾਰ ਲੋਈ ਸੰਭਾਲਦਿਆਂ ਉੱਠਿਆ ਤੇ ਤੇ ਬਾਹਰ ਚਲਾ ਗਿਆ । ਝੱਟ ਕੁ ਪਿੱਛੋਂ ਉਹ ਫਿਰ ਸੀਟ ਤੇ ਮੁੜ ਆਇਆ ।

"ਲਓ ਸਰਦਾਰ ਜੀ ਮੂੰਗਫਲੀ ਖਾਓ' ਉਸਨੇ ਲਫਾਫਾ ਦੂਜੀ ਸਵਾਰੀ ਦੇ ਅੱਗੇ ਕਰਦਿਆਂ ਕਿਹਾ ।

"ਨਹੀਂ ਬੱਸ...ਬਹਗੁਰੂ ਬਾਹਲਾ ਦੇਵੇ ਤੁਸੀਂ ਲਾਓ ਗੱਫੇ ਸਰਦਾਰ ਜੀ; ਦੂਜੇ ਨੇ ਬੁੱਕਲ ਵਿਚ ਹੀ ਹੱਥ ਜੋੜਦਿਆਂ ਨਿਮਰਤਾ ਨਾਲ ਕਿਹਾ ।

'ਲਓ ਸਰਦਾਰ ਜੀ.. ਆਪਾਂ ਕੀ ਲੈ ਜਾਣੈਂ ਏਥੋਂ ਦੋ ਘੜੀਆਂ ਹੈਗੀਐਂ ਜਿਹੜੀਆਂ ਕਿਸੇ ਨਾਲ ਬਹਿ ਕੇ ਚੰਗੀਆਂ ਗੁਜ਼ਾਰਲੀਆਂ । ਬੰਦਾ ਏਵੇਂ ਮਿਲਦਾ ਗਿਲਦਾ ਰਹਿੰਦੈ...ਆਪਾਂ ਹੁਣ ਕੋਈ ਓਪਰੇ ਆਂ—ਹੋਰ ਕਿਸੇ ਦਾ ਕੋਈ ਖਾਂਦਾ ਤਾਂ ਨ੍ਹੀਂ । ਫੜੋ...ਫੜੋ ਖਾਓ ਨਾਲੇ ਵਾਹਵਾ ਗੱਪਾਂ ਸ਼ੱਪਾਂ ਮਾਰਦੇ ਚਲਾਂਗੇ ।'

ਕੋਈ ਚਾਰਾ ਨਾ ਚਲਦਾ ਵੇਖ, ਦੂਜੇ ਬੰਦੇ ਨੇ ਵੱਡਾ ਸਾਰਾ ਹੱਥ ਖੋਲ੍ਹਕੇ ਲਫਾਫੇ ਦੇ ਹੇਠ ਕਰ ਦਿੱਤਾ । "ਚੰਗਾ ਫਿਰ ਸਰਦਾਰ ਜੀ ਥੋਡਾ ਮਾਣ ਨ੍ਹੀਂ ਤੋੜਦਾ... ਚਾਰ ਦਾਣੇ ਰੱਖ ਦਿਉ ਹੱਥ 'ਤੇ ।'

"ਆਪੇ ਈ ਲੈ ਲਓ ਵਿਚੋਂ ਕਿ...।' ਪਹਿਲੇ ਨੇ ਜ਼ੋਰ ਪਾਇਆ ਤਾਂ ਦੂਜੇ ਨੇ ਸੰਗਾਊ ਜਿਹੇ ਹੱਥਾਂ ਨਾਲ ਕੁਝ ਦਾਣੇ ਲਏ ਅਤੇ ਕੱਢ ਕੇ ਹੌਲ਼ੀ ਹੌਲੀ ਖਾਣ ਲੱਗਾ ।

ਬੱਸ ਚੱਲ ਪਈ । ਸਵਾਰੀ ਉੱਤਰੀ ਕੋਈ ਨਹੀਂ ਸੀ । ਹਾਂ ਇਕ ਪੜ੍ਹਿਆ ਲਿਖਿਆ ਆਦਮੀ ਜ਼ਰੂਰ ਚੜ੍ਹ ਆਇਆ ਸੀ । ਜਿਸਨੇ ਆਣਕੇ ਜਨਾਨੀ ਸਵਾਰੀ ਤੋਂ ਸੀਟ ਖਾਲੀ ਕਰਵਾ ਲਈ ਸੀ ਤੇ ਜਚ ਕੇ ਬਹਿ ਗਿਆ ਸੀ । ਤੇ ਹੁਣ ਉਹ ਕਿਸੇ ਫਿਲਮੀ ਪਰਦੇ ਵਿਚ ਰੁੱਝ ਗਿਆ ਸੀ ।

ਪਰ ਦੂਜਾ ਬੰਦਾ ਉਵੇਂ ਦਾ ਉਵੇਂ ਉਥੇ ਖੜ੍ਹਾ ਸੀ । ਸਾਰੇ ਫੇਰ ਆਪੋ ਆਪਣੀਆਂ ਗੱਲਾਂ ਵਿਚ ਰੁਝ ਗਏ ।

"ਆਪਣਾ ਪਿੰਡ ਦੱਸਿਆ ਈ ਨ੍ਹੀਂ ਸਰਦਾਰ ਹੁਰਾਂ

ਨੇ।' ਦੂਜੇ ਨੇ ਮੂੰਗਫਲੀ ਦਾ ਦਾਣਾ ਮੂੰਹ 'ਚ ਪਾਉਂਦਿਆਂ ਕਿਹਾ।

"ਸਾਡਾ ਪਿੰਡ ਜੀ.. ਰੱਬ ਬੌਂਡਾ ਭਲਾ ਕਰੇ .. ਹਰ ਗੋਬਿੰਦਪੁਰ। ਬੜਾ ਤਕੜਾ ਪਿੰਡ ਐ। ਸਾਰੀਆਂ ਗਲੀਆਂ ਪੱਕੀਆਂ। ਵਾਟਰ ਵਰਕ ਵੀ ਬਣਿਐਂ। ਕੁੜੀਆਂ ਮੁੰਡਿਆਂ ਲਈ ਵੱਖਰਾ ਵੱਖਰਾ ਸਕੂਲ... ਪੇਂਡੂ ਹਸਪਤਾਲ...ਡੰਗਰ ਹਸਪਤਾਲ...ਗੁਰਦੁਆਰਾ ਸਾਹਿਬ ਵੇਖਣ ਵਾਲੈ...ਰੂਹ ਖੁਸ਼ ਹੁੰਦੀ ਐ ਵੇਖਕੇ... ਕਹਿੰਦੇ ਮੁਗਲਾਂ ਨਾਲ ਲੜਦੇ...ਛੇਵੇਂ ਪਾਤਸ਼ਾਹ... ਮੀਰੀ ਪੀਰੀ ਦੇ ਮਾਲਕ...ਕਿਤੇ ਏਧਰ ਨਿਕਲ ਆਏ... ਏਥੇ ਸਾਡੇ ਪਿੰਡ ਕਹਿੰਦੇ ਚਾਰ ਘੜੀਆਂ ਰਮਾਨ ਕੀਤਾ ...ਉਦੋਂ ਤਾਂ ਏਥੇ ਉਜਾੜ ਸੀ...ਜਾਣ ਲੱਗੇ ਮਾਲਕ ਕੋਈ ਵਾਕ ਮੂੰਹੋਂ ਕੱਢਗੇ...ਤੇ ਰੌਣਕਾਂ ਲਾਗੀਆਂ... ਹੁਣ ਤਾਂ ਮਾਰ ਕੇ ਬੱਲੇ ਬੱਲੇ ਐ...ਸ਼ਹਿਰ ਵਰਗਾ ਪਿੰਡ ਐ...ਪਲੇ ਪਲੇ ਬੱਸਾਂ ਜਾਂਦੀਐ ਵਿਚੋਂ ਦੀ।...ਅੱਗੇ ਚੂਹੜਿਆਂ ਦਾ ਵਿਹੜਾ—ਪਿੰਡ ਦੇ ਵਿਚੇ ਸੀ ਹੁਣ ਸਰਕਾਰ ਨੇ ਬਾਹਰ ਬਸਤੀ ਬਣਾਤੀ। ਥੋੜੇ ਜੇ ਤਖਾਵਾਂਤੇ ਛੀਂਬਿਆਂ ਦੇ ਘਰਾਂ ਤੋਂ ਬਿਨਾ ਸਭ ਆਪਣੇ ਈ ਘਰ ਐ ਪਿੰਡ 'ਚ ਹੁਣ ਤਾਂ। ਐਵੇਂ ਆਖੀਏ ਗੁਰੂ ਦਾਤੇ ਦੀ ਮੇਹਰ ਐ...ਚੰਗੀ ਪੈਲੀ ਐ...ਹਿੰਦੋਸਤਾਨ ਟਰੈਕਟਰ ਐ...ਦੋ ਚੂਹੜੇ ਰੱਖੇ ਐ...ਇਕ ਸੀਰੀ ਐ ਇਕ ਠੇਕੇ 'ਤੇ। ਵੱਡਾ ਮੁੰਡਾ ਫੌਜ 'ਚ ਸੁਖ ਨਾ ਸੂਬੇਦਾਰ ਐ... ਸੱਚੇ ਪਾਤਸ਼ਾਹ ਦੀ ਦਇਆ—ਕੰਮਕਾਰ ਚੰਗਾ ਰਿੜ੍ਹੀ ਜਾਂਦੈ ਅੱਜਦੀ ਘੜੀ।'

ਬੱਸ ਹੌਲੀ ਹੋ ਗਈ...ਉਹ ਸ਼ਹਿਰ ਪਹੁੰਚ ਗਏ ਸਨ। ਡਰਾਈਵਰ ਨੇ ਬਰੇਕ ਮਾਰੀ। ਬੱਸ ਰੁਕ ਗਈ।

'ਬੱਸ ਨੇ ਦਸ ਮਿੰਟ ਰੁਕਣੈਂ ਬਈ—ਗਰਮ ਗਰਮ ਚਾਹ ਪੀਓ, ਗਰਮ ਆਂਡੇ, ਗਰਮ ਪਕੌੜੇ।' ਦੀ ਅਵਾਜ਼ ਬੱਸ ਨੂੰ ਚੀਰਕੇ ਲੰਘ ਗਈ।

'ਆਓ ਸਰਦਾਰ ਸਾਹਿਬ ਥੱਲੇ ਉਤਰੀਏ—ਕੁਛ ਖਾ ਪੀ ਲਈਏ ਪਹਿਲੇ ਸਰਦਾਰ ਨੇ ਸੀਟ ਤੋਂ ਉਠਦਿਆਂ ਕਿਹਾ।

'ਨਹੀਂ...ਤੁਸੀਂ ਖਾ ਪੀ ਆਓ.,.ਮੈਨੂੰ ਤਲਬ ਨ੍ਹੀ, ਘਰੋਂ...ਖਾਕੇ ਤੁਰਿਆ ਸਾਂ।'

'ਉਠੋ ਵੀ ਸਰਦਾਰ ਜੀ...ਪਤਾ ਨ੍ਹੀ ਬੰਦਾ ਕਿੱਦਾ ਮਿਲ ਪੈਂਦੈ। ਦੁਨੀਆਂ ਤੋਂ ਕੀ ਲੈ ਜਾਣੈਂ...ਬਸ ਮੇਲੇ ਗੇਲੇ ਈ ਐ ਚਾਰ ਦਿਨਾਂ ਦੇ...ਉੱਠੋ ਉਠੋ ਮੈਂ ਵੀ ਬਸ ਅਗਲੇ ਅੱਡੇ ਉੱਤਰ ਜਾਣੈਂ।'

ਨਾ ਚਾਹੁੰਦਿਆਂ ਵੀ ਦੂਜਾ ਆਦਮੀ ਉੱਠ ਖੜੋਤਾ। ਤੇ ਝਕਦਾ ਝਕਦਾ ਬੱਸ 'ਚੋਂ ਉਤਰ ਗਿਆ।

'ਚਾਰ ਆਂਡੇ ਦੋ ਕੱਪ ਚਾਹ ਛੇਤੀ ਨਾਲ' ਆਖਕੇ ਉਹ ਦੋਵੇਂ ਇਕ ਖਾਲੀ ਮੇਜ਼ ਕੋਲ ਜਾ ਖੜੋਤੇ। ਖੜ੍ਹਦਿਆਂ ਹੀ ਚਾਹ ਤੇ ਆਂਡੇ ਪਹੁੰਚ ਗਏ। ਸਰਦਾਰ ਨੇ ਪਹਿਲਾਂ ਹੀ ਪੈਸੇ ਦੇ ਦਿਤੇ ਸ਼ਾਇਦ ਸਲੀਕੇ ਕਰਕੇ ਜਾਂ ਬੱਸ ਤੁਰਨ ਦੇ ਡਰੋਂ। ਉਹਨਾਂ ਇਕ ਇਕ ਆਂਡਾ ਲਿਆ ਤੇ ਚਾਹ ਪੀਣ ਲੱਗੇ।

"ਰੱਬ ਦੇ ਰੰਗ ਐ ਸਰਦਾਰ ਜੀ...ਏਸੇ ਤਰ੍ਹਾਂ ਮਿਲ ਗਿਲਕੇ ਦਿਹਾੜੇ ਚੰਗੇ ਟੁੱਟ ਜਾਂਦੇ ਐ...ਮੈਂ ਵੀ ਏਧਰ ਜਰੂਰੀ ਕੰਮ ਆਇਆਂ। ਮੈਂ ਅੱਜ ਆਪਣੀ ਲੜਕੀ ਵਾਸਤੇ ਇਕ ਲੜਕਾ ਵੇਖਣ ਚੱਲਿਆ ਹਾਂ। ਕਿਸੇ ਦੱਸ ਪਾਈ ਸੀ। ਲੜਕੀ ਆਪਣੀ ਅੱਠ ਪਾਸ ਐ...ਮਾਂ ਬੀਮਾਰ ਪੈ ਗਈ ਵਿਚਾਰੀ ਅਗਾਂਹ ਪੜ੍ਹ ਨਾ ਸਕੀ। ਕੰਮ ਨੂੰ ਬਹੁਤ ਜਿਆਦਾ ਸੰਚਿਆਰੀ ਐ। ਸਾਰਾ ਘਰ ਦਾ ਕਾਰੋਬਾਰ ਉਸ ਦੇ ਸਿਰ ਤੇ ਛੱਡ ਛੱਡਿਐ ਅਸੀਂ ਤਾਂ। ਆਪਦੇ ਭਰਾਵਾਂ ਵਾਂਗੂ ਉੱਚੀ ਲੰਮੀ ਐ...ਇਕੋ ਇਕ ਭੈਣ ਐ ਤਿੰਨਾਂ ਭਰਾਵਾਂ ਦੀ। ਫਿਕਰ ਤਾਂ ਹੋਈ ਜਾਂਦੈ ਜਦੋਂ ਧੀ ਪੁੱਤ ਜੁਆਨ ਹੋ ਜੇ... ਸੋਚੀਦੈ ਬਈ ਕੋਈ ਚੰਗਾ ਘਰ ਲੱਭ ਜਾਵੇ...ਤੁਸੀਂ ਵੀ ਖਿਆਲ ਕਰਿਓ...ਤੁਹਾਡੀ ਵੀ ਧੀ ਐ...ਬੰਦਿਆਂ ਨਾਲ ਈ ਹੁੰਦੀਐਂ ਸਾਰੀਆਂ ਗੱਲਾਂ।

"ਜੀ...ਜਰੂਰ ਕਰਾਂਗੇ...ਓਧਰ ਥੋੜੇ ਰਿਸ਼ਤੇਦਾਰਾਂ ਨੂੰ ਵੀ ਕਹਿ ਦਿਆਂਗੇ। ਜੇ ਕੋਈ ਚੰਗਾ ਢੋਅ ਬਣ ਜੇ ਮਾਂ ਪਿਉ ਵੀ ਸੌਖਾ—ਕੁੜੀ ਵੀ ਸੌਖੀ...ਦੂਜੇ ਬੰਦੇ ਨੇ ਹਲੀਮੀ ਨਾਲ ਕਿਹਾ। ਤੇ ਉਹਨਾਂ ਨੇ ਦੂਜਾ ਆਂਡਾ ਚੁੱਕ ਲਿਆ।

'ਹਾਂ ਤੇ ਸਰਦਾਰ ਹੁਰਾਂ ਆਪਣੇ ਕਾਰੋਬਾਰ ਬਾਰੇ ਕੁਛ ਨ੍ਹੀ ਦੱਸਿਆ?' ਪਹਿਲੇ ਸਰਦਾਰ ਨੇ ਬਾਕੀ ਰਹਿੰਦਾ ਅੱਧਾ ਆਂਡਾ ਮੂੰਹ ਕੋਲ ਲਿਜਾਂਦਿਆਂ ਕਿਹਾ।

'ਮੈਂ ਤਾਂ ਸਰਦਾਰ ਜੀ ਸੀਰ ਕਰਦਾਂ...ਹੋਰ ਆਪਣੀ ਕਿਹੜੀ...'

ਉਸਦਾ ਉੱਤਰ ਸੁਣਕੇ ਪਹਿਲੇ ਸਰਦਾਰ ਦੇ ਹੱਥੋਂ ਅੱਧ ਖਾਧਾ ਆਂਡਾ ਇਉਂ ਡਿੱਗ ਪਿਆ ਜਿਵੇਂ ਉਸਨੂੰ ਕੋਈ ਤਕੜਾ ਕਰੰਟ ਲੱਗਾ ਹੋਵੇ। ਉਸ ਵੇਲੇ ਕੰਡਕਟਰ ਨੇ ਸੀਟੀ ਮਾਰ ਦਿੱਤੀ ਤੇ ਸਰਦਾਰ ਅੱਧੀ ਚਾਹ ਵਿਚੇ ਰੱਖ ਕੇ ਬੱਸ ਜਾ ਚੜਿਆ।

ਦੂਜਾ ਬੰਦਾ ਜਦੋਂ ਮਗਰਲੀ ਬਾਰੀ ਥਾਣੀ ਚੜ੍ਹਿਆ ਤਾਂ ਉਸਨੇ ਵੇਖਿਆ ਕਿ ਉਹ ਸਰਦਾਰ ਅੱਗੇ ਕਿਸੇ ਖਾਲੀ ਹੋ ਗਈ ਸੀਟ ਤੇ ਜਾ ਬੈਠਾ ਸੀ। ਉਸਨੇ ਗਰੀਬੜੇ ਜਿਹੇ ਖੜੇ ਆ ਰਹੇ ਬੰਦੇ ਨੂੰ ਮੋਢਿਉਂ ਹਿਲਾਉਂਦਿਆਂ 'ਆਜਾ ਵੀਰਨਾਂ ਤੂੰ ਵੀ ਬਹਿਜਾ ਖੜ੍ਹਾ ਥੱਕ ਗਿਆ ਹੋਵੇਂਗਾ" ਆਖਿਆ ਤੇ ਆਪਣੇ ਨਾਲ ਬਿਠਾ ਲਿਆ।

o

# ਟੈਕਨੀਕਲ ਵਿਦਿਯਾ ਦੇ ਸਲੇਬਸ

o

ਐ. ਸੀ. ਭਾਰਦਵਾਜ

ਪਿਛਲੇ ਇਕ ਲੇਖ ਵਿਚ ਅਸੀਂ ਇਸ ਸਾਲ ਤੇ ਵਿਚਾਰ ਕੀਤੀ ਸੀ ਕਿ ਕਿਸ ਤਰ੍ਹਾਂ ਸਾਡੀ ਆਰਟਸ ਦੀ ਪੜ੍ਹਾਈ ਵਿਚ ਬਹੁਤ ਉਹ ਰਟਿ ਪੜ੍ਹਾਇਆ ਜਾਂਦਾ ਹੈ, ਜਿਸਦਾ ਸਾਡੀ ਰੋਜ਼ ਦੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ ਤੇ ਗਲਤ-ਮਲਤ ਕੇਵਲ ਆਰਟਸ ਵਿਚ ਹੀ ਨਹੀਂ ਪੜ੍ਹਾਇਆ ਜਾਂਦਾ, ਟੈਕਨੀਕਲ ਅਤੇ ਡਾਕਟਰੀ ਵਿਦਿਆ ਵਿਚ ਤਾਂ ਹੋਰ ਵੀ ਬੇੜਾ ਗਰਕ ਹੋਇਆ ਪਿਆ ਹੈ......

o o o

## ਡਾਕਟਰੀ ਵਿਦਿਆ ਕਿਨਾ ਦੀ ਸੇਵਾ ਵਿਚ...?

ਸਾਡੇ ਡਾਕਟਰੀ ਵਿਦਿਆ ਵਿਚ ਪੜ੍ਹਾਇਆ ਜਾਂਦਾ ਹੈ ਬਲੱਡ ਪ੍ਰੈਸ਼ਰ ਬਾਬਤ, ਕੈਂਸਰ ਬਾਬਤ, ਮੈਂਟਲ ਡਿਸਟਰਬੈਸਿਜ ਬਾਬਤ, ਹਾਰਟ ਅਟੈਕ ਬਾਬਤ...... ਜਰਾ ਤੁਸੀਂ ਹੀ ਦਸੋ, ਪੰਦਰਾਂ ਕੁ ਸਾਲ ਪਹਿਲਾਂ ਵੀ ਕਦੇ ਅਜਿਹੀਆਂ 'ਬੰਬਾਰੀਆਂ' ਬਾਬਤ ਸੁਣਿਆ ਸੀ......?? ਭਾਵੇਂ ਅਜ ਵੀ ਇਨ੍ਹਾਂ ਬੀਮਾਰੀਆਂ ਦੇ 90 ਫੀ ਸਦੀ ਮਰੀਜ਼ ਯੂਰਪੀਅਨ ਸਰਮਾਏਦਾਰੀ ਦੇਸ਼ਾਂ ਵਿਚ ਹੀ ਹੁੰਦੇ ਹਨ ਪਰ ਸਾਡੇ ਦੇਸ਼ ਵਿਚ M.B.B.S. ਦੇ ਕੋਰਸ ਵਿਚ 90% ਪਰਚੇ ਇਨ੍ਹਾਂ ਬੀਮਾਰੀਆਂ ਉਪਰ ਹੀ ਕਰਵਾਏ ਜਾਂਦੇ ਹਨ ਤੇ ਇਹੋ ਹੀ ਕਾਰਣ ਹੈ ਕਿ ਭਾਰਤੀ ਡਾਕਟਰ, ਅਮਰੀਕਾ, ਇੰਗਲੈਂਡ, ਫਰਾਂਸ ਵਿਚ ਜਾ ਕੇ ਤੁਰੰਤ ਫਿੱਟ ਹੋ ਜਾਂਦੇ ਹਨ ਵਰਨਾ ਕਿਥੇ ਉਨ੍ਹਾਂ ਦੀ ਸੰਸਕ੍ਰਿਤੀ-ਕਲਚਰ, ਰਹਿਣੀ-ਸਹਿਣੀ, ਰੌਲਾ-ਰੱਪਾ, ਪ੍ਰਦੂਸ਼ਣ-ਦੂਸ਼ਿਤ ਵਾਤਾਵਰਨ ਤੇ ਕਿਥੇ ਹਿੰਦੁਸਤਾਨੀ ਕਦਰਾਂ-ਕੀਮਤਾਂ......ਖੁਲ੍ਹਾ ਖਾਣਾ (ਅਗਰ ਮਿਲੇ ਤਾਂ), ਹੱਸਣਾ-ਖੇਡਣਾ. ਨਚਣਾ-ਟਪਣਾ, ਸਦਕੇ ਜਾਣਾ, ਬਹੁ ਗਿਣਤੀ ਹਿੰਦੁਸਤਾਨੀਆਂ ਦਾ ਸ਼ਾਕਾਹਾਰੀ ਹੋਣਾ ਜਦੋਂ ਕਿ ਯੂਰਪੀਨ 99% ਮਾਸਾਹਾਰੀ ਬੰਦੇ ਹਨ......ਹੁਣ ਤਾਂ ਤੁਸੀਂ ਮੇਰੇ ਨਾਲ ਸਹਿਮਤ ਹੋ ਹੀ ਗਏ ਹੋਵੋਗੇ ਕਿ ਡਾਕਟਰੀ-ਵਿਦਿਆ ਉਪਰ ਖਰਚੇ ਜਾਣ ਵਾਲੇ ਕਰੋੜਾਂ ਰੁਪਈਏ ਜ਼ਰੂਰ ਹਿੰਦੁਸਤਾਨੀਆਂ ਕੋਲੋਂ ਅਸਿਧੇ ਟੈਕਸਾਂ ਰਾਹੀਂ ਉਗਰਾਹੇ ਜਾਂਦੇ ਮਗਰ ਮੈਡੀਕਲ ਕਾਲਜਾਂ ਵਿਚ ਬਦੇਸ਼ੀ ਸਲੇਬਸ ਹੀ ਪੜ੍ਹਾਇਆ ਜਾਂਦਾ ਹੈ ਤਾਂ ਜੁ 'ਅਜ਼ਾਦ' ਭਾਰਤਵਰਸ਼ ਦੇ ਡਾਕਟਰ ਵੀ ਬਦੇਸ਼ੀਆਂ ਦੀ ਹੀ ਸੇਵਾ ਕਰੀ ਜਾਣ। ਅਸੀਂ ਭਾਰਤੀ, ਇਕ ਡਾਕਟਰ ਉਪਰ ਇਕ ਲੱਖ ਰੁਪਏ ਖਰਚ ਰਹੇ ਹਾਂ। ਇਹੋ ਵਿਦਿਆ ਅਗਰ ਅਮਰੀਕਾ ਆਪਣੇ ਲੋਕਾਂ ਨੂੰ ਦੇਣੀ ਚਾਹੇ ਤਾਂ ਖਰਚਾ ਵੀਹ ਲੱਖ ਪ੍ਰਤੀ ਡਾਕਟਰ ਤੋਂ ਘਟ ਨਹੀਂ ਆਵੇਗਾ। ਸੋ ਉਸਨੂੰ ਕੀ ਲੋੜ ਪਈ ਹੈ ਕਰੋੜਾਂ ਡਾਲਰ ਇਨਵੈਸਟ ਕਰਨ ਦੀ ? ਸੱਚ ਪੁੱਛੋ ਤਾਂ ਦਸ ਲੱਖ ਦਾ ਵਿਆਜ ਹੀ ਤੀਹ ਕੁ ਹਜ਼ਾਰ ਰੁਪਏ ਮਹੀਨਾ ਬਣ ਜਾਂਦਾ ਹੈ। ਇਹ ਪਛਮੀ ਮੁਲਕ ਤਾਂ ਬਸ ਇਹੋ ਵਿਆਜ ਹੀ ਸਾਡੇ ਡਾਕਟਰਾਂ/ਐਨਜੀਨਅਰਾਂ ਨੂੰ ਦਿੰਦੇ ਹਨ—ਤਨਖਾਹ ਦੇ ਰੂਪ ਵਿਚ!! ਸਾਰੀ ਉਮਰ ਕੰਮ ਲਈ ਜਾਂਦੇ ਹਨ। ਅਮਰੀਕੀ-ਇੰਗਲਸਤਾਨੀ ਤੇ ਇਨਵੈਸਟ-ਮੈਂਟ ਕਰਦੇ ਰਹਿੰਦੇ ਹਨ ਵਿਚਾਰੇ ਭਾਰਤਵਾਸੀ. .!!!

...ਭਾਵੇਂ 1960 ਮਗਰੋਂ ਵਧ ਰਹੇ ਰੌਲੇ-ਰੱਪੇ ਕਾਰਣ, ਦੂਸ਼ਿਤ ਹੋ ਰਹੇ ਵਾਤਾਵਰਨ ਕਾਰਣ, ਸਮਾਜਕ-ਆਰਥਕ ਤੰਗੀਆਂ ਸਦਕਾ, ਨਿਘਰ ਰਹੀ ਖੁਰਾਕ ਕਾਰਣ—ਸਾਡੇ ਦੇਸ਼ ਵਿਚ ਵੀ ਅਜਿਹੀਆਂ ਨਾ-ਮੁਰਾਦ ਬੀਮਾਰੀਆਂ ਸ਼ੁਰੂ ਹੋ ਗਈਆਂ ਹਨ ਪਰ ਇਸਦਾ ਇਹ ਮਤਲਬ ਨਹੀਂ ਕਿ 54 ਮਹੀਨਿਆਂ ਦੇ M.B.B.S. ਦੇ ਕੋਰਸ ਵਿਚ 44 ਮਹੀਨੇ ਅਜਿਹੀਆਂ ਬੀਮਾਰੀਆਂ ਉਪਰ ਹੀ ਪੜ੍ਹਾਈ ਤੁਰਿਆ ਜਾਵੇ। ਉੱਚ-ਡਾਕਟਰੀ ਵਿਦਿਆ ਵਿਚ ਤਾਂ ਜਮਾ ਹੀ ਭੱਠਾ ਬੈਠਾ ਹੋਇਆ ਹੈ। ਰਜਿੰਦਰਾ ਹਸਪਤਾਲ ਦੀ ਉਦਾਹਰਣ ਲੈ ਲਵੋ। ਇਥੇ ਸੱਤ-ਅੱਠ ਸੌ ਮਰੀਜ਼ ਰੁਜ਼ਾਨਾ ਆਉਂਦੇ ਹਨ। ਸਾਲ ਵਿਚ ਆਉਣ ਕੁਲ ਮਰੀਜ਼ ਢਾਈ-ਤਿੰਨ ਲੱਖ ਤੋਂ ਵੀ ਵਧ ਬਣਦੇ ਹਨ ਪਰ ਕੈਂਸਰ ਦੀ ਬੀਮਾਰੀ ਵਾਲੇ ਦਸ ਮਰੀਜ਼ ਵੀ ਸਾਰੇ ਸਾਲ ਵਿਚ ਨਹੀਂ ਆਉਂਦੇ ਹਨ ਮਗਰ ਇਥੇ M.D./M.S. ਦੇ ਕੋਰਸਾਂ ਵਿਚ 90 ਫੀ ਸਦੀ ਥੀਸਿਜ਼ ਕੈਂਸਰ, ਹਾਰਟ ਅਟੈਕ ਅਤੇ ਬਲੱਡ ਪ੍ਰੈਸ਼ਰ ਉਪਰ ਹੀ ਕਰਵਾਏ ਜਾ ਰਹੇ ਹਨ ..?? ਹੋਰ ਤੇ ਹੋਰ ਸਾਰੀ ਵਿਦਿਆ ਵਿਚ ਵਿਦਿਆਰਥੀਆਂ ਦਾ ਧਿਆਨ ਇਨ੍ਹਾਂ ਗਲਾਂ ਵਲ ਹੀ ਦਵਾਇਆ ਜਾਂਦਾ ਹੈ (ੳ) ਲੋਕ ਸਾਫ-ਸੁਥਰੇ ਨਹੀਂ ਰਹਿੰਦੇ—ਇਸ ਕਾਰਣ ਬੀਮਾਰ ਹੁੰਦੇ ਹਨ। (ਅ) ਬੀਮਾਰੀਆਂ ਦਾ ਕਾਰਣ ਕੀਟਾਣੂ ਹੁੰਦੇ ਹਨ (ੲ) ਕੀਟਾਣੂਆਂ ਦੀ ਰੋਕਥਾਮ ਲਈ ਕੈਪਸੂਲਾਂ/ਟੀਕਿਆਂ/ਟਿਊਬਾਂ ਰਾਹੀਂ ਮਾਰੇ ਜਾਣੇ ਚਾਹੀਦੇ ਹਨ......।

...ਜ਼ਰਾ ਗੌਰ ਕਰੋ ਵਿਦਿਆਰਥੀਆਂ ਦੇ ਮਨਾ ਅੰਦਰ ਇਹ ਗਲ ਬਠਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਕਸੂਰਵਾਰ ਲੋਕੀ ਹਨ—ਮੌਜੂਦਾ ਸਮਾਜਿਕ-ਸਿਆਸੀ ਢਾਂਚਾ ਨਹੀਂ। ਵਿਦਵਾਨ ਡਾਕਟਰ ਪ੍ਰੋਫੈਸਰ ਪਿਆਰੇ ਲਾਲ, ਡਾਕਟਰ ਅਮਰ ਸਿੰਘ ਅਜ਼ਾਦ ਮੁਤਾਬਕ ਬੀਮਾਰੀਆਂ ਦੇ ਤੇਜ਼ੀ ਨਾਲ ਵਧਣ ਦੇ ਤਿੰਨ ਮੁੱਖ ਕਾਰਣ ਦਸਦੇ ਹਨ।

1. ਗਰੀਬੀ (ਨਿਘਰ ਰਹੀਆਂ ਖੁਰਾਕਾਂ) ਗੰਦੇ ਤੇ

ਤੰਗ ਰਹਾਇਸ਼ੀ ਮਕਾਨ, ਗੰਦਾ ਆਲਾ ਦੁਆਲਾ)।

2. ਬੇਰੁਜ਼ਗਾਰੀ (ਮਾਨਸਕ ਤਣਾਉ—ਆਰਥਕ ਤੰਗੀ)
3. ਅਨਪੜ੍ਹਤਾ (ਸਿਹਤ ਪ੍ਰਤੀ ਸੁਚੇਤਨਾ ਦਾ ਨਾ ਹੋਣਾ—ਆਰਥਕ ਪਖੋਂ ਕਮਜ਼ੋਰੀ)

ਸੋ ਹੇਠਲੇ ਤਿੰਨ ਕਾਰਣਾਂ ਨੂੰ ਗਹੁ ਨਾਲ ਘੋਖਣ ਤੇ ਪਤਾ ਲਗਦਾ ਹੈ ਕਿ ਤੇਜ਼ੀ ਨਾਲ ਵਧ ਰਹੀਆਂ ਬੀਮਾਰੀਆਂ ਦਾ ਮੁੱਖ ਕਾਰਣ ਕੀਟਾਣੂ ਨਹੀਂ ਹਨ। (ਜਿਵੇਂ ਸਾਡੀ ਪੜ੍ਹਾਈ ਵਿਚ ਜ਼ੋਰ ਦਿਤਾ ਜਾਂਦਾ ਹੈ, ਕੀਟਾਣੂ ਤਾਂ ਹਰ ਵਕਤ, ਹਰ ਜਗ੍ਹਾ ਮੌਜੂਦ ਹੁੰਦੇ ਹਨ) ਸਗੋਂ ਆਰਥਕ-ਮੰਦਹਾਲੀ ਹੈ। ਬੇਰੁਜ਼ਗਾਰੀ ਕਾਰਨ ਮਾਨਸਕ ਸੰਤੁਲਨ ਵੀ ਆਦਮੀ ਖੋਹ ਬੈਠਦਾ ਹੈ ਤੇ ਹਥ ਤੰਗ ਰਹਿੰਦਾ ਹੈ। ਘਰੇਲੂ ਲੜਾਈ-ਝਗੜਿਆਂ ਵਿਚੋਂ ਵੀ 90 ਫੀ ਸਦੀ ਝਗੜੇ ਆਰਥਕ-ਸਮੱਸਿਆਵਾਂ ਵਿਚੋਂ ਹੀ ਪੈਦਾ ਹੁੰਦੇ ਹਨ। ਸਾਡੇ ਆਪਣੇ ਘਰ ਵੀ ਪ੍ਰਹਿਲਾ ਹਫਤਾ ਅਮਿਨ ਚੈਨ ਨਾਲ ਗੁਜ਼ਰਦਾ ਹੈ ਪਰ ਦੂਸਰੇ ਹਫਤੇ ਦੋ ਵੇਰਾਂ, ਤੀਸਰੇ ਹਫਤੇ ਤਿੰਨ ਵਾਰਾਂ ਮਾੜੀ ਮੋਟੀ ਕੌੜ ਫਿੱਕ ਜ਼ਰੂਰ ਹੋ ਜਾਂਦੀ ਹੈ। ਆਖਿਰੀ ਹਫਤੇ ਤਾਂ ਬਿਨਾਂ ਨਾਗਾ ਹੀ ਇਕ ਦੂਜੇ ਉਪਰ, ਕਦੇ ਬੱਚਿਆਂ ਨਾਲ, ਕਦੇ ਗੁਆਂਢੀਆਂ ਨਾਲ, ਕਦੇ ਦੂਰ ਬੈਠੇ ਬਜ਼ੁਰਗਾਂ ਤੋਂ, ਕਦੇ ਕਿਰਾਏਦਾਰ ਦੇ ਕੁੱਤੇ ਤੋਂ, ਅਕਸਰ ਬੇਵਜਾ ਹੀ ਉਲਝੇ ਰਹੀਦਾ ਹੈ ..।

ਪਰ ਸਾਡੇ ਸਿਸਟਮ ਵਿਚ ਬੀਮਾਰੀਆਂ ਦੇ ਮੂਲ ਸਮਾਜਿਕ ਆਰਥਕ ਕਾਰਣਾਂ ਵਲ ਨੌਜਵਾਨਾਂ ਦਾ ਧਿਆਨ ਹੀ ਨਹੀਂ ਜਾਣ ਦਿਤਾ ਜਾਂਦਾ ਵਰਨਾ ਉਹ ਸਵਾਲ ਕਰਨਗੇ ਕਿ ਐਨੀ ਪੈਦਾਵਾਰ ਦੇ ਬਾਵਜੂਦ ਭੁੱਖ ਨੰਗ ਕਿਉਂ...?

ਸ਼ਹਿਰਾਂ ਵਿਚ ਹਜ਼ਾਰ 2 ਬੋਰੀ ਸੀਮੈਂਟ ਬੰਗਲਿਆਂ ਤੇ ਥੱਪੀ ਦਾ ਜਾ ਰਿਹਾ ਹੈ ਪਰ ਪੇਂਡੂਆਂ ਦੇ ਕੋਠੇ ਲਿਪਣ ਵਾਸਤੇ ਦੋ ਥੈਲੇ ਵੀ ਕਿਉਂ ਨਹੀਂ ਲਭਦਾ? ਤੰਗੋ ਛੋਟੇ ਮਕਾਨਾਂ ਵਿਚ ਜਿਨ੍ਹਾਂ ਦੁਆਲੇ ਛੱਪੜਾਂ ਵਿਚ ਗੈਂਡੇ 2 ਜਿਡੇ ਮੱਛਰਾਂ ਦਾ ਨਿਵਾਸ ਹੋਵੇ—ਉਥੇ ਮੌਸਕੀਟੋ—ਮਾਰੂ ਟਿਊਬਾਂ, ਮੱਲ੍ਹਮਾਂ, ਕੱਛੂਆਂ-ਛਾਪ ਮਾਰਕਾ ਅਗਰਬੱਤੀਆਂ ਕੀ ਸਵਾਰਨਗੀਆਂ...? ਜਿਨ੍ਹਾਂ ਇਕ ਲੱਖ ਪਿੰਡਾਂ ਵਿਚ ਪੀਣ ਨੂੰ ਸਾਫ ਪਾਣੀ ਦੀ ਇਕ ਬੂੰਦ ਨਹੀਂ ਹੈ ਡੂਢ 2 ਮੀਲ ਵਿਚ ਥਿਆਉਂਦੀ, ਉਹ ਲੋਕ ਗੰਦੇ ਨਹੀਂ ਬਣੇ ਰਹਿਣਗੇ ਤਾਂ ਹੋਰ ਕੀ ਕਰਨ...? ਜਦੋਂ ਇਕੋ ਅਦਾਰੇ ਵਿਚ ਬੱਚੇ, ਬੁਢੇ, ਨੌਜਵਾਨ ਇਨਸਾਨ ਤੇ ਜਾਨਵਰ (ਬੱਕਰੀਆਂ, ਸੂਰ, ਸੰਢੇ ਜਾਂ ਕੁਕੜੀਆਂ) ਰਹਿਣਗੇ ਉਥੇ ਬੀਮਾਰੀ ਨਹੀਂ ਫੈਲੇਗੀ ਤਾਂ ਹੋਰ ਕੀ ਹੋਵੇਗਾ...? ਪਿੰਡਾਂ ਵਿਚ ਅਕਸਰ ਵੇਖਣ ਵਿਚ ਆਇਆ ਹੈ ਕਿ ਡਿਉਢੀ ਦੀ ਇਕ ਨੁੱਕਰੇ ਗਊ ਤੇ ਵੱਛਾ ਬੰਨੇ ਹੋਏ ਹੁੰਦੇ ਹਨ ਤੇ ਦੂਸਰੀ ਨੁਕਰੇ ਬੁੱਢੇ ਦੀ ਮੰਜੀ ਡੱਠੀ ਹੁੰਦੀ ਹੈ। ਮੂਤਰ ਵਿਚੋਂ ਪੂਛਾਂ ਮਾਰ 2 ਕੇ ਗਾਈਆਂ, ਬਜ਼ੁਰਗ ਨੂੰ ਨੂੰ ਸਾਰੀ ਰਾਤ ਸੌਣ ਨਹੀਂ ਦਿੰਦੀਆਂ—ਸੋ ਅਜਿਹੀ ਰਹਾਇਸ਼ੀ ਹਾਲਤਾਂ ਵਿਚ ਓਡੋਮਾਸ ਮੱਲ੍ਹਮਾਂ ਕੀ ਸਵਾਰ ਲੈਣਗੀਆਂ—?

ਤੇ ਗੱਲ ਇਥੇ ਹੀ ਨਹੀਂ ਮੁਕਦੀ,ਵਿਦਿਆਰਥੀਆਂ ਨੂੰ ਕੇਵਲ ਬਦੇਸ਼ੀ ਵਿਦਿਆ ਨਹੀਂ ਦਿਤੀ ਜਾਂਦੀ ਸਗੋਂ ਸਰਮਾਏਦਾਰ ਮੁਲਕ ਅਜਿਹੇ ਡਾਕਟਰਾਂ ਰਾਹੀਂ ਆਪਣਾ ਕਾਰੋਬਾਰ ਵੀ ਵਧਾਈ ਤੁਰੇ ਜਾ ਰਹੇ ਹਨ। **'ਗੰਲੈਕਸੋ' ਨਾਉਂ ਦੀ ਇਕ ਕੰਪਨੀ ਨੇ ਦੋ ਹੋਰ ਛੋਟੀਆਂ ਫਰਮਾਂ ਨਾਲ ਰਲਕੇ 5 ਲੱਖ ਧਨ ਜੁਟਾ ਕੇ ਦਵਾਈਆਂ ਬਨਾਂਉਣ ਦੀ ਕੰਪਨੀ ਖੋਲ੍ਹੀ ਸੀ। ਤ੍ਰਿਨਾਂ ਸਾਲਾਂ ਵਿਚ ਇਹ ਕੰਪਨੀ ਨੇ 800 ਲੱਖ ਬਤੌਰ ਮੁਨਾਫਾ ਬਾਹਰ ਬਾਹਰ ਭੇਜ ਦਿਤਾ।** ਅਜਿਹੀਆਂ ਕੰਪਨੀਆਂ,ਆਪਣੇ ਏਜੰਟਾਂ ਜ਼ਰੀਏ ਵੱਡੇ ਫਰਿਜ਼, ਟੈਲੀਵੀਜਨ, ਸੋਫਾ ਸੈਟ ਬਤੌਰ ਗਿਫਟ (ਤੋਹਫੇ) ਡਾਕਟਰਾਂ ਦੇ ਘਰੀਂ ਭੇਜ ਦਿੰਦੇ ਹਨ ਤੇ ਫਿਰ ਉਹ ਡਾਕਟਰ ਅਜਿਹੀਆਂ ਕੰਪਨੀਆਂ ਦੀਆਂ ਦਵਾਈਆਂ (ਭਾਵੇਂ ਮਰੀਜ਼ ਨੂੰ ਲੋੜ ਹੋਵੇ ਜਾਂ ਨਾ) ਲਿਖੀ ਤੁਰੀ ਜਾਂਦੇ ਹਨ...ਛੋਟੀ 2 ਗੱਲ ਤੇ ਛੱਤੀ ਪ੍ਰਕਾਰ ਦੇ ਟੈਸਟ ਥੁੱਕ ਟੈਸਟ, ਖੂਨ ਟੈਸਟ, ਪੇਸ਼ਾਬ ਟ੍ਰੈਸਟ, ਟੱਟੀ ਟੈਸਟ, ਈ. ਸੀ. ਜੀ., ਨਬਜ਼ ਟੈਸਟ, ਐਕਸਰੇ, ਰੰਗੀਨ ਐਕਸਰੇ, ਸਲਾਈਡਾਂ ਆਦਿ ਤੇ ਸੱਤਰ-ਅੱਸੀ ਰੁਪਏ ਬੇਵਜਾ ਹੀ ਮਰੀਜ਼ਾਂ ਦੇ ਖਰਚਾ ਦਿੰਦੇ ਹਨ। ਐਕਸਰੇ ਤੇ ਹੋਰ ਮਸ਼ੀਨਾਂ ਬਨਾਉਣ ਵਾਲਿਆਂ ਕਾਰਖਾਨੇਦਾਰ ਨੂੰ ਮੌਜ ਲਗ ਜਾਂਦੀ ਹੈ— ਉਂਜ ਵੀ ਡਾਕਟਰ ਆਪਣੀ ਵਿਦਿਆ, ਸੂਝ-ਬੂਝ (Commonsense) ਨਾਲ ਘਟ ਅਤੇ ਮਸ਼ੀਨਾਂ ਜ਼ਰੀਹੇ ਵਧ ਇਲਾਜ ਕਰਨ ਲਗ ਪੈਂਦੇ ਹਨ ਤੇ ਭਾਰਤੀ ਦਵਾ-ਦਾਰੂ ਆਯੁਰਵੈਦਿਕ, ਹੋਮੋਪੈਥਿਕ ਜੋ ਸਭ ਤੋਂ ਸਸਤਾ ਤੇ ਸਾਈਡ-ਅਫੈਕਟਸ ਤੋਂ ਮੁਕਤ ਹੈ ਉਸਨੂੰ ਨਖਿਧ ਸਮਝਿਆ ਜਾਂਦਾ ਹੈ ਤੇ 54 ਮਹੀਨੇ ਦੇ ਕੋਰਸ ਦੌਰਾਨ 4 ਮਹੀਨੇ ਵੀ ਇਨ੍ਹਾਂ ਦੋ ਮੁੱਖ ਅਤੇ ਅਜ਼ਮਾਏ ਹੋਏ ਸਿਸਟਮਾਂ ਬਾਬਤ ਨਹੀਂ ਹੈ ਪੜ੍ਹਾਇਆ ਜਾ ਰਿਹਾ...?

## ਐਨਜੀਨਰਿੰਗ ਵਿਦਿਆ :

ਡਾਕਟਰੀ ਤੋਂ ਹਟ ਕੇ ਅਗਰ ਐਨਜੀਨਰਿੰਗ ਵਿਦਿਆ ਵਲ ਧਿਆਨ ਦਈਏ ਤਾਂ ਉਥੇ ਵੀ ਬਦੇਸ਼ੀ ਨਕਲ ਹੀ ਪ੍ਰਧਾਨ ਹੈ। ਛੋਟੇ ਐਨਜੀਨਰਿੰਗ ਕਾਲਜ/ਪਾਲੀਟੈਕਨਿਕ, ਵੱਡੇ ਵੱਡੇ ਐਨਜੀਨਰਿੰਗ ਕਾਲਜਾਂ ਦੀ ਨਕਲ ਕਰਦੇ ਹਨ—ਅਤੇ ਵੱਡੇ ਵੱਡੇ ਐਨਜੀਨਰਿੰਗ ਕਾਲਜ ਹੋਰ ਵਡੇਰੇ ਕਾਲਜਾ ਦੀ ਜਿਨ੍ਹਾਂ ਵਿਚ ਭਾਰਤ

ਦੀਆਂ ਪੰਜ ਆਈ. ਅੱਈ. ਟੀ. ਕਾਲਜ ਆਉਂਦੇ ਹਨ। ਇਹ ਹਨ—ਇੰਡੀਅਨ ਇਨਸਟੀਚਿਊਟ ਆਫ ਟੈਕਨਾਲੋਜੀ ਦਿੱਲੀ, ਕਾਨ੍ਹਪੁਰ, ਖੜਗ਼ਪੁਰ, ਮਦਰਾਸ ਅਤੇ ਬੰਬਈ! ਤੇ ਸਭ ਤੋਂ ਵਡੇ ਰਾਜ਼ ਦੀ ਗੱਲ ਇਹ ਹੈ ਕਿ ਇਹ ਪੰਜੇ ਮਾਰਗ ਦਰਸ਼ਨ ਸੰਸਥਾਵਾਂ ਬਦੇਸ਼ੀਆਂ ਦੀਆਂ ਖੋਲ੍ਹੀਆਂ ਹੋਈਆਂ ਹਨ। ਮਦਰਾਸ ਦੀ ਆਈ. ਆਈ. ਟੀ. ਪੱਛਮੀ ਜਰਮਨੀ ਦੁਆਰਾ ਚਲਾਈ ਜਾ ਰਹੀ ਹੈ, ਕਾਨ੍ਹਪੁਰ ਦੀ ਸੰਸਥਾ ਅਮਰੀਕਾ ਦੁਆਰਾ, ਇੰਗਲੈਂਡ ਦਿੱਲੀ ਦੀ ਆਈ. ਆਈ. ਟੀ. ਨੂੰ 'ਏਡ' ਦੇ ਰਿਹਾ ਹੈ ਅਤੇ ਫਰਾਂਸ ਖੜਗਪੁਰ ਦੀ ਸੰਸਥਾ ਨੂੰ ਆਦਿ ਆਦਿ...! ਉਂਜ ਇਸ ਮੱਦਦ (AID) ਦੀ ਆੜ ਵਿਚ ਇਹ ਵਪਾਰੀ ਦੇਸ਼ ਹਿੰਦੁਸਤਾਨੀਆਂ ਨਾਲ ਫਰੇਬ ਕਰ ਰਹੇ ਹਨ। ਅਮਦਾਦ ਦੇ ਆੜ ਹੇਠ, ਇਨ੍ਹਾਂ ਦੇ ਕੁਝ ਆਪਣੇ ਏਜੰਟ ਹੀ (Represent-ating) ਪ੍ਰੋਫੈਸਰਾਂ ਦੇ ਰੂਪ ਵਿਚ ਇਨ੍ਹਾਂ ਸੰਸਥਾਵਾਂ ਵਿਚ ਆ ਪਧਾਰਦੇ ਹਨ। ਕੁਝ ਦੇਸੀ ਪ੍ਰੋਫੈਸਰਾਂ ਨੂੰ ਵੀ ਇਹ ਐਸ਼ੋ-ਇਸ਼ਰਤ (ਬਦੇਸ਼ੀ ਸੈਰ ਅਤੇ ਮੋਟੀਆਂ ਤਨਖਾਹਾਂ ਗਰਾਂਟਾਂ—ਸਕਾਲਰਸ਼ਿਪ ਆਦਿ) ਦੇ ਲਾਲਚ ਵਿਚ ਆਪਣੇ ਮੁਲਕ ਵਿਚ ਬੁਲਾ ਲੈਂਦੇ ਹਨ। ਇਸ ਤਰ੍ਹਾਂ ਇਹ ਬਦੇਸੀ, ਇਨ੍ਹਾਂ ਹਿੰਦੁਸਤਾਨੀ ਸੰਸਥਾਵਾਂ ਵਿਚ ਵੀ ਆਪਣੀ ਮਰਜ਼ੀ ਦੇ ਸਲੇਬਸ ਲਗਵਾ ਲੈਂਦੇ ਹਨ—ਇਸ ਦਾ ਨਤੀਜਾ ਇਹ ਹੈ ਕਿ ਅੱਜ ਜਣਾ-ਖਣਾ ਵੀ ਕੰਮਪਿਊਟਰ—ਟੈਕਨੋਲੋਜੀ ਸਿਖਣ ਦੇ ਪਿਛੇ ਲਗਾ ਹੋਇਆ ਹੈ। ਆਈ. ਆਈ. ਟੀ. ਮਦਰਾਸ ਵਿਚ ਮੈਂ ਚੂਹਾ-ਦੌੜ (RAT-RACE-CRAZE) ਵੇਖੀ। ਹਰ ਇਕ ਐਨਜੀਅਰ/ਪ੍ਰੋਫੈਸਰ ਕੰਮਿਊਟਰ ਚਲਾਉਣਾ ਸਿਖਣ ਦੀ ਦੌੜ ਵਿਚ ਲੱਗਾ ਦੇਖਿਆ। ਡੀਜ਼ਾਇਨ ਭਾਵੇਂ ਸਧਾਰਣ ਗੁਸਲਖਾਨੇ ਦਾ ਹੋਵੇ, ਹਰ ਕੋਈ ਇਹੋ ਚਾਹੇਗਾ ਕਿ ਕੰਮਪਿਊਟਰ (ਵਡਾ-ਮਹਿੰਗਾ ਕੈਲਕੁਲੇਟਰ) ਨਾਲ ਹੀ ਕੀਤਾ ਜਾਏ। ਪਿਛਲੀਆਂ ਗਰਮੀਆਂ ਵਿਚ ਮੈਨੂੰ ਇਸ ਸੰਸਥਾ ਵਿਚ 20 ਦਿਨ ਠਹਿਰਨ ਦਾ ਮੌਕਾ ਮਿਲਿਆ। ਉਥੇ ਸਾਨੂੰ ਵਡੇ-ਵਡੇ ਬਹੁ-ਮੰਜ਼ਲੀ ਹੋਟਲਾਂ ਦੇ ਨਵੀਨ ਢੰਗ (ਕਮਪਿਊਟਰ ਰਾਹੀਂ) ਡੀਜ਼ਾਇਨ ਕਰਨ ਵਾਸਤੇ ਦਸਿਆ ਜਾਂਦਾ ਰਿਹਾ—ਵੱਡੀਆਂ ਵੱਡੀਆਂ ਬਹੁ-ਮੰਜ਼ਲੀ (ਸੌ ਸੌ ਮੰਜ਼ਲੀ) ਇਮਾਰਤਾਂ ਬਨਾਉਣ ਅਜੀਬੋ ਗਰੀਬ ਪੁਲਾਂ ਬਾਬਤ ਨਵੀਆਂ ਨਵੀਆਂ ਸੀਮੈਂਟ ਦੀ ਇੱਟਾਂ (Blocks) ਬਣਾ ਬਣਾ ਕੇ ਕਾਰਖਾਨੇ ਉਸਾਰਨ ਬਾਬਤ ਦਸਦੇ ਰਹੇ। ਆਖਰੀ ਦਿਨ (FEEDBACK) ਦਿਨ ਵਜੋਂ ਮਨਾਇਆ ਗਿਆ। ਜਦੋਂ ਸਭ ਵੱਡੇ ਵੱਡੇ ਪ੍ਰੋਫੈਸਰ ਤੇ ਸਿਖਿਆਰਥੀ (ਜੋ ਦੇਸ਼ ਭਰ ਵਿਚੋਂ ਉਥੇ ਆਏ ਸੀ) ਬੋਲ ਹਟੇ ਤਾਂ ਮੈਂ ਉੱਠਿਆ। ਮੈਂ ਉਨ੍ਹਾਂ ਨੂੰ ਤਿੰਨ ਸਵਾਲ ਕੀਤੇ—ਉਹ ਮੂੰਹ ਵਿਚ ਉਂਗਲ੍ਹਾਂ ਪਾ ਕੇ ਰਹਿ ਗਏ। ਮੈਂ ਕਿਹਾ :—

ਤੁਸੀਂ ਸਾਨੂੰ ਹੋਟਲਾਂ ਬਹੁ-ਮੰਜ਼ਲੀ ਕਾਰਖਾਨਿਆਂ ਨੂੰ ਸੁੰਦਰ ਬਨਾਉਣ ਬਾਬਤ, ਸੀਮੈਂਟ ਦੀਆਂ ਵੱਡੀਆਂ ਵੱਡੀਆਂ ਇੱਟਾਂ ਬਨਾਉਣ, ਅਜੀਬੋ-ਗਰੀਬ ਪੁੱਲ, ਡਾਕ-ਬੰਗਲੇ ਆਦਿ ਬਨਾਉਣ ਬਾਬਤ ਦਸਦੇ ਰਹੇ ਪਰ ਮੈਂ ਦਸਣਾ ਚਾਹਾਂਗਾ ਕਿ ਦਿੱਲੀ ਤੋਂ ਮਦਰਾਸ ਦੇ ਸਾਰੇ ਰਸਤੇ ਦੁਰਾਨ, ਮੈਨੂੰ ਕਿਤੇ ਕਿਤੇ ਹੀ ਪੱਕਾ ਘਰ ਦਿਸਿਆ ਸੀ। ਕ੍ਰਿਪਾ ਕਰਕੇ ਇਹ ਦਸੋ ਆਮ ਅਵਾਮ ਨੂੰ ਤੁਰੰਤ, ਭਾਰੀ ਮਾਤਰਾ (Large Scale) ਵਿਚ ਸਸਤੇ, ਮਕਾਨ ਪਾ ਕੇ ਦੇਣ ਲਈ ਕਦੇ ਕੋਈ ਢੰਗ-ਤਰੀਕਾ, ਇਮਾਰਤੀ ਨਕਸ਼ਾਂ, ਸਸਤੀਆਂ ਇੱਟਾਂ ਬਣਾ ਕੇ ਦੇਣ ਬਾਬਤ ਵੀ ਤੁਸਾਂ ਕਦੇ ਸੋਚਿਆ ਹੈ? ਹੈ ਕੋਈ ਤੁਹਾਡੇ ਕੋਲ ਐਸਾ ਡੀਜ਼ਾਇਨ ਜਿਸ ਨਾਲ ਢਾਈ ਤਿੰਨ ਹਜ਼ਾਰ ਵਿਚ ਦੋ ਕਮਰੇ ਛੱਤੇ ਜਾ ਸਕਣ...? ਉਹ ਚੁੱਪ ਸਨ।

ਵੀਹਵੀਂ ਸਦੀ ਵਿਚ ਵੀ, ਦਸ ਕਰੋੜ ਕਿਸਾਨੀ ਲਈ 'ਗੱਡਾ' ਹੀ ਆਵਾਜਾਈ, ਢੋਆ-ਢੁਆਈ ਦਾ ਸਾਧਨ ਹੈ—ਕਦੇ ਤੁਸਾਂ ਸੋਚਿਆ ਹੈ ਕਿ ਜੱਟ ਦਾ ਗੱਡਾ ਹੀ ਗੱਤੇ ਦਾ (ਓਨਾਂ ਹੀ ਮਜ਼ਬੂਤ ਪਰ ਹਲਕਾ) ਬਣਾ ਦੇਈਏ ਜਿਸਨੂੰ ਕਿਸਾਨ ਦੋ ਬੈਲਾਂ ਦੀ ਜਗ੍ਹਾ ਇਕੋ ਨਾਲ ਹੀ ਖਿੱਚ ਸਕੇ ਜਾਂ ਉਨੀਂ ਸ਼ਕਤੀ ਨਾਲ ਦੁਗਣਾ ਤਿਗਣਾ ਭਾਰ, ਦੁਗਣੀ-ਤਿਗਣੀ ਰਫਤਾਰ ਨਾਲ ਢੋ ਸਕੇ...?

ਹਿੰਦੁਸਤਾਨ ਦਾ ਸਭ ਤੋਂ ਪੁਰਾਣਾ ਕਾਰਖਾਨਾ (Industry Brick Kiln) (ਭੱਠਾ) ਹੈ। ਚਾਹੀਦਾ ਤਾਂ ਸੀ ਨਵੇਂ ਨਵੇਂ ਤਰੀਕੇ ਈਜਾਦ ਕੀਤੇ ਜਾਂਦੇ ਜਿਸ ਰਾਹੀਂ ਇੱਟਾਂ ਸਸਤੀਆਂ ਅਤੇ ਵਧੀਆ ਬਣਾਈਆਂ ਜਾ ਸਕਦੀਆਂ ਪਰ ਅੱਜ ਲੱਖਾਂ ਸਿਵਲ ਐਂਜੀਨੀਅਰ ਦੇਸ਼ ਵਿਚ ਹੁਨ ਮਗਰ ਇੱਟਾਂ ਦਿਨ-ਬ-ਦਿਨ ਨਿਕੰਮੀਆਂ ਅਤੇ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ...।

ਕਦੇ ਤੁਸਾਂ ਸੋਚਿਆ ਹੈ ਕਿ ਕੰਮਪਿਊਟਰ ਜਿਸ ਦੇ ਤੁਸੀਂ ਗੁਣ-ਗਾਉਂਦਿਆਂ ਥਕਦੇ ਹੀ ਨਹੀਂ ਹੋ, ਕਿਨੇ ਦਾ ਆਉਂਦਾ ਹੈ...ਤੇ ਅਜਿਹੀਆਂ ਮਸ਼ੀਨਾਂ ਖਾਤਰ ਕਿੰਨੇ ਲੱਖ ਭਾਰਤੀ ਬੱਚਿਆਂ ਦੇ ਮੂੰਹੋਂ ਦੁਧ; ਘਿਉ ਖੋਹ ਕੇ ਡੱਬਿਆਂ ਵਿਚ ਬੰਦ ਕਰਕੇ ਬਾਹਰ ਭੇਜਿਆ ਜਾ ਰਿਹਾ ਹੈ? ਜਾਣਦੇ ਹੋ ਇਕ ਵੱਡਾ ਕੰਮਪਿਊਟਰ ਜਿਸ ਦੀ ਉਮਰ ਕੁਲ 6 ਸਾਲ ਹੁੰਦੀ ਹੈ, (ਜਿਵੇਂ ਬੱਸ ਦੀ ਉਮਰ 8 ਸਾਲ, ਸਕੂਟਰ ਦੀ 12 ਕੁ ਸਾਲ, ਸਾਲ) ਦਸ ਕਰੋੜ (10,0000000) ਨੂੰ ਪੈਂਦਾ ਪੈਂਦਾ ਹੈ..? ਕੀ ਇਸ ਦੀ ਜਗ੍ਹਾ 1500 ਐਨਜ਼ੀਨਅਰ

ਨਹੀਂ ਹਨ ਲਗਾਏ ਜਾ ਸਕਦੇ—ਛੇ ਸਾਲਾਂ ਲਈ—ਹਜ਼ਾਰ/ਗਿਆਰਾਂ ਸੌ ਪ੍ਰਤੀ ਮਾਹ ਦੇ ਹਿਸਾਬ ਤੇ !! ਕਿਹੜਾ ਐਸਾ ਡੀਜ਼ਾਈਨ ਹੈ ਜੋ ਸਾਡੇ ਐਨਜੀਨਅਰ ਨਹੀਂ ਹਨ ਕਰ ਸਕਦੇ ? ਬਾਬਾ ਅਟੱਲ; ਲਾਲ ਕਿਲ੍ਹਾ, ਤਾਜ ਮਹੱਲ, ਹਾਵੜਾ ਬ੍ਰਿਜ, ਦਿੱਲੀ ਵਿਚਲਾ ਯਮਨਾ ਦਾ ਪੁੱਲ, ਕੁੱਤਬ ਦੀ ਲਾਟ.. ਇਹ ਸਭ ਕੀ ਕੰਮਪਿਊਟਰਾਂ ਰਾਹੀਂ ਹੀ ਬਣਾਏ ਗਏ ਸੀ...? ਕੀ ਕਮਪਿਊਟਰ ਖੁਦ ਐਨਜੀਨਅਰਾਂ ਨੇ ਨਹੀਂ ਹੈ ਬਣਾਇਆ ? ਅੱਜ 1400 ਵਾਲਾ ਸਰੀਆ 6400 ਨੂੰ ਮਿਲਦਾ ਹੈ (ਪ੍ਰਤੀ ਟਨ) ਅਤੇ 25 ਵਾਲੀ ਸੀਮੈਂਟ ਦੀ ਬੋਰੀ ਪਛੱਤਰੀ ਮਿਲਦੀ ਹੈ—ਕੀ ਤੁਹਾਡੇ ਕੋਲ ਅਜਿਹੇ ਨਕਸ਼ੇ ਹਨ ਜਿਨ੍ਹਾਂ ਰਾਹੀਂ ਬਗੈਰ ਸੀਮੈਂਟ ਅਤੇ ਸਟੀਲ ਵਰਤਿਆਂ ਗਰੀਬ ਭਾਰਤੀਆਂ ਲਈ ਮਕਾਨ ਪਾਏ ਜਾ ਸਕਣ ? ਜਦੋਂ ਸਰੀਆ ਅਤੇ ਸਟੀਲ ਨਹੀਂ ਸਨ ਚੱਲੇ, ਉਦੋਂ ਵੀ ਤਾਂ ਇਮਾਰਤਾਂ ਬਣਦੀਆਂ ਹੀ ਸਨ ਕਿ ਨਹੀਂ ? ਜੋ ਤੁਸੀਂ ਪੜ੍ਹਾ ਰਹੇ ਹੋ, ਆਖਿਰ ਇਹ ਕਿੰਨਾਂ ਦੇ ਹਿੱਤ ਵਿਚ ਹੈ ?...

ਖੈਰ ਉਨ੍ਹਾਂ ਦਾ ਇਕੋ ਹੀ ਜਵਾਬ ਸੀ, "ਪੰਜਾਬੀ ਦੋਸਤ, ਤੂੰ ਐਨਾ ਕੁ ਸੱਚ ਬੋਲਿਆ ਹੈ ਕਿ ਬਸ ਜੇ ਇਸ ਬਾਬਤ ਨਾ ਹੀ ਸੋਚਿਆ ਜਾਏ ਤਾਂ ਠੀਕ ਰਹੇਗਾ।"

ਤੇ ਇਹ ਲੇਖ ਮੈਂ ਅਧੂਰਾ ਸਮਝਾਂਗਾ ਅਗਰ ਐਗਰੀਕਲਚਰ ਮਸ਼ੀਨਰੀ (ਐਨਜ਼ੀਨਰਿੰਗ) ਬਾਬਤ ਦੋ ਲਾਈਨਾਂ ਨਹੀਂ ਹਾਂ ਲਿਖਦਾ...? ਉਂਜ ਤਾਂ ਇਹ ਚੈਪਟਰ ਪੂਰੇ ਲੇਖ ਦੀ ਮੰਗ ਕਰਦਾ ਹੈ...ਜੋ ਫਿਰ ਕਦੇ ਦਿਤਾ ਜਾਏਗਾ ਪਰ ਇਕ ਸਵਾਲ ਮੈਂ ਆਪ ਜੀ ਨੂੰ ਜ਼ਰੂਰ ਪੁੱਛਣਾ ਚਾਹਾਂਗਾ ਕਿ ਅੱਜ ਹਰਿਆ ਇਨਕਲਾਬ ਆਉਣ ਤੋਂ ਮਗਰੋਂ ਵੀ ਅਸੀਂ ਭੁੱਖੇ ਨੰਗੇ ਕਿਉਂ ਹਾਂ ? ਪੰਜਾਬੀ ਜੱਟ ਕਰਜ਼ਾਈ ਕਿਉਂ ਹੁੰਦਾ ਜਾ ਰਿਹਾ ਹੈ ? **ਗੁਰਨਾਮ ਸਿੰਘ ਦੇ ਰਾਜ ਵਿਚ ਪੰਜਾਬ ਕੁਲ 40 ਲੱਖ ਬੋਰੀਆਂ ਕਣਕ ਦੀਆਂ ਕੇਂਦਰੀ ਭੰਡਾਰ ਲਈ ਦਿੰਦਾ ਸੀ. ਅੱਜ ਅਸੀਂ 800 ਲੱਖ ਬੋਰੀਆਂ ਕੇਂਦਰੀ ਪੂਲ ਵਿਚ ਦੇ ਰਹੇ ਹਾਂ—ਅਗੇ ਨਾਲੋਂ 20 ਗੁਣਾਂ**, ਫਿਰ 40 ਫੀ ਸਦੀ ਪੰਜਾਬੀ ਕੰਗਾਲੀ-ਰੇਖਾ ਤੋਂ ਵੀ ਹੇਠਾਂ ਕਿਉਂ ਹਨ ? ਇਕ ਮਸ਼ੀਨ ਦਾ ਜ਼ਿਕਰ ਮੈਂ ਜ਼ਰੂਰ ਫਿਰ ਕਰਨਾ ਚਾਹਾਂਗਾ :—

## ਕੰਬਾਈਨ ਹਾਰਵੈਸਟਰ :

ਇਹ ਮਸ਼ੀਨ ਅੱਜ ਬੇਸ਼ੱਕ 5-6 ਲੱਖ ਦੀ ਆਉਂਦੀ ਹੈ ਮਗਰ ਇਸ ਵਿਚ ਕੋਈ ਖਾਸ ਟੈਕਨੀਕਲ ਮਸ਼ੀਨਰੀ ਨਹੀਂ ਹੁੰਦੀ। ਸਧਾਰਣ ਟੋਕੇ ਦੇ ਵਿਚ ਦਾਤਾਂ (BLADES) ਦੀ ਜਗ੍ਹਾ ਅਗਰ ਲੋਹੇ ਦੇ ਡੰਡੇ ਲਾ ਦਿਤੇ ਜਾਣ, ਟੋਕੇ ਨੂੰ ਕਿਸੇ ਇੰਜਣ ਨਾਲ ਜੋੜ ਦਿਤਾ ਜਾਏ, ਇੰਜਣ ਨੂੰ ਕਿਸੇ ਰੇੜੀ ਉੱਪਰ ਫਿੱਟ ਕਰ ਦਿਤਾ ਜਾਏ ਤੇ ਉਸੇ ਤੋਂ ਇਕ ਪਟਾ ਖਿੱਚ ਕੇ ਰੇੜੀ ਦੇ ਪਹੀਆਂ ਨੂੰ ਪਾ ਦਿਤਾ ਜਾਏ ਤਾਂ ਇਹ ਦੇਸੀ ਕੰਬਾਈਨ ਹਾਰਵੈਸਟਰ ਹੀ ਬਣ ਜਾਏਗੀ। ਹਾਂ ਇਕ ਵੱਡਾ ਪੱਖਾ ਜ਼ਰੂਰ ਵਿਚ ਫਿੱਟ ਕਰਨਾ ਪਵੇਗਾ ਤਾਂ ਜੁ ਤੂੜੀ, ਦਾਣਿਆਂ ਤੋਂ ਉੱਡ ਕੇ ਦੂਰ ਡਿਗਦੀ ਜਾਏ। ਖੈਰ ਹਾਰਵੈਸਟਰ ਦੇ ਡੀਜ਼ਾਈਨ ਬਾਬਤ ਨਾ ਜਾਂਦਾ ਹੋਇਆ ਮੈਂ ਇਹ ਦਸਣਾ ਚਾਹਾਂਗਾ ਕਿ ਇਹ ਮਸ਼ੀਨ 250 ਰੁਪਏ ਕਿਲ੍ਹਾ ਕਣਕ ਦਾ ਕਟਣ ਦੇ ਲੈਂਦੀ ਹੈ ਤੇ ਢਾਈ ਕੁ ਸੌ ਦੀ ਤੂੜੀ ਦੀ ਵੀ ਬੋਲੋ ਈ ਰਾਮ ਕਰ ਜਾਂਦੀ ਹੈ। ਜੱਟ ਨੂੰ ਇਹ 500 ਰੁਪਏ ਕਿਲਾ ਪੈਂਦੀ ਹੈ। ਤੂੜੀ ਨਹੀਂ ਹੋਵੇਗੀ ਤਾਂ ਬੈਲ ਵੀ ਨਹੀਂ ਰਹਿਣਗੇ। ਜਦੋਂ ਬੈਲ ਹੋਰ ਘਟ ਜਾਣਗੇ ਤਾਂ ਲੱਖ ਵਾਲਾ ਟਰੈਕਟਰ ਪੰਜ ਲੱਖ ਦਾ ਨਾ ਹੋਵੇ ਤਾਂ ਕਹਿਣਾ। ਜਿਵੇਂ ਪਿਛਲੇ ਪੰਦਰਾਂ ਸਾਲਾਂ ਦੁਰਾਨ 16 ਹਜ਼ਾਰ ਰੁਪਏ ਨੂੰ ਮਿਲਣ ਵਾਲਾ ਲੁਡਾ ਟਰੈਕਟਰ (WITHOUT IMPLEMENTS) ਅਜ 80 ਹਜ਼ਾਰ ਨੂੰ ਵੀ ਨਹੀਂ ਮਿਲਦਾ ? ਜਿਸ ਤਰ੍ਹਾਂ 2 ਲੱਖ ਨੂੰ ਆਉਣ ਵਾਲੀ ਹਾਰਵੈਸਟਰ ਪੰਜ-ਛੇ ਸਾਲਾਂ ਵਿਚ ਹੀ 6 ਲੱਖ ਦੀ ਹੋ ਗਈ ਹੈ...? ਰਹੀ ਗੱਲ ਜਿਮੀਂਦਾਰ ਦੇ ਖੇਤ ਜਲਦੀ ਖਾਲੀ ਕਰਨ ਦੀ—ਇਕ ਮੋਟਾ ਅਸੂਲ ਕਦੇ ਨਾ ਭੁਲੋ :—ਇਕੋ ਹੀ ਮਸ਼ੀਨ ਆਦਮੀ ਨਾਲੋਂ ਜਲਦੀ ਤੇ ਬਿਹਤਰ ਕੰਮ ਕਰ ਸਕਦੀ ਹੈ—ਉਹ ਹੈ ਖੁਦ ਆਦਮੀ।

ਬਾਰ੍ਹਾਂ ਕਿਆਰੇ ਆਮ ਤੌਰ ਤੇ ਖੇਤ ਦੇ ਹੁੰਦੇ ਹਨ। ਅਗਰ ਇਕ ਖੇਤ ਵਿਚ 24 ਭਈਏ (ਦੋਨਾਂ ਪਾਸਿਉਂ ਸ਼ੁਰੂ ਕਰ ਦਈਏ) ਲਗਾ ਦਈਏ ਤਾਂ ਕੀ ਉਹ ਇਕ ਘੰਟੇ ਵਿਚ ਖੇਤ ਕੱਟ ਕੇ ਨਹੀਂ ਰਖ ਦੇਣਗੇ ? ਤੇ ਭਈਏ ਵਿਚਾਰੇ ਲੈਣਗੇ ਵੀ ਕੀ—ਕੇਵਲ 225 ਰੁਪਏ ਕਿਲੇ ਦੇ ਤੂੜੀ ਵਖ ਬਚੀ ਰਹੇਗੀ। ਤੂੜੀ ਤੇ ਪਰਾਲੀ ਤੋਂ ਗੱਤਾ, ਕਾਗਜ਼, ਕਪੜਾ, ਨਕਲੀ ਪਰ ਮਜ਼ਬੂਤ ਤੇ ਸਸਤੀ ਲਕੜੀ ਆਦਿ ਕਈ ਕੁਝ ਬਣਾਇਆ ਜਾ ਸਕਦਾ ਹੈ ..।

ਅਜ ਤੂੜੀ/ਪਰਾਲੀ ਨੂੰ ਅੱਗਾਂ ਲਾਉਣ ਨਾਲ ਸ਼ਾਮੀਂ ਵਾਤਾਵਰਨ ਗੰਧਲਾ ਹੋਇਆ ਹੁੰਦਾ ਹੈ—ਕਈ ਕਿਸਮਾਂ ਦੀਆਂ ਬੀਮਾਰੀਆਂ ਫੈਲ ਰਹੀਆਂ ਹਨ—ਅੱਖਾਂ ਵਿਚ ਪਾਣੀ ਆਈ ਜਾਣਾ, ਦਮਾ, ਅੰਤੜੀ ਰੋਗ ਆਦਿ।

ਮਸ਼ੀਨ ਦਾ ਸਹੀ ਫਾਇਦਾ ਸ਼ਾਹੂਕਾਰ ਨੂੰ ਪੁੱਜਾ

ਜਾਂ ਸਧਾਰਨ ਕਿਸਾਨੀ ਨੂੰ ਇਹ ਤੁਸੀ ਸੋਚ ਕੇ ਦਸਣਾ; ਫਿਲਹਾਲ ਐਨਾ ਜ਼ਰੂਰ ਹੈ ਕਿ ਮਾਰੇ ਗਏ ਪਿੰਡਾਂ ਦੇ ਖੇਤ ਮਜ਼ਦੂਰ...??

ਅੱਜ ਯੂ. ਪੀ., ਬਿਹਾਰ, ਉੜੀਸਾ, ਮਧ ਪ੍ਰਦੇਸ਼, ਰਾਜਸਥਾਨ ਵਿਚ 20 ਕਰੋੜ ਹਿੰਦੁਸਤਾਨੀਆਂ ਨੂੰ ਇਕ ਰੁਪਈਆ ਰੋਜ਼ ਦੀ ਆਮਦਨ ਵੀ ਨਸੀਬ ਨਹੀਂ ਹੋ ਰਹੀ—ਭੁੱਖ-ਮਰੀ ਦਾ ਸ਼ਿਕਾਰ ਹੋ ਰਹੇ ਹਨ—ਕੀ ਉਸ ਵਕਤ ਅਜਿਹੀ ਮਸ਼ੀਨਾਂ ਲਿਆਉਣੀਆਂ ਦਰੁਸਤ ਹਨ—?

ਕੀ ਅਸੀਂ ਸਮੇਂ ਸਿਰ ਹਰ ਪਿੰਡ ਲਈ ਸੌ ਸੌ ਮਜ਼ਦੂਰ ਦਾ ਪ੍ਰਬੰਧ ਨਹੀਂ ਹਾਂ ਕਰ ਸਕਦੇ—ਪਟਵਾਰੀਆਂ ਜ਼ਰੀਏ—ਇਲਾਕਾ ਠਾਣੇਦਾਰਾਂ ਜ਼ਰੀਏ—ਤਹਸੀਲ ਅਫਸਰਾਂ ਜ਼ਰੀਏ—ਜਾਂ ਪੰਜਾਬ ਵਿਚ ਬਲਾਕ ਪਧਰ ਤੇ ਸੌ ਸਵਾ ਸੌ ਹੋਰ ਲੇਬਰ ਅਫਸਰ ਨਹੀਂ ਹਨ ਰਖੇ ਜਾ ਸਕਦੇ ਜੋ ਆਪਣੇ ਆਪਣੇ ਬਲਾਕ ਲਈ ਇਕ ਇਕ ਗੱਡੀ ਮਜ਼ਦੂਰਾਂ ਦੀ ਸਮੇਂ ਸਿਰ ਲੈ ਕੇ ਆਇਆ ਕਰਨ ??

ਇਹ ਕੁਝ ਸਵਾਲ ਹਨ, ਜੋ ਸਾਡੇ ਦਿਲਾਂ ਵਿਚ ਟੈਕਨੀਕਲ ਵਿਦਿਆ ਬਾਰੇ ਉੱਠਦੇ ਹਨ ਤੇ ਇਹੋ ਸਵਾਲ ਇਸ ਗੱਲ ਤੇ ਰੋਸ਼ਨੀ ਪਾਂਦੇ ਹਨ ਕਿ ਸਾਡਾ ਸਾਰਾ ਵਿਦਿਆ ਸਿਸਟਮ ਪਹਿਲੀ ਜਮਾਤ ਦੀ ਪੜ੍ਹਾਈ ਤੋਂ ਲੈ ਕੇ ਉੱਚੀ ਤੋਂ ਉੱਚੀ ਟੈਕਨੀਕਲ ਵਿਦਿਆ ਤਕ ਲੋਕਾਂ ਦੀ ਅਸਲੀ ਜ਼ਿੰਦਗੀ ਅਤੇ ਜ਼ਰੂਰਤ ਤੋਂ ਟੁੱਟਿਆ ਹੋਇਆ ਹੈ ਅਤੇ ਇਹਦੀ ਇਕ ਸਿਰੇ ਤੋਂ ਤਬਦੀਲੀ ਅੱਜ ਦੀ ਸਾਡੀ ਇਕ ਵੱਡੀ ਮੰਗ ਹੈ।

---

# ਲੋਕ-ਪੱਖੀ ਸੱਭਿਆਚਾਰ ਅਤੇ ਇਕ ਸੱਭਿਆਚਾਰਕ ਮੰਗ ਦੀ ਲੋੜ ਬਾਰੇ

o

ਸੁਖਪਾਲ ਸਿੰਘ

**ਸਾਰ ਸੂਚੀ :—**

ਇਸ ਪਰਚੇ ਵਿਚ ਸਮਾਜ ਤੇ ਸਭਿਆਚਾਰ ਦੇ ਆਪਸੀ ਸਬੰਧ ਨੂੰ ਸਪੱਸ਼ਟ ਕੀਤਾ ਗਿਆ ਹੈ। ਸਮਾਜ ਦਾ ਆਰਥਿਕ ਆਧਾਰ ਹੀ ਸਮਾਜ ਦੇ ਸਭਿਆਚਾਰ ਨੂੰ ਪੈਦਾ ਕਰਦਾ ਹੈ। ਜਦੋਂ ਸਮਾਜ ਦਾ ਇਹ ਸੁਭਾਵਕ ਸਭਿਆਚਾਰ ਬੁੱਧੀਜੀਵੀ ਵਰਗ ਦੁਆਰਾ ਆਪਣੀਆਂ ਕਿਰਤਾਂ ਤੇ ਪੇਸ਼ਕਾਰੀ ਦੁਆਰਾ ਪਰਚਾਰਿਆ ਜਾਂਦਾ ਹੈ ਤਾਂ ਇਸਦੇ ਦੋ ਪ੍ਰਸਪਰ ਵਿਰੋਧੀ ਰੂਪ ਸਾਹਮਣੇ ਆਉਂਦੇ ਹਨ—ਲੋਕ ਪੱਖੀ ਸਭਿਆਚਾਰ ਤੇ ਲੋਕ-ਵਿਰੋਧੀ ਸਭਿਆਚਾਰ। ਲੋਕ-ਪੱਖੀ ਤੇ ਲੋਕ-ਵਿਰੋਧੀ ਸਭਿਆਚਾਰ ਨੂੰ ਪ੍ਰੀਭਾਸ਼ਤ ਕਰਦੇ ਹੋਏ ਇਹਨਾਂ ਵਿਚਕਾਰ ਸਪੱਸ਼ਟ ਲਕੀਰ ਖਿੱਚ ਕੇ ਲੋਕ-ਪੱਖੀ ਸਭਿਆਚਾਰ ਦੀਆਂ ਸੰਚਾਰ ਸਮੱਸਿਆਵਾਂ ਤੇ ਵਿਚਾਰ ਕੀਤੀ ਗਈ ਹੈ। ਇਹਨਾਂ ਸਮੱਸਿਆਵਾਂ ਦਾ ਹੱਲ ਤਲਾਸ਼ਣ ਦੇ ਸ਼ੁਰੂ ਵਿਚ ਹੀ ਇਕ ਵਿਸ਼ਾਲ ਸਾਂਝੇ ਲੋਕ-ਪੱਖੀ ਸਭਿਆਚਾਰਕ ਮੋਰਚੇ ਦੀ ਲੋੜ ਉਭਰਕੇ ਸਾਹਮਣੇ ਆਉਂਦੀ ਹੈ। ਅਜਿਹੇ ਸਭਿਆਚਾਰਕ-ਮੰਚ ਦੀ ਸਫਲ ਉਸਾਰੀ ਲਈ ਏਕੀਕਰਨ ਦੀ ਮੁਢਲੀ ਲਾਜਮੀ ਸ਼ਰਤ ਵੀ ਤਜਵੀਜ਼ ਕੀਤੀ ਗਈ ਹੈ।

**ਭੂਮਿਕਾ** :—ਇਹ ਇਕ ਅਟੱਲ ਵਿਆਪਕ ਸਚਾਈ ਹੈ ਕਿ ਬ੍ਰਹਿਮੰਡ ਵਿਚ ਕੋਈ ਵੀ ਪਦਾਰਥਕ ਵਜੂਦ ਵਿਰਾਮ ਦੀ ਅਵੱਸਥਾ ਵਿਚ ਨਹੀਂ ਹੈ ਸਗੋਂ ਲਗਾਤਾਰ ਗਤੀ ਤੇ ਤਬਦੀਲੀ ਦੀ ਪ੍ਰਕ੍ਰਿਆ ਵਿਚੋਂ ਗੁਜ਼ਰ ਰਿਹਾ ਹੈ। ਪਦਾਰਥਕ ਵਿਗਿਆਨ ਦਾ ਇਹ ਨਿਯਮ ਸਮਾਜੀ ਵਿਗਿਆਨ ਵਿਚ ਵੀ ਇੰਨਾ ਹੀ ਦਰੁਸਤ ਹੈ। ਕਿਸੇ ਵਿਸ਼ੇਸ਼ ਸਮੇਂ ਤੇ ਕੋਈ ਵਿਸ਼ੇਸ਼ ਸਮਾਜ ਆਪਣੀ ਵਿਸ਼ੇਸ਼ ਇਤਿਹਾਸਕ ਅਵਸਥਾ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ। ਇਹਨਾਂ ਅਵੱਸਥਾਵਾਂ ਨੂੰ ਹੀ ਮਾਰਕਸ-ਵਾਦੀ ਸਹਿਤ ਵਿਚ ਜਗੀਰੂ ਸਮਾਜ, ਸਰਮਾਏਦਾਰੀ ਸਮਾਜ, ਸੋਸ਼ਲਿਸਟ ਸਮਾਜ ਆਦਿ ਦਾ ਨਾਂ ਦਿੱਤਾ ਗਿਆ ਹੈ। ਇਹ ਅਵੱਸਥਾ ਵਿਸ਼ੇਸ਼ ਵੀ ਆਪਣੇ ਆਪ ਵਿਚ ਸਮਾਜ ਦੀ ਗਤੀ ਤੇ ਤਬਦੀਲੀ ਦਾ ਇਕ ਦਾਇਰਾ ਹੁੰਦੀ ਹੈ ਜਿਸ ਅੰਦਰ ਸਮਾਜ ਆਹਿਸਤਾ ਆਹਿਸਤਾ ਤਬਦੀਲੀ ਦੁਆਰਾ ਆਖਰ ਇਸ ਦਾਇਰੇ ਦੀ ਸੀਮਾ ਤੇ ਆ ਖੜਦਾ ਹੈ ਜਿਥੇ ਪੈਦਾਵਾਰੀ ਰਿਸ਼ਤਿਆਂ ਦਾ ਬੈਰੀਅਰ ਸਮਾਜਕ ਵਿਕਾਸ ਦਾ ਰਸਤਾ ਰੋਕ ਕੇ ਖੜ ਜਾਂਦਾ ਹੈ। ਤਦ ਸਮਾਜ ਪੈਦਾਵਾਰੀ ਰਿਸ਼ਤਿਆਂ ਦੇ ਇਸ ਬੈਰੀਅਰ ਨੂੰ ਤੋੜਦਾ ਹੋਇਆ ਅਗਲੀ ਅਵੱਸਥਾ ਵਿਚ ਛਲਾਂਗ ਮਾਰਦਾ ਹੈ। ਇਸੇ ਛਲਾਂਗ ਨੂੰ ਹੀ ਕ੍ਰਾਂਤੀ ਦਾ ਨਾਂ ਦਿਤਾ ਗਿਆ ਹੈ। ਸਮਾਜ ਦੀ ਉਪ੍ਰੋਕਤ ਤਬਦੀਲੀ ਤੇ ਵਿਕਾਸ ਨੂੰ ਕਈ ਅਪ੍ਰੇਟਰਾ ਦੁਆਰਾ ਚਲਾਇਆ ਜਾਂਦਾ ਹੈ ਜਿਹਨਾਂ ਵਿਚੋਂ ਇਕ ਮਹੱਤਵਪੂਰਣ ਅਪ੍ਰੇਟਰ ਹੈ ਸਭਿਆਚਾਰ। ਇਹ ਸਮਾਜਕ ਜੀਵਨ ਚੋਂ ਹੀ ਪੈਦਾ ਹੋ ਕੇ ਉਸ਼ਤੇ ਮੋੜਵਾਂ ਪ੍ਰਭਾਵ ਪਾਉਂਦਾ ਹੈ।

**ਸਭਿਆਚਾਰ—ਉਤਪਤੀ ਤੇ ਵਿਕਾਸ :—**

ਕਿਸੇ ਸਮਾਜ ਵਿਸ਼ੇਸ਼ ਜਾਂ ਸਮੂਦਾਇ ਦੇ ਲੋਕਾਂ ਦਾ ਕੰਮ-ਕਾਰ, ਖਾਣ-ਪੀਣ, ਰਹਿਣੀ-ਬਹਿਣੀ, ਸਮਾਜਕ ਕਦਰਾਂ ਕੀਮਤਾਂ ਤੇ ਰਸਮੋ-ਰਿਵਾਜ ਆਦਿ ਸਭ ਮਿਲਕੇ ਉਸ ਸਮਾਜ ਜਾਂ ਸਮੂਦਾਇ ਦੇ ਸਭਿਆਚਾਰ ਨੂੰ ਸੰਕਲਿਤ (ਕੰਪੋਜ਼) ਕਰਦੇ ਹਨ। ਸਮਾਜ ਦੇ ਵਿਅਕਤੀਆਂ ਦਾ ਉਹਨਾਂ ਦੀਆਂ ਜੀਵਨ ਸਰਗਰਮੀਆਂ ਦੇ ਸੰਦਰਭ 'ਚ

ਉਦਘਾਟਿਤ ਹੋਣ ਵਾਲਾ ਸਮਾਜਕ ਮਨੋਵਿਗਿਆਨਕ ਵਤੀਰਾ ਇਸੇ ਸਭਿਆਚਾਰ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਸਭਿਆਚਾਰ ਨੂੰ ਸੰਕਲਿਤ ਕਰਨ ਵਾਲੇ ਉਪ੍ਰੋਕਤ, ਸਾਰੇ ਕਾਰਣ (ਫੈਕਟਰਜ਼) ਸਮਾਜ ਦੀ ਅਵੱਸਥਾ ਦੀ ਹੀ ਪੈਦਾਵਾਰ ਹੁੰਦੇ ਹਨ ਤੇ ਸਮਾਜ ਦੀ ਅਵਸਥਾ ਦੀ ਪਹਿਚਾਣ ਉਸਦੇ ਪੈਦਾਵਾਰੀ ਰਿਸ਼ਤਿਆਂ ਭਾਵ ਆਰਥਕ ਅਧਾਰ ਤੋਂ ਕੀਤੀ ਜਾਂਦੀ ਹੈ। ਸੋ ਸਮਾਜ ਦਾ ਆਰਥਕ ਅਧਾਰ (ਜਿਸਨੂੰ ਪੈਦਾਵਾਰੀ ਰਿਸ਼ਤੇ ਚਰਿੱਤਰਦੇ ਹਨ) ਹੀ ਉਸ ਸਮਾਜ ਦੇ ਸਭਿਆਚਾਰ ਦਾ ਜਨਰੇਟਰ (ਉਤਪਾਦਕ) ਹੁੰਦਾ ਹੈ ਇਹ ਸਭਿਆਚਾਰ 'ਸੁਭਾਵਕ ਸਭਿਆਚਾਰ' ਹੈ; ਜਿਸਨੂੰ ਸਮਾਜ ਦੇ ਲੋਕੀ ਬੜੇ ਹੀ ਸੁਭਾਵਕ ਤੇ ਪ੍ਰਤੱਖ (ਓਬੀਅਸ) ਢੰਗ ਨਾਲ ਜਿਉਂਦੇ ਹਨ। ਆਰਥਕ ਅਧਾਰ ਨੂੰ ਬਦਲਣ ਤੋਂ ਬਿਨਾਂ ਵੀ ਇਕ ਹੀ ਅਵੱਸਥਾ ਵਿਚੋਂ ਗੁਜ਼ਰ ਰਿਹਾ ਸਮਾਜ ਇਕ ਸੀਮਾਂ ਤੱਕ ਵਿਕਾਸ ਕਰਦਾ ਰਹਿੰਦਾ ਹੈ। ਸਮਾਜਕ ਤਬਦੀਲੀ ਤੇ ਵਿਕਾਸ ਦੇ ਨਾਲ ਨਾਲ ਉਸਦੇ ਸਭਿਆਚਾਰ ਵਿਚ ਵੀ ਉਸੇ ਪੱਧਰ ਦੀਆਂ ਸੂਖਮ ਤਬਦੀਲੀਆਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ ਅਤੇ ਸਭਿਆਚਾਰ ਦੀਆਂ ਇਹ ਤਬਦੀਲੀਆਂ ਫਿਰ ਮੋੜਵੇਂ ਰੂਪ ਵਿਚ ਸਮਾਜ ਦੇ ਵਿਕਾਸ ਤੇ ਆਪਣਾ ਅਸਰ ਪਾਉਂਦੀਆਂ ਹਨ। ਸੋ ਸਮਾਜ ਤੋਂ ਪੈਦਾ ਹੋਇਆ ਸਭਿਆਚਾਰ ਸਮਾਜ ਤੇ ਮੋੜਵੇਂ ਰੂਪ ਵਿਚ ਅਪ੍ਰੇਟ ਕਰਦਾ ਹੈ ਅਤੇ ਸਮਾਜ ਤੇ ਸਭਿਆਚਾਰ ਦਾ ਇਹ ਪ੍ਰਸਪਰ ਪ੍ਰਭਾਵ ਸਮਾਜ ਤੇ ਸਭਿਆਚਾਰ ਦੋਨਾਂ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ 'ਸੁਭਾਵਕ ਸਭਿਆਚਾਰ ਦੇ ਕਈ ਪੱਖ ਹਨ ਜੋ ਸਮਾਜਕ ਵਿਕਾਸ ਤੇ ਕਈ ਤਰਾਂ ਦੇ ਸਕਾਰਆਤਮਿਕ ਤੇ ਨਕਾਰਆਤਮਿਕ ਪ੍ਰਭਾਵ ਪਾਉਂਦੇ ਹਨ।

ਇਸ ਪੱਧਰ ਤੇ 'ਸਮਾਜ' ਤੇ ਸੁਭਾਵਕ ਸਭਿਆਚਾਰ ਦੇ ਪ੍ਰਸਪਰ ਪ੍ਰਭਾਵ ਦੀ ਵਿਧੀ ਬੜੀ ਜ਼ਟਿਲ ਹੈ, ਜੋ ਇਸ ਪੇਪਰ ਦਾ ਵਿਸ਼ਾ ਨਹੀਂ ਹੈ। ਇਸ 'ਸੁਭਾਵਕ ਸਭਿਆਚਾਰ' ਚੋਂ ਉਠਕੇ ਸਮਾਜ ਦੇ ਬੁੱਧੀ-ਜੀਵੀ ਤੇ ਕਲਾਕਾਰ ਆਪਣੀਆਂ ਕਲਾ-ਕਿਰਤਾਂ ਤੇ ਪੇਸ਼ਕਾਰੀ ਰਾਹੀਂ ਜਦੋਂ ਸਮਾਜ ਦੇ ਜੀਵਨ ਨੂੰ ਚਿਤਰਦੇ ਹਨ ਤਾਂ ਉਹ ਦੋ ਪ੍ਰਸਪਰ ਵਿਰੋਧੀ ਸਭਿਆਚਾਰਕ ਗਰੁੱਪਾਂ ਨੂੰ ਜਨਮ ਦੇ ਦਿੰਦੇ ਹਨ—ਇਕ ਲੋਕ-ਪੱਖੀ ਸਭਿਆਚਾਰਕ ਗਰੁੱਪ ਤੇ ਦੂਜਾ ਲੋਕ-ਵਿਰੋਧੀ ਸਭਿਆਚਾਰਕ ਗਰੁੱਪ। ਜਿਵੇਂ ਕਿ ਅਸੀਂ ਅੱਗੇ ਜਾਕੇ ਵੇਖਾਂਗੇ ਕਿ ਇਹਨਾਂ ਦੋ 'ਸਭਿਆਚਾਰਕ ਗਰੁੱਪਾਂ' ਤੇ ਸਮਾਜ ਦੇ ਪ੍ਰਸਪਰ ਪ੍ਰਭਾਵ ਦੀ ਵਿਧੀ ਬੜੀ ਸਪੱਸ਼ਟ ਹੈ। ਇਹਨਾਂ ਦੋ ਗਰੁੱਪਾਂ ਦੀਆਂ ਸਭਿਆਚਾਰਕ ਤਾਕਤਾਂ ਬੜੇ ਸਪੱਸ਼ਟ ਰੂਪ ਵਿਚ ਲੋਕਾਂ ਦੀ ਸੋਚ ਤੇ ਅਪ੍ਰੇਟ ਕਰਦੀਆਂ ਹੋਈਆਂ ਸਮਾਜਿਕ ਤੇ ਸਭਿਆਚਾਰਕ ਵਿਕਾਸ ਵਿਚ ਆਪਣਾ ਰੋਲ ਅਦਾ ਕਰਦੀਆਂ ਹਨ।

**ਲੋਕ-ਪੱਖੀ ਸਭਿਆਚਾਰ ਤੇ ਲੋਕ-ਵਿਰੋਧੀ ਸਭਿਆਚਾਰ :—**

ਜੋ ਸਾਹਿਤਕਾਰ ਤੇ ਕਲਾਕਾਰ ਆਪਣੀਆਂ ਕਿਰਤਾਂ ਤੇ ਪੇਸ਼ਕਾਰੀ ਦੁਆਰਾ ਲੋਕਾਂ ਦੀ ਸੋਚ ਨੂੰ ਸਮਾਜਕ ਵਿਕਾਸ ਦੀ ਦਿਸ਼ਾ ਵਿਚ ਸੇਧਤ ਕਰਨ ਲਈ ਕ੍ਰਮਸ਼ੀਲ, ਹਨ ਉਹਨਾਂ ਨੂੰ ਅਸੀਂ ਲੋਕ-ਪੱਖੀ ਜਾਂ ਪ੍ਰਗਤੀਸ਼ੀਲ ਸਾਹਿਤਕਾਰ ਜਾਂ ਕਲਾਕਾਰ ਦਾ ਨਾਂ ਦਿੰਦੇ ਹਾਂ ਤੇ ਉਹਨਾਂ ਦੁਆਰਾ ਪ੍ਰਚਾਰੇ ਜਾਂਦੇ ਸਭਿਆਚਾਰ ਨੂੰ ਲੋਕ-ਪੱਖੀ ਸਭਿਆਚਾਰ ਇਸ ਲੋਕ-ਪੱਖੀ ਸਭਿਆਚਾਰਕ ਗਰੁੱਪ ਵਿਚ ਸਾਰੇ ਪ੍ਰਗਤੀਸ਼ੀਲ ਸਾਹਿਤਕਾਰ, ਚ੍ਰਿਤਰਕਾਰ, ਸਹਿਤਕ ਪੱਤ੍ਰਕਾਵਾਂ ਤੇ ਪ੍ਰਕਾਸ਼ਨਾਵਾਂ, ਨਾਟਕ ਮੰਡਲੀਆਂ ਤੇ ਹੋਰ ਕਲਾਕਾਰ ਆ ਜਾਂਦੇ ਹਨ। ਭਾਵੇਂ ਇਹ ਸਾਰੇ ਕਲਾਕਾਰ ਸੁਚੇਤ ਰੂਪ ਵਿਚ ਇਕ ਸਾਂਝੇ ਮੋਹਚੇ ਵਿਚ ਸੰਗਠਤ ਨਾ ਵੀ ਹੋਏ ਹੋਣ ਤਾਂ ਵੀ ਉਹਨਾਂ ਦਾ ਸਾਂਝਾ ਉਦੇਸ਼ ਉਹਨਾਂ ਦੀ ਇਸ ਸੁਭਾਵਕ ਕਾਰਜ ਏਕਤਾ ਨੂੰ ਤ੍ਰੈਅ ਕਰਦਾ ਹੈ ਕਿ ਉਹਨਾਂ ਦੁਆਰਾ ਪਰਚਾਰਿਆ ਜਾਂਦਾ ਸਭਿਆਚਾਰ ਲੋਕਾਂ ਦੀ ਸੋਚ ਤੇ ਅਪ੍ਰੇਟ ਕਰਦਾ ਹੋਇਆ ਉਸਨੂੰ ਸਮਾਜਕ ਵਿਕਾਸ ਦੀ ਦਿਸ਼ਾ ਵਿਚ ਸੇਧਤ ਕਰਦਾ ਹੈ ਤੇ ਇੰਝ ਲੋਕਾਂ ਨੂੰ ਕ੍ਰਾਂਤੀ ਦੀ ਦਿਸ਼ਾ ਵਿਚ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ। ਯੂਨੀਵਾਈਡ ਰੂਪ 'ਚ ਏਸੇ ਹੀ 'ਸੁਮਾਵਕ ਕਾਰਜ ਏਕਤਾ' ਨੂੰ ਅਧਾਰ ਬਣਾ ਕੇ ਸਾਰੇ ਪ੍ਰਗਤੀਸ਼ੀਲ—ਕ੍ਰਾਂਤੀਕਾਰੀ ਕਲਾਕਾਰ ਇਕ ਸਾਂਝੇ ਮੋਰਚੇ ਵਿਚ ਇਕੱਠੇ ਹੋ ਸਕਦੇ ਹਨ ਜਿਸ ਬਾਰੇ ਅੱਗੇ ਜਾ ਕੇ ਚਰਚਾ ਕੀਤੀ ਜਾਏਗੀ।

ਜੇ ਚਲੰਤ ਵਿਚਾਰ ਦਾ ਇਥੇ ਹੀ ਸਥਾਨੀਕਰਣ ਕਰ ਦੇਈਏ ਤਾਂ ਦੋ ਮਹੱਤਵਪੂਰਨ ਸਵਾਲ ਉਭਰਕੇ ਸਾਡੇ ਸਾਹਮਣੇ ਆਉਂਦੇ ਹਨ ਕਿ ਮੌਜੂਦਾ ਸਮਾਜ ਵਿਚ :—

(1) ਪ੍ਰਗਤੀਸ਼ੀਲਾਂ ਕਲਾਕਾਰਾਂ ਦਾ ਕੰਮ ਕਿਸ ਬਾਰੇ ਹੋਣਾ ਚਾਹੀਦਾ ਹੈ ?

(2) ਪ੍ਰਗਤੀਸ਼ੀਲ ਕਲਾਕਾਰਾਂ ਦਾ ਕੰਮ ਕਿਨ੍ਹਾਂ ਲਈ ਹੋਣਾ ਚਾਹੀਦਾ ਹੈ ?

ਸਾਡਾ ਕੰਮ ਨਿਸ਼ਚੇ ਹੀ ਸਮਾਜ, ਇਸਦੇ ਵਿਕਾਸ ਤੇ ਇਸ ਨਾਲ ਸਬੰਧਤ ਸਾਰੇ ਕਾਰਨਾਂ ਜਿਵੇਂ ਕਿਰਤ ਦੀ ਲੁੱਟ-ਚੋਂਘ, ਜ਼ਬਰ-ਜ਼ੁਲਮ, ਮਨੁੱਖੀ ਹੱਕਾਂ, ਗਲ-ਸੜ ਰਹੀ ਮੌਜੂਦਾ ਵਿਵਸਥਾ ਖਿਲਾਫ ਸੰਘਰਸ਼, ਸਮਾਜ ਵਿਚ ਵਿਚਰ ਰਹੇ ਵਿਅਕਤੀ ਦੇ ਮਾਨਸਕ ਤਣਾਓ ਆਦਿ ਬਾਰੇ ਹੋਣਾ ਚਾਹੀਦਾ ਹੈ।

ਸਾਡਾ ਕੰਮ ਨਿਸ਼ਚੇ ਹੀ ਉਹਨਾਂ ਵਿਸ਼ਾਲ ਲੋਕਾਂ ਲਈ ਹੋਣਾ ਚਾਹੀਦਾ ਹੈ ਜਿਹੜੇ ਇਤਹਾਸ ਦੀ ਸਿਰਜਣਾ-

ਸ਼ਕਤੀ ਹਨ। ਸਾਡੇ ਸਮਾਜ 'ਚ ਮੌਜੂਦਾ ਵਿਵਸਥਾ ਦੇ ਸਦਕਾ ਲੁੱਟ-ਚੋਂਘ 'ਤੇ ਜ਼ਬਰ ਦਾ ਸ਼ਿਕਾਰ ਲੋਕਾਂ ਨੂੰ ਮਨੁੱਖੀ ਅਧਿਕਾਰਾਂ ਤੋਂ ਜਾਗਰੂਕ ਕਰਦੇ ਹੋਏ ਲੋਕ-ਵਿਰੋਧੀ ਤਾਕਤਾਂ ਵਿਰੁੱਧ ਸੰਘਰਸ਼ ਸ਼ੀਲ ਹੋਣ ਦਾ ਪੈਗਾਮ ਦੇਣਾ ਸਾਡੀਆਂ ਕਿਰਤਾਂ ਦਾ ਵਿਸ਼ਾ ਬਨਣਾ ਚਾਹੀਦਾ ਹੈ। ਕਿਉਂਕਿ ਪ੍ਰਗਤੀਸ਼ੀਲ ਕਲਾਕਾਰਾਂ ਨੇ ਲੋਕਾਂ ਦੀ ਸੋਚ ਨੂੰ ਅਪ੍ਰੇਟ ਕਰਕੇ ਉਸਨੂੰ ਸੇਧ ਦੇਣੀ ਹੈ, ਇਸ ਲਈ ਉਹਨਾਂ ਨੂੰ ਲੋਕਾਂ ਨਾਲ ਬਹੁਤ ਨੇੜੇ ਦਾ ਰਿਸ਼ਤਾ ਕਾਇਮ ਕਰਣਾ ਹੋਵੇਗਾ। ਉਹਨਾਂ ਨੂੰ ਲੋਕਾਂ ਦੀ ਜ਼ਿੰਦਗੀ ਦੀਆਂ ਮੁਸ਼ਕਲਾਂ ਦੀਆਂ ਜੜ੍ਹਾਂ ਤੱਕ ਪਹੁੰਚਣਾ ਹੋਏਗਾ, ਉਹਨਾਂ ਦੇ ਮਨਾਂ ਦੀਆਂ ਗਹਿਰਾਈਆਂ ਤੱਕ ਉਤਰ ਕੇ ਮਾਨਸਿਕ ਤਣਾਓ ਵਿਚੋਂ ਧੜਕਣਾਂ ਹੋਏਗਾ। ਇਸ ਤਰ੍ਹਾਂ ਉਹ ਲੋਕਾਂ ਦੇ ਜੀਵਨ ਵਿਚ ਘੁਲਦੇ ਹੋਏ ਉਹਨਾਂ ਤੋਂ ਸਿੱਖਦੇ ਹੋਏ ਹੀ ਉਹਨਾ ਨੂੰ ਸਿਖਿਅਤ ਕਰਨ ਦਾ ਕਾਰਜ ਕਰ ਸਕਦੇ ਹਨ। ਸਾਡੀਆਂ ਰਚਨਾਵਾਂ, ਕਲਾ-ਕਿਰਤਾਂ ਤੇ ਪੇਸ਼ਕਾਰੀਆਂ ਸਮੇਂ ਤੇ ਸਥਾਨ ਦੇ ਸੰਦਰਭ ਵਿਚ ਵੀ ਲੋਕਾਂ ਨਾਲੋਂ ਨਿੱਖੜੀਆਂ ਹੋਈਆਂ ਨਹੀਂ ਹੋਣੀਆਂ ਚਾਹੀਦੀਆਂ। ਅਸੀਂ ਪ੍ਰਗਤੀਸ਼ੀਲ ਕਲਾਕਾਰਾਂ ਨੇ ਅਤੀਤ ਦੀ ਪ੍ਰਗਤੀਸ਼ੀਲ ਪ੍ਰੰਪਰਾ ਵਿਚੋਂ ਉਠਦੇ ਹੋਏ ਵਰਤਮਾਨ ਵਿਚ ਕਦਮ ਰੱਖਦੇ ਹੋਏ ਭਵਿੱਖ ਵੱਲ ਇਸ਼ਾਰਾ ਕਰਨਾ ਹੈ। ਲੋਕਾਂ ਦੀ ਜੀਵਨ-ਧਾਰਾ ਨਾਲੋਂ ਨਿੱਖੜਕੇ ਅਸੀਂ ਕਿਸੇ ਵੀ ਤਰ੍ਹਾਂ ਉਹਨਾਂ ਦੀ ਸੋਚ ਨੂੰ ਅੱਗੇ ਦੀ ਦਿਸ਼ਾ ਵਿਚ ਅਪਰੇਟ ਨਹੀਂ ਕਰ ਸਕਦੇ।

ਸਾਹਿਤਕਾਰਾਂ ਤੇ ਕਲਾਕਾਰਾਂ ਦਾ ਦੂਜਾ ਗਰੁੱਪ ਜੋ ਆਪਣੀਆਂ ਕਿਰਤਾਂ ਰਾਹੀਂ ਲੋਕਾਂ ਦੀ ਸੋਚ ਨੂੰ ਸਮਾਜਕ ਵਿਕਾਸ ਦੀ ਉਲਟ-ਦਿਸ਼ਾ ਵਿਚ ਸੇਧਤ ਕਰਨ ਲਈ ਕਰਮਸ਼ੀਲ ਹੁੰਦਾ ਹੈ, ਐਸੇ ਗਰੁੱਪ ਨੂੰ ਲੋਕ-ਵਿਰੋਧੀ ਸਭਿਆਚਾਰਕ ਗਰੁੱਪ ਕਹਾਂਗੇ। ਅਜਿਹਾ ਸਭਿਆਚਾਰ ਜਿਥੇ ਇਕ ਪਾਸੇ ਪਿਛਾਖੜੀ ਵਿਵਸਥਾ ਦੇ ਗੁਣ ਗਾ ਕੇ ਉਸਨੂੰ ਲੋਕਾਂ ਦੇ ਮਨਾਂ ਵਿਚ ਸਥਾਪਤ ਕਰਨ ਲਈ ਸਰਗਰਮ ਹੁੰਦਾ ਹੈ ਉਥੇ ਦੂਜੇ ਪਾਸੇ ਲੱਚਰ ਸਾਹਿਤ, ਗੰਦੇ ਗੀਤਾਂ ਦੇ ਰਿਕਾਰਡਾਂ, ਕਾਮ-ਉਕਸਾਊ ਫਿਲਮਾਂ, ਰਸਾਲਿਆਂ, ਮਜ਼ਬੀ ਤੁਅੱਸਵਪੁਣੇ ਆਦਿ ਰਾਹੀਂ ਲੋਕਾਂ ਦੀ ਸੋਚ ਨੂੰ ਖੁੰਡਿਆਂ ਕਰਕੇ ਸੁਆਉਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ।

**ਲੋਕ-ਪੱਖੀ ਸਭਿਆਚਾਰ ਦੀਆਂ ਸੰਚਾਰ ਸਮੱਸਿਆਵਾਂ** :—ਲੋਕ-ਵਿਰੋਧੀ ਸਭਿਆਚਾਰਕ ਗਰੁੱਪ ਕਿਉਂਕਿ ਪਿਛਾਖੜੀ ਵਿਵਸਥਾ ਦਾ ਹਾਮੀ ਤੇ ਅੰਗਪਾਲਕ ਹੁੰਦਾ ਹੈ ਇਸ ਲਈ ਉਹ ਸਮੇਂ ਦੀ ਹਕੂਮਤ ਵਲੋਂ ਹਰ ਦੀਆਂ ਸਹੂਲਤਾਂ ਦਾ ਅਨੰਦ ਮਾਣਦਾ ਹੈ। ਆਰਥਕ ਸਮੱਸਿਆਵਾ ਤੋਂ ਅਜ਼ਾਦ ਇਹ ਗਰੁੱਪ ਸਾਰੇ ਸੰਚਾਰ ਸਾਧਨਾਂ ਜਿਵੇਂ ਪ੍ਰੈਸ, ਸਟੇਜ, ਰੇਡੀਓ, ਟੈਲੀਵੀਜ਼ਨ, ਰੀਕਾਰਡਿੰਗ ਕੰਪਨੀਆਂ, ਫਿਲਮਾਂ ਆਦਿ ਦਾ ਪੂਰਾ ਉਪਯੋਗ ਕਰਦਾ ਹੈ। ਇਸ ਦੇ ਉਲਟ ਆਰਥਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕ-ਪੱਖੀ ਸਭਿਆਚਾਰਕ ਗਰੁੱਪ ਕੋਲ ਬੜੇ ਹੀ ਸੀਮਤ ਸੰਚਾਰ ਸਾਧਨ ਹਨ ਜਿਹਨਾਂ ਦੀ ਉਹ ਬੜੇ ਹੀ ਸੀਮਤ ਰੂਪ ਵਿਚ ਵਰਤੋਂ ਕਰ ਸਕਦਾ ਹੈ। ਉਹ ਮੁੱਖ ਤੌਰ ਤੇ ਪ੍ਰੈਸ ਅਤੇ ਸਟੇਜ ਰਾਹੀਂ ਹੀ ਆਪਣੇ ਸਭਿਆਚਾਰ ਦਾ ਸੰਚਾਰ ਕਰ ਰਿਹਾ ਹੁੰਦਾ ਹੈ। ਅਜਿਹਾ ਕਰਦੇ ਹੋਏ ਵੀ ਉਸਨੂੰ ਮੁਸ਼ਕਲਾਂ ਤੇ ਜ਼ਬਰ ਦੇ ਖਿਲਾਫ਼ ਸੰਘਰਸ਼ ਵਿਚੋਂ ਲਗਾਤਾਰ ਗੁਜ਼ਰਨਾ ਪੈਂਦਾ ਹੈ। ਇਹਨਾਂ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਲੋਕ-ਪੱਖੀ ਸਭਿਆਚਾਰ ਦੇ ਸੰਚਾਰ ਤੇ ਵਿਕਾਸ ਲਈ ਲਾਜ਼ਮੀ ਬਣ ਜਾਂਦਾ ਹੈ ਕਿ ਅਸੀਂ ਸਾਰੇ ਪ੍ਰਗਤੀਸ਼ੀਲ ਸਾਹਿਤਕਾਰ ਤੇ ਕਲਾਕਾਰ ਆਪਣੀਆਂ ਅਲੱਗ ਅਲੱਗ ਤਾਕਤਾਂ ਜਾਂ ਗੁੱਟਾਂ ਦਾ ਏਕੀਕਰਣ ਕਰਦੇ ਹੋਏ ਇਕ ਵਿਸ਼ਾਲ ਸਾਂਝੇ ਸਭਿਆਚਾਰਕ ਮੋਰਚੇ ਵਿਚ ਇਕੱਠੇ ਹੋ ਜਾਈਏ। ਇਸ ਸਭਿਆਚਾਰਕ ਮੰਚ ਦੇ ਅਰੰਭਕ ਕੰਮਾਂ ਵਿਚੋਂ ਕੁਝ ਇਸ ਤਰ੍ਹਾਂ ਤਜਵੀਜ਼ ਕੀਤੇ ਜਾ ਸਕਦੇ ਹਨ ਜਿਨ੍ਹਾਂ ਦੀ ਘਾਟ ਤੇ ਜ਼ਰੂਰਤ ਮਹਿਸੂਸ ਹੋ ਰਹੀ ਹੈ।

(1) ਸਾਹਿਤਕ ਪੱਧਰ ਦੀ ਇਕ ਪੰਜਾਬੀ ਪੱਤ੍ਰਿਕਾ ਜਾਰੀ ਕਰਕੇ ਉਸਨੂੰ ਸਾਂਝੀਆ ਕੋਸ਼ਿਸ਼ਾਂ ਰਾਹੀਂ ਲੋਕ-ਪ੍ਰਿਯਾ ਬਣਾਕੇ ਸਥਾਪਤ ਕਰਨਾ।

(2) ਕੁਸ਼ਲ ਗਾਇਕਾਂ ਦੀ ਅਵਾਜ਼ ਵਿਚ ਕਰਾਂਤੀ-ਕਾਰੀ ਗੀਤ ਰੀਕਾਰਡ ਕਰਵਾਕੇ ਮਾਰਕੀਟ ਵਿਚ ਲਿਆਉਣ ਦੀ ਕੋਸ਼ਿਸ਼ ਕਰਨਾ।

(3) ਉਚਿਤ ਸਿਖਲਾਈ ਤੇ ਲਗਾਤਾਰ ਅਭਿਆਸ ਦੁਆਰਾ ਆਪਣੀਆਂ ਨਾਟਕ ਮੰਡਲੀਆਂ ਦੀ ਅਦਾਕਾਰੀ ਤੇ ਅਭਿਨੈ ਕੌਸ਼ਲਤਾ ਦੇ ਮਿਆਰ ਨੂੰ ਹੋਰ ਵਧੇਰੇ ਅੱਛਾ ਬਣਾਉਣ ਦਾ ਪ੍ਰਬੰਧ ਕਰਨਾ।

(4) ਕੁਝ ਮਜ਼ਬੂਰੀਆਂ ਕਾਰਣ ਤੇ ਕੁਝ ਇਸ ਮਾਮਲੇ ਵਿਚ ਆਪਣੀ ਤੰਗ ਨਜ਼ਰ ਸੋਚ ਕਾਰਣ ਅਸੀਂ ਆਪਣੇ ਸਭਿਆਚਾਰਕ ਪ੍ਰੋਗਰਾਮਾਂ ਵਿਚ ਸੰਗੀਤ ਦੇ ਖੇਤਰ ਵਿਚ ਬਹੁਤ ਪਿਛੇ ਹਾਂ। ਸਭਿਆਚਾਰਕ ਪ੍ਰੋਗਰਾਮਾਂ ਵਿਚ ਸੰਗੀਤ ਦੀ ਉਚਿਤ ਵਰਤੋਂ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਤੇ ਆਪਣੀ ਇਸ ਕਮਜ਼ੋਰੀ ਨੂੰ ਦੂਰ ਕਰਨ ਲਈ ਸਾਨੂੰ ਸੰਜੀਦਾ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

(5) ਅਸੀਂ ਲੋਕ-ਪੱਖੀ ਸਾਹਿਤ-ਸਭਿਆਚਾਰ ਪ੍ਰਚਾਰਨ ਲਈ ਵਾਲ ਮੈਗਜੀਨਾਂ ਜਾਂ ਪੋਸਟਰ ਮੈਗਜੀਨਾਂ ਦੀ ਵਰਤੋਂ ਵੀ ਕਰ ਸਕਦੇ ਹਾਂ।

ਇਹਨਾਂ ਤੇ ਹੋਰ ਸਾਰੇ ਕੰਮਾਂ ਲਈ ਲੋਕ-ਪੱਖੀ ਸਭਿਆਚਾਰਕ ਗਰੁੱਪ ਨੂੰ ਨਿਸ਼ਚੇ ਹੀ ਆਪਣੀ ਕਾਰਜ

ਸਮਰਥਾ ਵਧਾਉਣੀ ਪਵੇਗੀ ਤੇ ਕਾਰਜ ਸਮਰਥਾ ਵਧਾਉਣ ਲਈ ਜ਼ਰੂਰੀ ਹੈ ਕਿ ਸਾਰੀਆਂ ਲੋਕ-ਪੱਖੀ ਸਭਿਆਚਾਰਕ ਤਾਕਤਾਂ ਦਾ ਇਕ ਸਾਂਝੇ ਮੰਚ ਵਿਚ ਏਕੀ-ਕਰਣ ਕੀਤਾ ਜਾਏ।

**ਇਕ ਸਭਿਆਚਾਰਕ ਮੰਚ ਦੀ ਲੋੜ ਬਾਰੇ**— ਅੱਜ ਪੰਜਾਬ ਵਿਚ ਲੋਕ-ਪੱਖੀ ਸਭਿਆਚਾਰ ਮੰਚ ਦੀ ਲੋੜ ਲਾਜ਼ਮੀ ਬਣ ਗਈ ਹੈ ਤੇ ਇਸ ਦੀ ਅਣਹੋਂਦ ਪਿਛਲੇ ਕਾਫੀ ਸਮੇਂ ਤੋਂ ਰੜਕ ਰਹੀ ਹੈ। ਸਾਡਾ ਪੰਜਾਬ ਦੇ ਪ੍ਰਗਤੀਸ਼ੀਲ, ਕ੍ਰਾਂਤੀਕਾਰੀ ਪੱਖੀ ਸਾਹਿਤਕਾਰਾਂ ਤੇ ਕਲਾਕਾਰਾਂ ਦਾ ਇਤਿਹਾਸਕ ਫਰਜ਼ ਬਣ ਜਾਂਦਾ ਹੈ ਕਿ ਇਕ ਵਿਸ਼ਾਲ, ਸਾਂਝੇ ਲੋਕ-ਸਭਿਆਚਾਰ ਮੋਰਚੇ ਦੀ ਉਸਾਰੀ ਕਰੀਏ ਤਾਂ ਜੋ ਲੋਕ-ਪੱਖੀ ਸਭਿਆਚਾਰ ਦੀਆਂ ਸੰਚਾਰ ਸਮੱਸਿਆਵਾਂ ਨਾਲ ਨਜਿੱਠਦੇ ਹੋਏ ਲੋਕ-ਪੱਖੀ ਸਭਿਆਚਾਰਕ ਗਰੁੱਪ ਦੀ ਕਾਰਜ ਸਮਰਥਾ ਨੂੰ ਵਧਾਇਆ ਜਾ ਸਕੇ। ਸੋ ਲੋਕ-ਪੱਖੀ ਸਭਿਆਚਾਰ ਦੇ ਸੰਚਾਰ, ਪਰਸਾਰ, ਪ੍ਰਫੁੱਲਤਾ ਤੇ ਵਿਕਾਸ ਲਈ ਜ਼ਰੂਰੀ ਤੇ ਲਾਹੇਵੰਦਾ ਹੈ ਕਿ ਲੋਕ-ਪੱਖੀ ਸਭਿਆਚਾਰਕ ਗਰੁੱਪ ਦੀਆਂ ਅਲੱਗ ਅਲੱਗ ਤਾਕਤਾਂ ਦਾ ਇਕ ਸਾਂਝੇ ਮੰਚ ਵਿਚ ਏਕੀਕਰਣ ਕੀਤਾ ਜਾਵੇ। ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਸਾਰੇ ਲੋਕ-ਪੱਖੀ ਸਭਿਆਚਾਰਕ ਗੁੱਟ ਤੇ ਤਾਕਤਾਂ ਅਲੱਗ ਅਲੱਗ ਹੁੰਦੇ ਹੋਏ ਵੀ ਇਕ ਸਾਂਝਾ ਸੁਭਾਵਿਕ ਗਰੁੱਪ ਸੰਕਲਿਤ ਕਰਦੇ ਹਨ। ਕਿਉਂਕਿ ਉਹ ਸਾਂਝੇ ਉਦੇਸ਼ ਲਈ ਕਰਮਸ਼ੀਲ ਹੁੰਦੇ ਹਨ ਤੇ ਇਹ ਸਾਂਝਾ ਉਦੇਸ਼ ਹੀ ਉਹਨਾਂ ਦੀ ਸੁਭਾਵਕ ਕਾਰਜ ਏਕਤਾ ਨੂੰ ਤੈਅ ਕਰਦਾ ਹੋਇਆ ਉਸ ਨੂੰ ਇਕ ਸਾਂਝਾ ਗਰੁੱਪ ਚਰਿਤਰ ਬਖ਼ਸ਼ਦਾ ਹੈ। ਤੇ ਏਹੀ ਸਾਂਝਾ ਗਰੁੱਪ ਚਰਿਤਰ ਉਹਨਾਂ ਦੇ ਇਕੋ ਇਕ ਲੋਕ-ਪੱਖੀ ਸਭਿਆਚਾਰਕ ਮੰਚ ਵਿਚ ਇਕੱਠੇ ਹੋਣ ਦੀ ਸੰਭਾਵਨਾ ਦੀ ਗਰੰਟੀ ਹੈ। ਸੋ ਸਾਂਝੇ ਉਦੇਸ਼ ਤੇ ਅਧਾਰਤ ਕਾਰਜ ਏਕਤਾ ਹੀ ਇਸ ਮੰਚ ਦੀ ਉਸਾਰੀ ਦਾ ਅਧਾਰ ਬਣ ਸਕਦੀ ਹੈ। ਭਾਵ ਮੰਚ ਦਾ ਐਲਾਨਨਾਮਾ ਘੱਟੋ ਘੱਟ ਸਾਂਝੇ ਪ੍ਰੋਗਰਾਮ ਤੇ ਯੂਨੀਫਾਈਡ (ਏਕੀ ਕਰਤ) ਸਾਂਝੇ ਉਦੇਸ਼ ਤੇ ਅਧਾਰਤ ਹੋਵੇ ਅਤੇ ਉਸ ਵਿਚ ਕੋਈ ਅਜਿਹੀ ਗੱਲ ਨਾ ਹੋਵੇ ਜੋ ਕਿਸੇ ਪ੍ਰਗਤੀਸ਼ੀਲ ਸਭਿਆ-ਚਾਰਕ ਤਾਕਤ ਨੂੰ ਨਿਯਮਤ ਤੌਰ ਤੇ ਮੰਚ ਵਿਚ ਆਉਣੋ ਰੋਕਦੀ ਹੋਵੇ। ਉਦਾਹਰਣ ਵਜੋਂ ਜੇ ਅਸੀਂ ਮੰਚ ਦੇ ਐਲਾਨਨਾਮੇ 'ਚ ਕਿਸੇ ਰਾਜਨੀਤਕ ਗਰੁੱਪ ਵਿਸ਼ੇਸ਼ ਦਾ ਰਾਜਨੀਤਕ ਨਿਰਣਾ ਜਾਂ 'ਸਮਝ' ਦਰਜ ਕਰ ਦਿੰਦੇ ਹਾਂ ਤਾਂ ਅਸੀਂ ਸਿਰਫ ਇਕ ਵਿਸ਼ੇਸ਼ ਸਭਿਆਚਾਰਕ ਗੁੱਟ ਦੇ ਖੇਤਰ ਵਿਚ ਖੜੇ ਹਾਂ ਜੋ ਕਿ ਇਕ ਰਾਜਨੀਤਕ ਗਰੁੱਪ ਵਿਸ਼ੇਸ਼ ਦਾ ਰਾਜਨੀਤੀ ਦੇ ਪ੍ਰਭਾਵ ਥੱਲੇ ਹੈ ਜਦ ਕਿ ਏਕੀਕਰਣ ਲਈ ਸਾਨੂੰ ਕਿਸੇ ਵਿਸ਼ੇਸ਼ ਗੁਟ ਦੇ ਖੇਤਰ ਵਿਚ ਨਹੀਂ ਸਗੋਂ ਏਕੀਕਰਣ ਦੇ ਖੇਤਰ ਵਿਚ ਜਾਣਾ ਪਵੇਗਾ। ਸਾਨੂੰ ਮੰਚ ਦੀ ਉਸਾਰੀ ਲਈ ਘੱਟੋ ਘੱਟ ਸਾਂਝੇ ਪ੍ਰੋਗਰਾਮ ਤੇ ਅਧਾਰਤ ਇਕ ਯੂਨੀਫਾਈਡ ਐਲਾਨਮਾਮਾ ਦੇਣਾ ਪਵੇਗਾ ਜੋ ਸਾਰੀਆਂ ਲੋਕ-ਪੱਖੀ ਸਭਿਆਚਾਰਕ ਤਾਕਤਾਂ ਦੇ ਏਕੀਕਰਣ ਦਾ ਖੇਤਰ ਪ੍ਰਦਾਨ ਕਰੇ। ਹਾਂ, ਅਜਿਹੇ ਮੰਚ ਵਿਚ ਹੁੰਦੇ ਹੋਏ ਵੀ ਵਿਅਕਤੀਗਤ ਤੌਰ ਤੇ ਕੋਈ ਵੀ ਸਾਹਿਤਕਾਰ ਜਾਂ ਕਲਾਕਾਰ ਆਪਣੀਆਂ ਕਿਰਤਾਂ ਵਿਚ ਕਿਸੇ ਵੀ ਰਾਜਨੀਤਕ ਨਿਰਣੇ ਜਾਂ ਰਾਜਨੀਤੀ ਵਿਸ਼ੇਸ਼ ਨੂੰ ਪੇਸ਼ ਕਰੇ ਉਸ ਤੇ ਕੋਈ ਪਾਬੰਦੀ ਨਹੀਂ ਹੈ।

**ਅੰਤਿਕਾ :**—ਸੋ ਉਪ੍ਰੋਕਤ ਸਾਰੀ ਚਰਚਾ ਤੋਂ ਅਸੀਂ ਹੇਠ ਲਿਖੇ ਸਿੱਟਿਆਂ ਤੇ ਪਹੁੰਚਦੇ ਹਾਂ:—

(1) ਸਮਾਜ ਦਾ ਆਰਥਕ ਅਧਾਰ ਹੀ ਸਮਾਜ ਦੇ ਸਭਿਆਚਾਰਕ ਦਾ ਜਨਰੇਟਰ (ਉਤਪਾਦਕ) ਹੈ।

(2) ਲੋਕ-ਪੱਖੀ ਸਭਿਆਚਾਰ ਅਜਿਹਾ ਸਭਿਆ-ਚਾਰ ਹੈ ਜੋ ਲੋਕ-ਚੇਤਨਾ ਨੂੰ ਸਮਾਜਕ ਵਿਕਾਸ ਦੀ ਦਿਸ਼ਾ ਵਿਚ ਸੇਧਤ ਕਰਦਾ ਹੋਇਆ ਲੋਕਾਂ ਨੂੰ ਕ੍ਰਾਂਤੀ ਦੀ ਪ੍ਰੇਰਨਾ ਦੇਣ ਲਈ ਕਰਮਸ਼ੀਲ ਹੋਵੇ।

(3) ਲੋਕ-ਪੱਖੀ ਸਭਿਆਚਾਰ ਨੂੰ ਅਗਾਂਹ ਖੜਨ ਲਈ ਇਸ ਸਮੇਂ ਇਕ ਵਿਸ਼ਾਲ ਸਾਂਝੇ ਸਭਿਆਚਾਰਕ ਮੰਚ ਦੀ ਫੌਰੀ ਜ਼ਰੂਰਤ ਹੈ।

(4) ਐਸੇ ਮੰਚ ਦੀ ਸਫਲ ਉਸਾਰੀ ਘੱਟੋ ਘੱਟ ਸਾਂਝੇ ਪ੍ਰੋਗਰਾਮ ਤੇ ਅਧਾਰਤ ਕਾਰਜ ਏਕਤਾ ਰਾਹੀਂ ਹੀ ਹੋ ਸਕਦੀ ਹੈ।

**ਰੇਖਾ ਚਿੱਤਰ ਦੀ ਵਿਆਖਿਆ** :—ਸਮਾਜ ਦੇ ਆਰਥਕ ਅਧਾਰ ਤੋਂ ਸਮਾਜ ਦਾ 'ਸੁਭਾਵਕ ਸਭਿਆਚਾਰ' ਪੈਦਾ ਹੁੰਦਾ ਹੈ। ਜਦੋਂ ਸਮਾਜ ਦਾ ਬੁੱਧੀ ਜੀਵੀ ਤਬਕਾ ਇਸ ਸਭਿਆਚਾਰ ਨੂੰ ਆਪਣੀਆਂ ਕਲਾ-ਕਿਰਤਾਂ ਰਾਹੀਂ ਪ੍ਰਚਾਰਦਾ ਹੈ ਤਾਂ ਦੋ ਸਭਿਆਚਾਰਕ ਗਰੁੱਪਾਂ ਦਾ ਜਨਮ ਹੁੰਦਾ ਹੈ, ਲੋਕ-ਪੱਖੀ ਤੇ ਲੋਕ ਵਿਰੋਧੀ ਸਭਿਆਚਾਰਕ ਗਰੁੱਪ। ਕਿਉਂਕਿ ਸਾਰੀਆਂ ਲੋਕ-ਪੱਖੀ ਸਭਿਆਚਾਰਕ ਤਾਕਤਾਂ ਸਮੁੱਚੇ ਰੂਪ ਵਿਚ ਸਮਾਜਕ ਵਿਕਾਸ ਦੀ ਦਿਸ਼ਾ ਵਿਚ ਕਰਮਸ਼ੀਲ ਹੁੰਦੀਆਂ ਹਨ, ਇਸ ਲਈ ਰਾਜਨੀਤਕ ਸਮਝ ਵਿਸ਼ੇਸ਼ ਵਿਚ ਮੱਤਭੇਦ ਹੁੰਦਿਆ ਹੋਇਆਂ ਵੀ ਉਹਨਾਂ ਦਾ ਏਕੀਕਰਣ ਹੋ ਸਕਦਾ ਹੈ। ਪਰ ਇਹ ਏਕੀਕਰਣ ਅਲੱਗ ਅਲੱਗ ਰਾਜਨੀਤਕ ਸਮਝ ਦੇ ਖੇਤਰ ਵਿਚ ਨਹੀਂ ਸਗੋਂ ਏਕੀਕਰਣ ਦੇ ਖੇਤਰ ਵਿਚ ਹੀ ਹੋਏਗਾ, ਤੇ ਏਕੀਕਰਣ ਦਾ ਇਹ ਖੇਤਰ ਘੱਟੋ ਘੱਟ ਸਾਂਝੇ ਪ੍ਰੋਗਰਾਮ ਤੇ ਅਧਾਰਤ ਇਕ ਯੂਨੀਫਾਈਡ ਐਲਾਨਨਾਮੇ ਦੁਆਰਾ ਤਹਿ ਕੀਤਾ ਜਾ ਸਕਦਾ ਹੈ। □

(ਇਹ ਪੇਪਰ 14 ਮਾਰਚ 1982 ਨੂੰ ਨਸਰਾਲੀ (ਲੁਧਿਆਣਾ) ਵਿਖੇ ਹੋਏ **ਪੰਜਾਬ ਸਭਿਆਚਾਰਕ** ਮੇਲੇ ਵਿਚ ਪੜ੍ਹਿਆ ਤੇ ਵਿਚਾਰਿਆ ਗਿਆ।)

## ਪਾਠਕ ਲੇਖਕ ਫੋਰਮ

### ਵਿਦਿਅਕ ਮਸਲਾ—ਨੁਕਸ ਕਿੱਥੇ ਹੈ ? ਦੋਸ਼ੀ ਕੌਣ ਹੈ ?(2)

'ਸਮਤਾ' ਫ਼ਰਵਰੀ ਵਿਚ ਵਿਦਿਅਕ ਢਾਂਚੇ ਅੰਦਰ ਹੋਈ ਆਧੋਗਤੀ ਦਾ ਕਾਰਨ ਅਤੇ ਉਪਾ ਦੱਸਦਿਆਂ, ਇਸ ਖੇਤਰ ਨਾਲ ਸਿੱਧੇ ਸੰਬੰਧਤ ਪੰਜ ਵਿਅਕਤੀਆਂ ਨੇ ਆਪਣੇ ਵਿਚਾਰ ਪ੍ਰਗਟਾਏ ਸਨ । ਇਸੇ ਹੀ ਵਿਸ਼ੇ ਤੇ ਕੁਝ ਹੋਰ ਵਿਅਕਤੀਆਂ ਨੇ, ਜਿਹਨਾਂ ਉਤੇ ਇਸ ਨਿਘਾਰ ਦਾ ਸਿੱਧਾ ਅਸਰ ਹੋਇਆ ਹੈ, ਵੀ ਹੇਠ ਲਿਖੇ ਅਨੁਸਾਰ ਆਪਣਾ ਗਿਲਾ ਪ੍ਰਗਟ ਕੀਤਾ ਹੈ :—

ਗਿਆਨੀ ਕਾਬਲ ਸਿੰਘ ਸੋਹਲ, ਸਕੂਲੀ ਵਿਦਿਆ ਪੱਖੋਂ ਭਾਵੇਂ ਦਸਵੀਂ ਪਾਸ ਹੀ ਹਨ, ਪਰ ਵਿਸ਼ਾਲ ਤਕਨੀਕੀ ਅਭਿਆਸ ਸਦਕਾ ਖੇਤੀਬਾੜੀ ਨਾਲ ਸੰਬੰਧ ਸਭ ਕਿਸਮ ਦੀ ਮਸ਼ੀਨਰੀ ਦੀ ਰੀਪੇਅਰ ਤੋਂ ਲੈ ਕੇ ਬਿਜਲੀ ਦੀਆਂ ਮੋਟਰਾਂ ਬਣਾਉਣ ਦੇ ਯੋਗ ਹੋਣ ਕਰਕੇ, ਮੁਕੇਰੀਆਂ ਅੰਦਰ ਆਪਣੀ ਵਰਕਸ਼ਾਪ ਚਲਾ ਰਹੇ ਹਨ । ਵਿਦਿਅਕ ਖੇਤਰ ਅੰਦਰ ਆਏ ਨਿਘਾਰ ਦੇ ਕਾਰਨ ਪ੍ਰਗਟਾਉਂਦਿਆਂ, ਉਹਨਾਂ ਆਖਿਆ, ਕਿ ਸਾਡੇ ਦੇਸ਼ ਦੇ ਹਰ ਖੇਤਰ ਜਿਵੇਂ ਇੰਡਸਟਰੀ ਜਾਂ ਖੇਤੀ ਦੀ ਉਪਜ ਅੰਦਰ ਗਿਣਤਾਤਮਿਕ ਵਾਧਾ ਤਾਂ ਹੋਇਆ ਹੈ, ਪਰ ਗੁਣ-ਆਤਮਿਕ ਉੱਨਤੀ ਦੀ ਥਾਂ ਅਧੋਗਤੀ ਹੋਈ ਹੈ, ਭਾਵ ਕਿਸੇ ਵੀ ਉਪਜ ਦੀ 'ਕੁਆਲੇਟੀ' ਕਾਇਮ ਨਹੀਂ ਰੱਖੀ ਗਈ । ਉਹਨਾਂ ਦਾ ਇਸ਼ਾਰਾ ਆਈ. ਟੀ. ਆਈ. ਤੇ ਪਾਲੀਟੈਕਨਿਕ ਸੰਸਥਾਵਾਂ ਵਲ ਸੀ; ਜਿਹੜੀਆਂ ਹਰ ਸਾਲ ਹਜ਼ਾਰਾਂ ਵਿਦਿਆਰਥੀਆਂ ਨੂੰ ਹੱਥੀਂ ਸਰਟੀਫ਼ੀਕੇਟ ਤਾਂ ਫੜਾਉਂਦੀਆਂ ਹਨ, ਪਰ ਅਭਿਆਸ ਪੱਖੋਂ ਉਹ ਉਹਨਾਂ ਨੂੰ ਆਪਣੀ ਟਰੇਡ ਦਾ ਊੜਾ-ਐੜਾ ਵੀ ਨਹੀਂ ਸਿਖਾਉਂਦੀਆਂ । ਉਹਨਾਂ ਬੜੇ ਗੌਰਵ ਨਾਲ ਆਖਿਆ ਕਿ ਪਿਛਲੇ ਤੀਹ ਪੈਂਤੀ ਸਾਲਾਂ ਵਿਚ ਅਨੇਕਾਂ ਸਿਖਿਆ-ਰਥੀ ਉਹਨਾਂ ਪਾਸੋਂ ਤਕਨੀਕੀ ਗੁਣ ਪ੍ਰਾਪਤ ਕਰਕੇ ਆਪਣੀਆਂ ਵਰਕਸ਼ਾਪਾਂ ਚਲਾ ਰਹੇ ਹਨ । ਉਹਨਾਂ ਬੜੇ ਜ਼ੋਰਦਾਰ ਸ਼ਬਦਾਂ ਵਿਚ ਆਖਿਆ, ਕਿੰਨਾਂ ਚੰਗਾ ਹੋਵੇ ਕਿ ਸਾਰੇ ਮਿਡਲ ਤੇ ਹਾਈ ਸਕੂਲਾਂ ਦੀ ਅਜੋਕੀ ਹੋਂਦ ਖਤਮ ਕਰਕੇ, ਇਹਨਾਂ ਨੂੰ ਤਕਨੀਕੀ ਸਕੂਲ ਬਣਾ ਦਿੱਤਾ ਜਾਵੇ ।

ਪ੍ਰਇਮਰੀ ਦੀ ਕੱਚੀ ਨੀਂਹ, ਵਿਦਿਆ ਦਾ ਫ਼ਜ਼ੂਲ ਦਾ ਭਾਰ, ਅਧਿਆਪਕਾਂ ਅੰਦਰ ਜ਼ੁਮੇਂਦਾਰੀ ਦੀ ਘਾਟ, ਸਕੂਲਾਂ ਦਾ ਰੁੱਖਾ ਵਾਤਾਵਰਨ ਵਰਗੇ ਤੱਥਾਂ ਨੂੰ ਵਿਦਿਅਕ ਖੇਤਰ ਅੰਦਰ ਆਏ ਨਿਘਾਰ ਦੇ ਦੱਸਣ ਉਪਰੰਤ, ਉਹਨਾਂ ਬੜੇ ਸਪਸ਼ਟ ਸ਼ਬਦਾਂ ਵਿਚ ਆਖਿਆ ਕਿ ਅਠਵੀਂ ਦਸਵੀਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਜਿਹੜੇ ਵਿਦਿਆਰਥੀ ਪੜ੍ਹਾਈ ਤੋਂ ਬੇਮੁੱਖ ਹੋ ਜਾਂਦੇ ਹਨ, ਉਹਨਾਂ ਤੋਂ ਵਿਦਿਆਰਥੀ ਨਿਲਾਇਕ ਹੋਣ ਵਰਗਾ ਨਿਰਨਾ ਕੱਢਣ ਦੀ ਥਾਂ, ਸੰਬੰਧਤ ਸੰਸਥਾਵਾਂ ਨੂੰ ਆਪਣਾ ਕਸੂਰ ਕਬੂਲ ਲੈਣਾ ਚਾਹੀਦਾ ਹੈ ।

ਡਰਾਈਵਰ ਹਰਨਾਮ ਸਿੰਘ ਨੰਬਰ 166, ਪਠਾਨਕੋਟ ਡੀਪੂ, ਦੇ ਵਿਚਾਰਾਂ ਅਨੁਸਾਰ ਸਾਡੀ ਵਿਦਿਅਕ ਪ੍ਰਣਾਲੀ ਅੰਦਰ ਆਏ ਨਿਘਾਰ ਦੇ ਕਾਰਨ, ਅੰਗਰੇਜ਼ੀ ਅਤੇ ਸਰਕਾਰੀ ਸਕੂਲਾਂ ਅੰਦਰ ਪੜ੍ਹਾਈਆਂ ਜਾਂਦੀਆਂ ਕਿਤਾਬਾਂ ਦਾ ਫ਼ਰਕ, ਪਿੰਡਾਂ ਦੇ ਸਕੂਲਾਂ ਨੂੰ ਲੋੜੀਂਦੀਆਂ ਸਹੂਲਤਾਂ ਦੀ ਘਾਟ, ਆਰਥਿਕ ਸੰਕਟ ਵਿਚ ਗ੍ਰਸੇ ਮਾਂ-ਬਾਪ ਵਲੋਂ ਆਪਣੇ ਬੱਚਿਆਂ ਦੀ ਪੜ੍ਹਾਈ ਵਲ ਰਹਿੰਦੀ ਬੇਧਿਆਨੀ, ਰਾਜਸੀ ਪਾਰਟੀਆਂ ਦਾ ਸਕੂਲਾਂ ਅੰਦਰ ਬੇਲੋੜਾ ਦਖ਼ਲ ਸਿਨੇਮਾ-ਟੈਲੀਵੀਜ਼ਨ ਅਤੇ ਗੰਦੇ ਗੀਤਾਂ ਦੀ ਹੋਂਦ ਹਨ । ਸੁਝਾ ਵਜੋਂ ਉਹਨਾਂ ਕਿਤਾਬਾਂ ਦੀ ਇੱਕਸਾਰਤਾ, ਅਫ਼ਸਰਸ਼ਾਹੀ ਤੋਂ ਫ਼ਾਲਤੂ ਦਖ਼ਲ ਅੰਦਾਜ਼ੀ ਤੇ ਰੋਕ, ਮੁਫ਼ਤ ਤੇ ਲਾਜ਼ਮੀ ਵਿਦਿਆ, ਅਤੇ ਗਰੀਬ ਤੇ ਅਮੀਰ ਵਿਦਿਆ ਦਾ ਪਾੜਾ ਖ਼ਤਮ ਕਰਕੇ ਇਸ ਦਾ ਕੌਮੀਕਰਨ ਕਰਨ ਦੀ ਪੁਰਜ਼ੋਰ ਸਫ਼ਾਰਸ਼ ਕੀਤੀ ।

ਸ੍ਰੀ ਬਿਸ਼ੰਮਬਰ ਨਾਥ ਮੱਕੜ, ਸਾਬਕਾ ਸੰਨਤ ਮੰਤਰੀ, ਜੋ ਇਕ ਮਾਡਲ ਸਕੂਲ, ਇਕ ਪ੍ਰਾਈਵੇਟ ਹਾਈ ਸਕੂਲ ਅਤੇ ਇਕ ਡਿਗਰੀ ਕਾਲਜ ਦੇ ਕਰਤਾ-ਧਰਤਾ ਵੀ ਹਨ, ਨੇ ਵਿਦਿਅਕ ਢਾਂਚੇ ਵਿਚ ਆਈ ਗਿਰਾਵਟ ਦੇ ਕਾਰਨ ਦੱਸਣ ਵਿਚ ਸਪਸ਼ਟਤਾ ਪ੍ਰਗਟਾਉਣ ਵਿਚ ਭਾਵੇਂ ਕਾਫ਼ੀ ਹਿਚਕਚਾਹਟ ਵਰਤੀ, ਪਰ ਫਿਰ ਵੀ ਰਾਸ਼ਟਰ-ਪੱਧਰ ਉੱਤੇ ਕੌਮੀ-ਚਰਿੱਤਰ ਵਿਚ ਆਈ ਗਿਰਾਵਟ ਨੂੰ ਇਸ ਦਾ ਮੁੱਖ ਕਾਰਨ ਦੱਸਿਆ । ਵਿਦਿਅਕ ਖੇਤਰ ਅੰਦਰ ਆਏ ਪਸਾਰ ਨੂੰ ਸਵੀਕਾਰਦਿਆਂ ਉਹਨਾਂ ਇਸ ਦਾ ਕਾਰਨ ਹੋਰਨਾਂ ਖੇਤਰਾਂ ਵਿਚ ਹੋਈ ਉੱਨਤੀ ਦੱਸਿਆ । ਵਿਦਿਆਰਥੀਆਂ ਅੰਦਰ ਅਧਿ-ਆਪਕ ਪ੍ਰਤੀ ਘੱਟੇ ਸਨਮਾਨ, ਅਤੇ ਅਧਿਆਪਕ ਨੂੰ ਆਰਥਿਕ ਪੱਖੋਂ ਮਿਲੀ ਤਰੱਕੀ ਦੇ ਬਾਵਜੂਦ ਵੀ ਉਸ ਅੰਦਰ ਆਈ ਜ਼ੁਮੇਂਦਾਰੀ ਦੀ ਭਾਵਨਾ ਦੀ ਘਾਟ ਨੂੰ ਉਹਨਾਂ ਪੜ੍ਹਾਈ ਦੇ ਡਿਗਦੇ ਮਿਆਰ ਦੇ ਹੋਰ ਕਾਰਨ ਦੱਸਿਆ । ਅਜੋਕੇ ਸਲੇਬਸ ਨੂੰ ਉਹਨਾਂ ਪੁਰਾਣਾ ਚੱਲਿਆ ਆ ਰਿਹਾ ਆਖ ਕੇ, ਇਸ ਦੇ ਕਿੱਤਾਕਰਨ ਵਲ ਧਿਆਨ ਨਾ ਦੇਣ ਦਾ ਕਾਰਨ, ਸਰਕਾਰ ਦਾ ਹੋਰਨਾਂ ਕੰਮਾਂ ਵਲ ਵੱਧ 'ਰੁਝੇਵਾਂ' ਆਖਿਆ । ਉਹਨਾਂ ਪਬਲਿਕ ਤੇ ਨਰਸਰੀ ਸਕੂਲਾਂ ਦੇ ਹੱਕ ਵਿਚ ਬੋਲਦਿਆਂ ਕਿਹਾ ਕਿ ਇਹ ਸ਼ੁਰੂ ਤੋਂ ਹੀ ਬੱਚੇ ਨੂੰ ਬੈਠਣਾ, ਉੱਠਣਾ, ਸਾਫ਼ ਕਪੜੇ ਪਾਉਣ ਦੀ ਸਿਖਾਲੀ ਕਰਨ ਵਿਚ ਸਹਾਇਤਾ

ਕਰਦੇ ਹਨ, ਬੱਚਿਆਂ ਅੰਦਰ ਉੱਚ-ਭਾਵਨਾ ਪੈਦਾ ਕਰਦੇ ਹਨ, ਅਤੇ ਪੜ੍ਹਾਈ ਕਰਨ ਦੀ ਰੁਚੀ ਨੂੰ ਪ੍ਰਫੁਲਤ ਕਰਦੇ ਹਨ। ਸਰਕਾਰੀ ਅਤੇ ਸਧਾਰਨ ਸਕੂਲਾਂ ਵਿਚ ਪੜ੍ਹਾਈ ਸਮਗਰੀ ਦੀ ਘਾਟ ਦਾ ਕਾਰਨ ਉਹਨਾਂ ਸਰਕਾਰਾਂ ਪਾਸ ਫੰਡਾਂ ਦੀ ਘਾਟ ਆਖਿਆ। ਅਧਿਆਪਕ ਵਲੋਂ ਕੀਤੀ ਜਾਂਦੀ ਅਣਗਹਿਲੀ ਦਾ ਕਾਰਨ ਉਹਨਾਂ ਅਧਿ-ਆਪਕ ਨੂੰ ਭ੍ਰਿਸ਼ਟਾਚਾਰ ਦਾ ਕੋਈ ਸਾਧਨ ਉਪਲੱਬਧ ਨਾਹ ਹੋਣਾ ਸਮਝਿਆ। ਸਕੂਲਾਂ ਤੋਂ ਘਰੀਂ 'ਕੋਰੇ' ਮੁੜਦੇ ਵਿਦਿਆਰਥੀਆਂ ਦੇ ਮਾਪਿਆਂ ਵਲੋਂ ਵੀ ਇਸ ਪ੍ਰਤੀ ਬੇਧਿਆਨ ਹੋਣ ਦਾ ਕਾਰਨ ਉਹਨਾਂ ਆਖਿਆ ਕਿ ਸਾਡੀ ਜੰਤਾ ਅੰਦਰ ਸਹਿਨਸ਼ੀਲਤਾ ਦੀ 'ਇੰਨਤਾਹ' ਹੈ। ਸਕੂਲਾਂ ਦਾ ਪ੍ਰਬੰਧ ਪੰਚਾਇਤਾਂ ਹੱਥ ਦਿੱਤੇ ਜਾਣ ਨੂੰ ਉਚਿਤ ਆਖਦਿਆਂ ਉਹਨਾਂ ਉਦਾਹਰਣ ਦਿੱਤੀ ਕਿ ਉਹ ਵੱਡੇ ਪੰਜਾਬ ਦੀ ਤਿੰਨ-ਭਾਗਾਂ ਵਿਚ ਹੋਈ ਵੰਡ ਨੂੰ ਵੀ ਠੀਕ ਸਮਝਦੇ ਹਨ, ਕਿਉਂਕਿ ਇਸ ਨਾਲ ਤਿੰਨਾਂ ਮੁਕਾਬਲੇ ਦੀ ਭਾਵਨਾ ਵਧੀ ਹੈ। ਕਈ ਘਰ ਸਰਕਾਰਾਂ ਵਲੋਂ ਵਿਦਿਅਕ ਖੇਤਰ ਅੰਦਰ ਰੈਡੀਕਲ-ਸੁਧਾਰ ਕਰਨ ਲਈ ਦਿੱਤੇ ਬਿਆਨਾਂ ਤੇ ਹੋਏ ਅਮਲ ਦਾ ਕਾਰਨ ਉਹਨਾਂ ਕਿਹਾ ਕਿ ਸਾਡੇ ਦੇਸ਼ ਅੰਦਰ ਮਾਰ-ਧਾੜ ਵਾਲੀ ਸਥਿਤੀ ਬਣੀ ਹੋਈ ਹੈ, ਹਰ ਕੋਈ ਨਿੱਜੀ ਲਾਭ ਦੀ ਗੱਲ ਸੋਚਦਾ ਹੈ। ਲੋਕਾਂ ਬਾਰੇ ਸੋਚਣ ਦੀ ਵਿਹਲ ਹੀ ਕਿਸਨੂੰ ਹੈ।

ਪ੍ਰਦੇਸ਼ ਕਾਂਗਰਸ (ਐਸ) ਦੀ ਪੰਜਾਬ ਇਕਾਈ ਦੇ ਜਨਰਲ ਸਕੱਤਰ ਸ੍ਰੀ ਕੁਮਾਰ ਸੈਣੀ ਨੇ ਇਸ ਵਿਸ਼ੇ ਤੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਬੜੀ ਸਾਫ਼ਗੋਈ ਤੋਂ ਕੰਮ ਲੈਂਦਿਆਂ ਆਖਿਆ ਕਿ ਭਾਵੇਂ ਸਕੂਲਾਂ-ਕਾਲਜਾਂ ਦੀ ਵਧੀ ਹੋਈ ਗਿਣਤੀ ਤੋਂ ਅਜੋਕੀ ਵਿੱਦਿਆ ਅੰਦਰ ਬਹੁਤ 'ਪਸਾਰ' ਹੋਇਆ ਜਾਪਦਾ ਹੈ, ਪਰ ਇਸ ਨਾਲ ਸਾਡੀ ਕਿਸੇ ਵੀ ਪੀੜੀ ਦਾ ਸਰਬਪੱਖੀ ਵਿਕਾਸ ਨਹੀਂ ਹੋਇਆ। ਇਸ ਦਾ ਮੁੱਖ ਕਾਰਨ ਉਹਨਾਂ ਵਿਦਿਆ-ਰਥੀਆਂ ਅੰਦਰ 'ਲਿਬਰਟੀ ਐਂਡ ਪੀਸ' ਦੇ ਉਦੇਸ਼ਾਂ ਨੂੰ ਮੁੱਖ ਰੱਖਦਿਆਂ, ਆਜ਼ਾਦੀ ਦੀ ਲੜਾਈ ਅੰਦਰ ਜੂਝੀਆਂ ਅਨੇਕਾਂ ਦੇਸ਼ ਭਗਤ ਸ਼ਖਸ਼ੀਅਤਾਂ ਦੀਆਂ ਜੀਵਨੀਆਂ ਰਾਹੀਂ ਅੱਜ ਦੀ ਪੀੜ੍ਹੀ ਅੰਦਰ ਦੇਸ਼ ਭਗਤੀ ਦਾ ਜਜ਼ਬਾ ਭਰਨ ਦੀ ਥਾਂ, ਅਸੀਂ ਗਜ਼ਨਵੀ ਅਤੇ ਗੌਰੀ ਦੇ ਹਮਲਿਆਂ ਤੇ ਸੋਮਨਾਥ ਦੇ ਮੰਦਰਾਂ ਦੀ ਲੁੱਟ ਦੇ ਕਾਂਢ ਪੜ੍ਹਾ ਕੇ ਆਪਣੇ ਵਿਦਿਆਰਥੀਆਂ ਅੰਦਰ ਗੁਲਾਮੀ ਅਤੇ ਹੀਣਤਾ ਦੀ ਭਾਵਨਾ ਹੀ ਭਰਦੇ ਆ ਰਹੇ ਹਾਂ। ਦੇਸ਼ ਨੂੰ ਰਾਜਨੀਤਕ ਆਜ਼ਾਦੀ ਮਿਲਣ ਉਪਰੰਤ ਵੀ ਘਸੀਆਂ-ਪਿਟੀਆਂ ਕੀਮਤਾਂ ਦੀ ਜਾਣਕਾਰੀ ਦੇਣ ਵਾਲੀ ਵਿਦਿਆਂ ਪੜ੍ਹਾਉਣ ਦੀ ਥਾਂ ਆਧੁਨਿਕ ਕੰਮਪਲੈਕਸ ਸਮਾਜ ਦੀ ਜਾਣਕਾਰੀ ਦੇਣ ਵਾਲੀ ਸ਼ਿਖਸ਼ਾ ਦੇਣ ਵਲ ਕੋਈ ਉਪਰਾਲਾ ਨਹੀਂ ਕੀਤਾ। ਇਥੋਂ ਤੱਕ ਕਿ ਕੌਮੀ, ਸੰਗਠਨ ਹਿੱਤ ਦੇਸ਼ ਅੰਦਰ ਬੋਲੀਆਂ ਜਾਂਦੀਆਂ ਸਾਰੀਆਂ ਬੋਲੀਆਂ ਨੂੰ ਵੀ ਇਕ ਦੂਜੀ ਦੇ ਲਾਗੇ ਲਿਆਉਣ ਦੀ ਥਾਂ ਉੱਤਰ ਅਤੇ ਦੱਖਣ ਦੇ ਪਾੜੇ ਨੂੰ ਵਧਾਉਣ ਲਈ ਇਕ ਹਥਿਆਰ ਵਜੋਂ ਵਰਤਿਆ ਹੈ। ਇਕ ਨਿੱਜੀ ਉਦਾਹਰਣ ਰਾਹੀਂ, ਉਹਨਾਂ ਆਪਣੇ ਕਾਫੀ-ਹਾਊਸ ਵਿਚ ਕੇਰਲਾ ਪ੍ਰਾਂਤ ਦੇ ਚਾਰ ਵਿਅਕਤੀਆਂ ਦੇ ਬੱਚਿਆਂ ਨਾਲ ਆਪਣੇ ਬੱਚਿਆਂ ਦੀ ਗੂੜੀ ਸਾਂਝ ਦਾ ਕਾਰਨ ਕੰਨੜ ਅਤੇ ਪੰਜਾਬੀ ਬੋਲੀ ਦੱਸਿਆ ਅਤੇ ਸੁਝਾਅ ਦਿੱਤਾ ਕਿ ਪ੍ਰਾਇਮਰੀ ਪੱਧਰ ਤੱਕ ਫਜ਼ੂਲ ਦੇ ਵਿਸ਼ਿਆਂ ਦੀ ਥਾਂ ਬੱਚਿਆਂ ਨੂੰ ਮਾਤ-ਭਾਸ਼ਾ ਤੋਂ ਉਪਰੰਤ ਵੱਧ ਤੋਂ ਵੱਧ ਪ੍ਰਾਂਤਿਕ ਬੋਲੀਆਂ ਸਿਖਾਉਣੀਆਂ ਚਾਹੀਦੀਆਂ ਹਨ ਤਾਂ ਕਿ ਦੇਸ਼ ਦੇ ਹਰ ਭਾਗ ਅੰਦਰ ਵਸਦੇ ਬੱਚੇ ਨੂੰ ਰਾਸ਼ਟਰੀ ਸੂਝ ਦਿੱਤੀ ਜਾ ਸਕੇ।

ਅਜੋਕੇ ਪਾਠ ਕਰਮ ਨੂੰ ਬੇਲੋੜਾ ਦਸਦਿਆਂ, ਦਸਦਿਆਂ, ਉਹਨਾਂ ਪ੍ਰਾਇਮਰੀ ਜਮਾਤਾਂ ਪਾਸ ਕਰਨ ਉਪਰੰਤ ਹੀ ਪੂਰਨ-ਕਿੱਤਾ ਕਰਨ ਦੀ ਸਫ਼ਾਰਸ਼ ਕੀਤੀ ਤਾਂ ਕਿ ਮਿਡਲ ਸਟੈਂਡਰਡ ਤੱਕ ਹੁੰਦੀ 'ਵੇਸ਼ਟੇਜ਼ ਐਂਡ ਸਟੈਗਨੇਸ਼ਨ' ਵੀ ਰੋਕੀ ਜਾ ਸਕੇ। ਮੌਜੂਦਾ ਕਿਤੇ ਕਿਤੇ ਕਿੱਤਾ ਕ੍ਰਿਤ ਪਾਠਕਰਮ ਨੂੰ ਉਹਨਾਂ ਬਿਲਕੁਲ ਖਾਨਾਪੂਰੀ ਆਖਿਆ ਜਿਸ ਵਿਚ ਪੰਜ ਸੌ ਵਿਦਿਆਰਥੀਆਂ ਵਾਲੀ ਸੰਸਥਾ ਅੰਦਰ ਕੇਵਲ ਪੰਜਾਹ ਲਈ ਹੀ ਪੂਰਾ ਸਾਜ਼-ਸਾਮਾਨ ਉਪਲਭਦ ਹੈ। ਅਜੋਕੇ ਇਮਤਿਹਾਨੀ ਪ੍ਰਬੰਧ ਨੂੰ ਵੀ ਉਹਨਾਂ ਨਾਕਸ ਗਰਦਾਨਦਿਆਂ ਕਿਹਾ ਕਿ ਇਹ ਵਿਦਿਆਰਥੀ ਨੂੰ 'ਕਰਈਏਟਿਵ' ਬਣਾਉਣ ਦੀ ਥਾਂ 'ਕਰੈਮਰ' ਬਣਾਉਂਦੇ ਹਨ।

ਪ੍ਰਾਈਵੇਟ ਅਦਾਰਿਆਂ ਜਿਵੇਂ ਡੀ. ਏ. ਵੀ ਸੰਸਥਾਵਾਂ ਦੀ ਕਾਰਗੁਜ਼ਾਰੀ ਦੀ ਉਦਾਰਣ ਨਾਲ ਵਿਦਿਆ ਦੇ ਪ੍ਰਾਈਵੇਟ ਹੱਥਾਂ ਵਿਚ ਦਿੱਤੇ ਜਾਣ ਦੇ ਪ੍ਰਸ਼ਨ ਦਾ ਉੱਤਰ ਦੇਂਦਿਆਂ ਉਹਨਾਂ ਕਿਹਾ ਕਿ ਇਹ ਠੀਕ ਹੈ ਕਿ ਮਿਸ਼ਨਰੀ ਸਪਿਰਟ ਅਤੇ ਤਿਆਗ ਦੀ ਭਾਵਨਾਂ ਕਾਰਨ ਇਹਨਾਂ ਸੰਸਥਾਵਾਂ ਨੇ ਕਿਸੇ ਸਮੇਂ ਸਾਡੇ ਕਲਚਰ ਦੀ ਰਾਖੀ ਕੀਤੀ, ਪਰ ਅੱਜ ਸੁੰਗੜ ਚੁੱਕੀ ਦੁਨੀਆਂ ਅੰਦਰ ਇਲਾਕਾਬਾਦ ਤੋਂ ਉੱਪਰ ਉੱਠਕੇ, ਦੇਸ਼ ਹਿੱਤਾਂ ਦੀ ਪ੍ਰਮੁੱਖ ਲੋੜ ਨੂੰ ਧਿਆਨ ਵਿਚ ਰੱਖਦਿਆਂ ਇਹਨਾਂ ਸੰਸਥਾਵਾਂ ਅਤੇ ਸਮੁੱਚੀ ਵਿਦਿਆ ਦਾ ਕੌਮੀਕਰਨ ਕਰਨਾ ਬਹੁਤ ਹੀ ਜ਼ਰੂਰੀ ਹੈ। ਕਾਨਵੈਂਟ ਅਤੇ ਪਬਲਿਕ ਸਕੂਲਾਂ ਨੂੰ ਉਹਨਾਂ ਸਾਡੇ ਸਭਿਆਚਾਰ ਉੱਤੇ ਨੰਗਾ ਚਿੱਟਾ ਹਮਲਾ ਗਰਦਾਨਦਿਆਂ ਸੁਚੇਤ ਕੀਤਾ ਕਿ ਅਜੋਕੀ ਸਥਿਤੀ ਵਿਚ, ਇਹ ਅਤੇ ਹੋਰ ਪ੍ਰਾਈਵੇਟ ਸੰਸਥਾਵਾਂ ਵੱਖ-ਵੱਖ ਧਰਮਾਂ ਦੀ ਆੜ ਹੇਠ, ਵੱਖ ਵੱਖ ਕਿਸਮਾਂ ਦੀਆਂ ਪ੍ਰਾਰਥਨਾਵਾਂ ਰਾਹੀਂ ਬੱਚਿਆਂ ਦੇ ਸੁੱਚੇ ਮਨਾਂ ਅੰਦਰ ਵੈਰ-ਵਿਰੋਧ ਦੀ ਭਾਵਨਾਂ ਭਰਕੇ,

ਇਲਾਕਾਵਾਦ, ਜਾਤੀਵਾਦ ਆਦਿ ਦੀਆਂ ਧਾਰਨਾਵਾਂ ਬਣਾਕੇ ਆਪਸੀ ਖੂਨ-ਖਰਾਬ ਕਰਦੀਆਂ ਹਨ ਅਤੇ ਸਥਾਪਤੀ ਦੀ ਸੇਵਾ ਕਰਦੀਆਂ ਹਨ ਇਸ ਦੇ ਇਲਾਜ ਵਜੋਂ ਉਹਨਾਂ ਦੇਸ਼ ਅੰਦਰ ਇਕ-ਸਾਰ ਪਾਠ-ਕਰਮ, ਇਕ-ਸਾਰ ਵਰਦੀ, ਖੇਤਰੀ ਲੋੜਾਂ ਅਨੁਸਾਰ ਕਿੱਤਾ ਕਰਨ ਦਾ ਸੁਝਾ ਦਿੱਤਾ ਤਾਂ ਕਿ ਸਾਧਾਰਣ ਸਕੂਲਾਂ ਅੰਦਰ੍ਹ ਪੜ੍ਹਦੇ ਗਰੀਬ ਬੱਚਿਆਂ ਦੇ ਮਨਾਂ ਅੰਦਰ ਉਤਪਨ ਹੋਈ ਹੀਣਭਾਵਨਾਂ ਤੋਂ ਛੁਟਕਾਰਾ ਪਾ ਕੇ ਸਮੁੱਚੀ ਕੌਮ ਦੇ ਬੱਚਿਆਂ ਦੇ ਵਿਕਾਸ ਅੰਦਰ ਇਕ ਸਾਰਤਾ ਲਿਆਂਦੀ ਜਾ ਸਕੇ।

ਅਧਿਆਪਕਾਂ ਸੰਬੰਧੀ ਉਹਨਾਂ ਅਪਣਾ ਪ੍ਰਤੀਕਰਮ ਦਰਸਾਂਦਿਆਂ ਆਖਿਆ ਕਿ 90% ਅਧਿਆਪਕਾਂ ਨੂੰ ਇਹ ਪਤਾਂ ਈ ਨਹੀਂ ਕਿ ਕੌਮ ਦੇ ਉਸਰਈਆਂ ਵਜੋਂ ਉਹਨਾਂ ਦਾ ਕੀ ਰੋਲ ਹੈ। ਬਾਕੀ ਜਾਣਕਾਰ 10% ਅਧਿਆਪਕ ਵੀ ਆਰਥਿਕਤਾ ਦੀ ਘੁਮਣ-ਘੇਰੀ ਅੰਦਰ ਹੀ ਸੰਘਰਸ਼-ਸ਼ੀਲ ਹਨ। ਉਹਨਾਂ ਸੁਝਾ ਦਿੱਤਾ ਕਿ ਜੇ 40 ਮਿੰਟਾਂ ਵਿਚੋਂ ਪੰਜ ਮਿੰਟ ਵੀ ਅਧਿਆਪਕ ਵਿਦਿਆਰਥੀਆਂ ਨੂੰ ਅਪਣੇ ਢੰਗ ਨਾਲ ਸ਼ਿਖਸ਼ਤ ਕਰਨ ਦਾ ਉਪਰਾਲਾ ਕਰਨ ਤਾਂ ਬਹੁਤ ਛੇਤੀ ਲੋੜੀਂਦੀ ਤਬਦੀਲੀ ਵਲ ਵਧਿਆ ਜਾ ਸਕਦਾ ਹੈ।

ਵਿਦਿਆਰਥੀਆਂ ਦੇ ਰੋਲ ਉੱਤੇ ਵੀ ਉਹਨਾਂ ਗਿਲਾ ਪ੍ਰਗਟਾਇਆ ਕਿ ਵਿਦਿਆਰਥੀ ਜਥੇਬੰਦੀਆਂ ਦਾ, ਪਾਠ-ਕਰਮ ਦੀ ਇਕਸਾਰਤਾ, ਮੁਫ਼ਤ ਵਿਦਿਆ ਅਤੇ ਇਸ ਦੇ ਕੌਮੀਕਰਨ ਦੀ ਮੰਗ ਵਲ ਉੱਕਾ ਹੀ ਧਿਆਨ ਨਹੀਂ ਹੈ। ਉਹਨਾਂ ਨੂੰ ਸੰਬੰਧਤ ਸਿਆਸੀ ਪਾਰਟੀਆਂ ਦੀਆਂ ਮੰਗਾਂ ਪਿੱਛੇ ਲੱਗਣ ਤੋਂ ਪਹਿਲਾਂ, ਉਪਲੱਬਧ ਸਮਗਰੀ ਪ੍ਰਾਪਤ ਕਰਕੇ ਹੋਰ ਸੂਝ ਬੂਝ ਵਧਾਉਣੀ ਚਾਹੀਦੀ ਹੈ, ਅਤੇ ਆਪਣੀ ਸ਼ਕਤੀ ਅਤੇ ਸਮੇਂ ਦੀ ਸੁਯੋਗ ਵਰਤੋਂ ਕਰਨੀ ਚਾਹੀਦੀ ਹੈ।

ਅੰਤ ਵਿਚ ਉਹਨਾਂ ਬੜੇ ਹੀ ਆਸ-ਭਰਪੂਰ ਵਿਸ਼ਵਾਸ਼ ਨਾਲ ਨਿਰਨਾ ਕੀਤਾ ਕਿ ਰਾਜਨੀਤੀ ਦੇ ਪ੍ਰਭਾਵੇਂ ਹੇਠ ਅਜੋਕਾ ਸਮਾਜਿਕ ਢਾਂਚਾ ਅਤੇ ਮੌਜੂਦਾ ਸਥਾਪਤੀ, ਸਲੇਬਸ ਦੇ ਭਾਰ ਨਾਲ, ਬੇਕਾਰੀ ਦਾ ਹਓਆ ਖੜਾ ਕਰਕੇ, ਅਠਾਰਾਂ ਸਾਲ ਤੱਕ ਵੋਟ ਦੇਣ ਦੇ ਅਧਿਕਾਰ ਤੋਂ ਇਨਕਾਰੀ ਹੋ ਕੇ ਵੀ, ਆਉਣ ਵਾਲੀ ਪੀੜੀ ਤੋਂ ਉਸ ਦਾ ਭਵਿਖ ਨਹੀਂ ਖੋਹ ਸਕਦੀ, ਕਿਉਂ ਕਿ ਅਜੋਕੇ ਪ੍ਰਬੰਧ ਤੋਂ ਹੁਣ ਦੀ ਪੀੜੀ ਨੂੰ ਜਿੰਨਾ ਅਕੇਵਾਂ ਹੋ ਚੁੱਕਾ ਹੈ ਆਉਣ ਵਾਲੀ ਪੀੜੀ ਇਸ ਤੋਂ ਵੀ ਵੱਧ ਅਕੇਵਾਂ ਮਹਿਸੂਸ ਕਰੇਗੀ। ਅੱਜ ਮਾਂ ਪਿਓ ਜਿਸ ਬੱਚੇ ਨੂੰ 'ਵਿਗੜ ਚੁੱਕਾ' ਗਰਦਾਨਦੇ ਹਨ, ਅਸਲ ਵਿਚ ਉਹ ਆਪਣੇ ਆਲੇ-ਦੁਆਲੇ ਤੋਂ ਸੁਚੇਤ ਹੋ ਕੇ 'ਸੱਭ-ਅੱਛਾ' ਕਬੂਲਣ ਤੋਂ ਇਨਕਾਰੀ ਹੈ, ਜੋ ਕਿ ਆਉਂਦੇ ਸਮੇਂ ਵਿਚ ਹੋਣ ਵਾਲੀ ਕਿਸੇ ਮਹਾਨ ਤਬਦੀਲੀ ਦਾ ਸ਼ੁਭ-ਸ਼ਗਨ ਹੈ।

ਬੇਰੁਜ਼ਗਾਰ ਅਧਿਆਪਕ ਜੱਥੇਬੰਦੀ ਦੀ ਜਸਪਾਲ ਕੌਰ 'ਮੁਛਿਆਨਾ' ਸਰਕਾਰੀ ਹਾਈ ਸਕੂਲ ਮਹਿਤਾਬਪੁਰ (ਹੁਸ਼ਿਆਰਪੁਰ) ਦੇ ਨਿੱਘਰ ਰਹੀ ਅਜੋਕੀ ਵਿਦਿਆ ਪ੍ਰਣਾਲੀ ਬਾਰੇ ਵਿਚਾਰ :

ਜਿੱਥੇ ਵਿਦਿਆ ਨੂੰ ਤੀਜਾ ਨੇਤਰ ਅਤੇ ਚਾਨਣ-ਮੁਨਾਰਾ ਆਖਿਆ ਜਾਂਦਾ ਹੈ, ਉਥੇ ਅਜੋਕੇ ਯੁੱਗ ਵਿਚ ਵਿਦਿਆ ਮੱਸਿਆ ਦੀ ਰਾਤ ਜਿਹਾ ਹਨੇਰਾ ਬਣ ਕੇ ਰਹਿ ਗਈ ਹੈ। ਜਿਸ ਵਿਚ ਵਿਦਿਆਰਥੀ ਅੰਨ੍ਹੇਵਾਹ ਹੱਥ-ਪੈਰ ਮਾਰਦਾ ਹੋਇਆ ਖੂਹਾਂ-ਖਾਤਿਆਂ ਵਿਚ ਜਾ ਡਿਗਦਾ ਹੈ। ਇਸ ਦਾ ਕਾਰਨ ਸਾਡੀ ਦੋਸ਼-ਪੂਰਨ ਪ੍ਰਣਾਲੀ ਹੈ।

(1) ਸੁਕੂਲਾਂ ਵਿਚ ਅਧਿਆਪਕਾਂ ਦਾ ਘਟ ਗਿਣਤੀ ਹੋਣ ਕਰਕੇ ਅਧਿਆਪਕ ਹਰੇਕ ਬੱਚੇ ਵੱਲ ਪੂਰਾ ਧਿਆਨ ਨਹੀਂ ਦੇ ਸਕਦੇ। ਕਈਆਂ ਸਕੂਲਾਂ ਵਿਚ ਇਹ ਅਨੁਪਾਤ 1 : 80 ਹੈ, ਜਿਥੇ ਸਿੰਗਲ-ਟੀਚਰ ਸਕੂਲ ਹਨ, ਉਥੇ ਹਾਲ ਇਸ ਤੋਂ ਵੀ ਮਾੜਾ ਹੈ।

(2) ਹਰ ਅਧਿਆਪਕ ਇਕ ਦੋ ਵਿਸ਼ੇ ਦਾ ਮਾਹਿਰ ਹੋ ਸਕਦਾ ਹੈ, ਪਰ ਸਕੂਲਾਂ ਅੰਦਰ ਅਨੇਕ ਹੋਰ ਵਿਸ਼ਿਆਂ ਨੂੰ ਵੀ ਦੇਖਣਾ ਪੈਂਦਾ ਹੈ, ਜਿਹਨਾਂ ਵਿਚ ਉਹ ਨਿਪੁੰਨ ਨਹੀਂ ਹੁੰਦਾ।

(3) ਅਧਿਆਪਕ ਅਤੇ ਵਿਦਿਆਰਥੀ ਦਾ ਨੇੜੇ ਦਾ ਰਿਸ਼ਤਾ ਹੋਣਾ ਚਾਹੀਦਾ ਹੈ, ਤਾਂ ਕਿ ਬੱਚੇ ਦੀ ਚੰਗੀ ਤਰ੍ਹਾਂ ਘੋਖ ਪੜਤਾਲ ਹੋ ਸਕੇ ਅਤੇ ਉਸਦੀ ਰੁੱਚੀ ਜਾਣੀ ਜਾ ਸਕੇ। ਇਹ ਤਾਂ ਹੀ ਸੰਭਵ ਹੈ ਜੇ ਅਨੁਪਾਤ 1 : 25 ਹੋਵੇ।

(4) ਪ੍ਰਾਇਮਰੀ ਦੀ ਪੜ੍ਹਾਈ ਨਿਖਿੱਧ ਹੋਣ ਕਰਕੇ ਰੇਤ ਦੀਆਂ ਨੀਹਾਂ ਉੱਤੇ ਮਹਿਲ ਨਹੀਂ ਉਸਾਰੇ ਜਾ ਸਕਦੇ। ਕਿਸੇ ਵੀ ਵਿਦਿਆਰਥੀ ਨੂੰ ਫੇਲ੍ਹ ਨਾਂਹ ਕਰਨ ਕਾਰਨ ਪ੍ਰਾਇਮਰੀ ਅਧਿਆਪਕ ਨੂੰ ਜੁਮੇਦਾਰੀ ਤੋਂ ਮੁਕਤ ਕਰਨਾ ਹੈ।

(5) ਅਧਿਆਪਕਾਂ ਦੀ ਨੌਕਰੀ ਸੁਰਖਿਅਤ ਨਾ ਹੋਣ ਕਾਰਨ ਵੀ ਉਹ ਚਿੰਤਾਤੁਰ ਰਹਿੰਦੇ ਹਨ, ਕਿਓਂ ਨਿਯੁਕਤੀ ਦੇ ਆਡਰਾਂ ਉਪਰ ਲਿਖਿਆ 'ਪਿਊਰਲੀ ਟੈਂਪਰੇਰੀ' ਅੱਖਰ ਉਹਨਾਂ ਦੇ ਸਿਰ ਤੇ ਨੰਗੀ ਤਲਵਾਰ ਦੀ ਤਰ੍ਹਾਂ ਲਟਕਦਾ ਰਹਿੰਦਾ ਹੈ। ਦੂਜੇ 89 ਦਿਨ ਲਈ ਭਰਤੀ ਕੀਤੇ ਅਧਿਆਪਕ ਵੀ ਪੂਰੀ ਲਗਨ ਨਾਲ ਨਹੀਂ ਪੜ੍ਹਾ ਸਕਦੇ। ਕਿਉਂਕਿ ਅਗਲੀ ਤਿਆਰੀ ਲਈ ਆਡਰ ਅਤੇ ਸਕੂਲ ਵਾਲੀ ਥਾਂ ਨਵਿਆਉਣ ਦਾ

ਫਿਕਰ ਉਹਨਾਂ ਦਾ ਮਾਨਸਿਕ ਸੰਤੁਲਣ ਕਾਇਮ ਨਹੀਂ ਰਹਿਣ ਦਿੰਦਾ।

(6) ਸਰਕਾਰ ਵਲੋਂ ਹੁਣੇ ਹੁਣੇ ਦਿੱਤਾ ਬਿਆਨ 'ਸਕੂਲ ਪ੍ਰਬੰਧ ਪੰਚਾਇਤਾਂ ਨੂੰ ਦੇਣ ਬਾਰੇ' ਵੀ ਸਰਕਾਰ ਦੇ ਦੀਵਾਲੀਏ ਦਾ ਪ੍ਰਗਟਾ ਹੈ। ਇਸ ਨਾਲ ਸਕੂਲਾਂ ਅੰਦਰ ਸਿਆਸੀ ਧੜੇਬੰਦੀ ਅਤੇ ਬੇਲੋੜੀ ਦਖ਼ਲ-ਅੰਦਾਜ਼ੀ ਵਧੇਗੀ ਅਤੇ ਪੱਧਰ ਹੋਰ ਨੀਵਾਂ ਹੋਵੇਗਾ।

(7) ਹਰ ਖੇਤਰ ਵਿਚ ਅਸਮਾਨ ਛੂੰਹਦਾ ਭ੍ਰਿਸ਼ਟਾਚਾਰ, ਹੁਣ ਇਸ ਖੇਤਰ ਵਿਚ ਵੀ ਆਪਣੇ ਜੌਹਰ ਦਿਖਾ ਰਿਹਾ ਹੈ। ਡਿਗਰੀਆਂ ਦੁਕਾਨਾਂ ਤੋਂ ਮੂਲੀਆਂ ਗਾਜਰਾਂ ਵਾਂਗ ਖਰੀਦੀਆਂ ਜਾ ਸਕਦੀਆ ਹਨ, ਪੋਸਟਾਂ ਦਾ ਮੁੱਲ ਤਰਦਾ ਹੈ ਅਤੇ ਸਿੱਟੇ ਵਜੋਂ ਅਯੋਗ ਵਿਅਕਤੀ ਪ੍ਰਬੰਧਕੀ ਕੁਰਸੀਆਂ ਤੇ ਬਿਰਾਜ ਜਾਂਦੇ ਹਨ।

(8) ਅਜੋਕੀ ਵਿਦਿਅਕ ਪ੍ਰਣਾਲੀ, ਕੇਵਲ ਲੁਟੇਰੀ ਜਮਾਤ ਦਾ ਹੱਥ-ਠੋਕਾ ਹੀ ਹੈ, ਵਿਦਿਆਰਥੀਆਂ ਦਾ ਕੁਝ ਨਹੀਂ ਸੁਆਰਦੀ ਕੋਈ ਵੀ ਵਿਦਿਆਰਥੀ ਆਪਣੀ ਰੁੱਚੀ ਅਨੁਸਾਰ ਆਪਣਾ ਆਪ ਢਾਲ ਨਹੀਂ ਸਕਦਾ।

(9) ਮਜ਼ਮੂਨਾਂ ਦਾ ਬੇਲੋੜਾ ਭਾਰ ਵੀ ਵਿਦਿਆ-ਰਥੀਆ ਦੀ ਪਲਪਣ ਸ਼ਕਤੀ ਨੂੰ ਮਾਰਦਾ ਹੈ। ਸੋ ਪੁਰਾਣੇ ਰਾਜਿਆਂ ਮਹਾਂ ਰਾਜਿਆਂ ਦੀ ਐਸ਼ ਪਰਸਤੀ ਦਾ ਇਤਿਹਾਸ ਫਜ਼ੂਲ ਦਾ ਬੋਝ ਹੈ। ਸੋਲਾਂ ਸਾਲ ਭਾਵ ਐਮ. ਏ. ਦੀ ਡਿਗਰੀ ਤੱਕ ਦੀ ਪੜ੍ਹਾਈ ਵਿਚ ਕੇਵਲ ਥਿਊਰੀ ਹੀ ਥਿਊਰੀ ਹੈ, ਅਮਲੀ ਰੂਪ ਵਿਚ ਕੁਝ ਵੀ ਨਹੀਂ।

(10) ਪੜ੍ਹ ਲਿਖ ਕੇ ਮਿਲਣੀ 'ਬੇਕਾਰੀ' ਦਾ ਤੋਹਫਾ ਵਿਦਿਆਰਥੀਆਂ ਨੂੰ ਪੜ੍ਹਾਈ ਵਲ ਖਿੱਚਣ ਤੋਂ ਰੋਕਦਾ ਹੈ। ਕਿਉਂਕਿ ਆਰਥਿਕਤਾ ਨਾਲ ਬੱਝੀ ਮਾਨੁਖਤਾ ਦੇ ਇਸ ਵਰਗ ਨੂੰ ਨਿਰਾਸ਼ਤਾ ਦਾ ਮੂੰਹ ਦੇਖਣਾ ਪੈਂਦਾ ਹੈ।

(11) ਅਨਪੜ੍ਹ ਤੇ ਗਰੀਬ ਮਾਪੇ ਵੀ ਆਪਣੇ ਬੱਚਿਆਂ ਦੀ ਦੇਖ-ਭਾਲ ਅਤੇ ਨਿਗਰਾਨੀ ਠੀਕ ਢੰਗ ਨਾਲ ਨਹੀਂ ਕਰ ਸਕਦੇ।

(12) ਗਰੀਬ ਵਰਗ ਦੇ ਬੱਚੇ ਆਮ ਸਰਕਾਰੀ ਸਕੂਲਾਂ ਵਿਚ ਬਿਨਾਂ ਕਿਸੇ ਉਦੇਸ਼ ਦੇ ਟੱਕਰਾਂ ਮਾਰਦੇ ਮਾਰਦੇ ਆਖਿਰ ਹਾਰ ਥੱਕ ਕੇ ਪਿਤਾ-ਪੁਰਖੀ ਕੰਮੀ ਲੱਗ ਜਾਂਦੇ ਹਨ, ਤੇ ਕੁਝ ਕੁ ਨਕਲ ਆਦਿ ਦੀ ਸਹਾਇਤਾ ਨਾਲ 2 ਕੁਝ ਇਕ ਇਮਤਿਹਾਨ ਪਾਸ ਕਰਕੇ ਬੇਕਾਰੀ ਦੀ ਚੱਕੀ ਵਿਚ ਪਿਸਣਾ ਸ਼ੁਰੂ ਕਰ ਦੇਂਦੇ ਹਨ!

ਇਸ ਸਾਡੀ ਅਧੋਗਤੀ ਨੂੰ ਸਧਾਰਿਆ ਨਹੀਂ ਜਾ ਸਕਦਾ। ਨਵਾਂ ਸਮਾਜਿਕ ਢਾਂਚਾ ਹੀ ਬਦਲ ਸਕੇਗਾ।

ਵਿਚਾਰ ਇਕਠੇ ਕਰਤਾ—ਲਾਲ ਸਿੰਘ ਦਸੂਹਾ

o

## 2. ਸਮਤਾ ਬਾਰੇ

(ੳ) ਅਸੀਂ ਕਾਫ਼ੀ ਦੇਰ ਤੋਂ ਸਮਤਾ ਅਤੇ ਹੋਰ ਇਨਕਲਾਬੀ ਪੇਪਰ ਪੜ੍ਹਦੇ ਆ ਰਹੇ ਹਾਂ। ਸਮਤਾ ਵਿੱਚ ਦਿੱਤੇ ਲੇਖ, ਕਹਾਣੀਆਂ ਅਤੇ ਕਵਿਤਾਵਾਂ ਆਦਿ ਬਹੁਤ ਸਲਾਹੁਣ ਯੋਗ ਹੁੰਦੇ ਹਨ। ਤੁਸੀਂ ਆਪਣੇ ਪੇਪਰ 'ਸਮਤਾ' ਰਾਹੀਂ ਜਮਹੂਰੀ ਲਹਿਰ ਵਿਚ ਕਾਫ਼ੀ ਯੋਗਦਾਨ ਪਾ ਰਹੇ ਹੋ। ਜਿਵੇਂ ਕਿ ਫਰਵਰੀ 82 ਦੇ ਅੰਕ ਵਿਚ ਛਪੇ ਕਾਲੇ ਧਨ ਬਾਰੇ ਆਈ. ਐਮ. ਐਫ. ਅਤੇ 'ਹਮੈਤੀ' ਨਾਉਂ ਦੀ ਕਹਾਣੀ ਕਾਫ਼ੀ ਜਾਣਕਾਰੀ ਭਰਪੂਰ ਸਨ। ਮਾਰਚ 82 ਦੇ ਅੰਕ ਵਿਚ ਜਿੱਥੇ ਬਾਕੀ ਰਚਨਾਵਾਂ ਕਹਾਣੀ ਪੜਤਾਲ ਦੇ ਤਿੰਨ ਨੰਬਰ' ਸੰਪਾਦਕੀ ਆਦਿ ਕਾਫ਼ੀ ਜਾਣਕਾਰੀ ਭਰਪੂਰ ਹਨ ਉਥੇ ਸੰਪਾਦਕੀ ਨੰਬਰ 2 'ਸ਼ਬਦਾਂ ਨਾਲ ਅਨਅਰਥ' ਵਿਚ ਤੁਸੀਂ ਸਾਇੰਸ ਦੀਆਂ ਪ੍ਰਾਪਤੀਆਂ ਦੀ ਮਿਸਾਲ ਦੇ ਕੇ ਸੋਧਵਾਦ ਅਤੇ ਆਦਰਸ਼ਵਾਦ ਦੇ ਸ਼ਬਦੀ ਅਰਥਾਂ ਨੂੰ ਅਧਾਰ ਬਣਾ ਕੇ ਇਹ ਸਮਝ ਪ੍ਰਗਟਾਈ ਹੈ ਕਿ ਇਹਨਾਂ ਦੋਨਾਂ ਨੂੰ ਨਾ ਅਪਨਾਉਣਾ ਕਮਿਊਨਿਸਟਾਂ ਦੀ ਬੱਜਰ ਗਲਤੀ ਹੈ। ਤੁਹਾਡੇ ਇਹਨਾਂ ਵਿਚਾਰਾਂ ਤੋਂ ਸਾਫ਼ ਸਪੱਸ਼ਟ ਹੁੰਦਾ ਹੈ ਕਿ ਅਜੋਕੀ ਸੰਸਾਰ ਕਮਿਊਨਿਸਟ ਲਹਿਰ ਅੰਦਰ ਸੰਕਟ ਤੇ ਟੁੱਟ-ਫੁੱਟ ਸੋਧਵਾਦ ਅਤੇ ਆਦਰਸ਼ਵਾਦ ਨੂੰ ਨਾ ਅਪਨਾਉਣ ਕਰਕੇ ਹੈ। ਤੁਹਾਡੇ ਵਿਚਾਰ ਮਾਰਕਸ਼-ਵਾਦ-ਲੈਨਿਨਵਾਦ ਦੀ ਸ਼ਬਦਾਵਲੀ ਨਾਲ ਮੇਲ ਨਹੀਂ ਖਾਂਦੇ। ਅਸੀਂ ਸਮਝਦੇ ਹਾਂ ਕਿ ਸੰਕਟ ਉਪ੍ਰੋਕਤ ਕਾਰਨ ਕਰਕੇ ਨਹੀਂ ਬਲਕਿ ਕਮਿਊਨਿਸਟਾਂ ਵਲੋਂ ਕੀਤੇ ਅਮਲ ਦਾ ਸ਼ਮਾਜਕ ਹਕੀਕਤਾ ਨਾਲ ਮੇਲ ਨਾਂ ਖਾਣਾ ਸੰਕਟ ਦਾ ਮੂਲ ਕਾਰਨ ਹੈ। ਸੋ ਅਸੀਂ ਆਪ ਜੀ ਨੂੰ ਅਪੀਲ ਕਰਦੇ ਹਾਂ ਕਿ ਤੁਸੀਂ ਇਸ ਗਲਤ ਸਮਝ ਨੂੰ ਆਉਣ ਵਾਲੇ ਪਰਚੇ ਵਿਚ ਠੀਕ ਕਰ ਦਿਉਗੇ

ਦੂਸਰਾ ਸਫ਼ਾ 8 ਤੇ ਮਿੰਦਰ ਪਾਲ ਭੱਠਲ ਦੀ ਪੋਸਟਰ ਕਵਿਤਾ 'ਸਾਂਝਾ ਬਿਆਨ' ਛਾਪੀ ਹੈ। ਜਿਸ ਵਿਚ ਉਸ ਨੇ ਇਨਕਲਾਬੀ ਲਹਿਰ ਦਾ ਮਜ਼ਾਕ ਉਡਾਇਆ ਹੈ ਕਿ ਕਮਿਊਨਿਸਟਾਂ ਨੂੰ ਆਪਸੀ ਕਿਤਾਬੀ ਬਹਿਸ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਰਿਹਾ। ਉਸ ਨੂੰ ਲੋਕਾਂ ਵੱਲੋਂ ਲੜੇ ਜਾ ਰਹੇ ਲੋਕ ਘੋਲਾਂ ਦੀ ਜਵਾਲਾ ਦਿਖਾਈ ਨਹੀਂ ਦੇ ਰਹੀ। ਅਸੀਂ ਆਸ ਕਰਦੇ ਹਾਂ ਕਿ ਤੁਸੀਂ ਅਜਿਹੀਆਂ ਲਿਖਤਾਂ ਛਾਪਣ ਤੋਂ ਗੁਰੇਜ਼ ਕਰੋਗੇ ਤੇ ਦੋਨਾਂ ਇਤਰਾਜ਼ਾਂ ਨੂੰ ਸਪਸ਼ਟ ਕਰੋਗੇ।

ਰਣਜੀਤ ਸਿੰਘ, ਧਰਮਪਾਲ 'ਯਾਦਵ', ਹਰਚਰਨ ਸਿੰਘ ਤੇ ਹੋਰ ਸਾਥੀ।

ਪਾਠਕ ਲੇਖਕ ਫੋਰਮ ਬਾਕੀ ਸਫਾ 5 ਦੇਖੋ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼ 23-ਮਹਾਂ ਸਿੰਘ ਗੇਟ ਮਾਰਕੀਟ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ: ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖਾਲਸਾ ਕਾਲਜ, ਕਾਲਜ ਅੰਮ੍ਰਿਤਸਰ—143002: ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 100 ਰੁਪਏ।